ਪੰਜਾਬੀ ਪਰਿਆਇ-ਵਿਪਰਿਆਇ ਕੋਸ਼

ਪੰਜਾਬੀ ਯੂਨੀਵਰਸਿਟੀ ਪਟਿਆਲਾ

ਵਿਦਿਆ ਵੀਚਾਰੀ ਤਾਂ ਪਰਉਪਕਾਰੀ

PUNJABI UNIVERSITY PATIALA

ਪੰਜਾਬੀ ਯੂਨੀਵਰਸਿਟੀ ਪਟਿਆਲਾ

ਪੰਜਾਬ ਯੂਨੀਵਰਸਿਟੀ (ਡੀ.)
ਚੰਡੀਗੜ੍ਹ — 18 [illegible] 1972

ਪੰਜਾਬੀ ਪਰਿਆਇ ਤੇ ਵਿਪਰਿਆਇ ਕੋਸ਼

ਸੰਪਾਦਕ

ਪ੍ਰੋ. ਗੁਲਵੰਤ ਸਿੰਘ

ਪ੍ਰੋ. ਪ੍ਰੇਮ ਪ੍ਰਕਾਸ਼ ਸਿੰਘ

ਪ੍ਰੋ. ਜੀਤ ਸਿੰਘ ਸੀਤਲ

ਪੰਜਾਬੀ ਯੂਨੀਵਰਸਿਟੀ, ਪਟਿਆਲਾ

1968

ਪ੍ਰੋ. ਗੁਲਵੰਤ ਸਿੰਘ
ਪ੍ਰੋ. ਪ੍ਰੇਮ ਪ੍ਰਕਾਸ਼ ਸਿੰਘ
ਪ੍ਰੋ. ਜੀਤ ਸਿੰਘ ਸੀਤਲ

ਅਪ੍ਰੈਲ 1968
2200

ਸਰਦਾਰ ਅਮਰੀਕ ਸਿੰਘ ਰਜਿਸਟ੍ਰਾਰ ਪੰਜਾਬੀ ਯੂਨੀਵਰਸਿਟੀ ਦੁਆਰਾ ਪ੍ਰਕਾਸ਼ਿਤ ਅਤੇ ਰੋਕਸੀ ਪ੍ਰੈਸ, ਲੁਧਿਆਣਾ ਦੁਆਰਾ ਮੁਦ੍ਰਿਤ।

ਦੋ ਸ਼ਬਦ

ਦੇਸ ਦੀ ਆਜ਼ਾਦੀ ਦੇ ਨਾਲ ਦੇਸ ਦੀਆਂ ਭਾਸ਼ਾਵਾਂ ਦੇ ਭਾਗ ਵੀ ਜਾਗੇ ਅਤੇ ਉਹ ਆਪਣੇ ਆਪਣੇ ਖੇਤਰ ਵਿਚ ਜੀਵਨ ਤੇ ਸਿਖਿਆ ਦੇ ਹਰ ਪਹਿਲੂ ਤੇ ਪਖ ਵਿਚ ਵਧੇਰੇ ਵਰਤੀਆਂ ਜਾਣ ਲਗੀਆਂ । ਇਲਾਕਾਈ ਭਾਸ਼ਾਵਾਂ ਨੂੰ ਯੋਗ ਸਥਾਨ ਪ੍ਰਾਪਤ ਹੋਣ ਕਾਰਣ ਉਨ੍ਹਾਂ ਦੀਆਂ ਜ਼ਿਮੇਂਦਾਰੀਆਂ ਵੀ ਵਧ ਗਈਆਂ । ਉਨ੍ਹਾਂ ਨੂੰ ਅਜੇਹੀਆਂ ਜ਼ਿਮੇਂਦਾਰੀਆਂ ਨਿਭਾਉਣ ਲਈ ਸ਼ਕਤੀਸ਼ਾਲੀ, ਸਰਵ ਸਮਰੱਥ ਤੇ ਲੋੜ ਅਨੁਸਾਰ ਉੱਨਤ ਹੋਣ ਦੀ ਲੋੜ ਹੈ, ਤਾਂ ਹੀ ਉਹ ਉੱਚ ਤੋਂ ਉੱਚ ਸਿਖਿਆ ਤੇ ਵਡੇ ਤੋਂ ਵਡੇ ਕਾਰਜ ਖੇਤਰ ਵਿਚ ਪ੍ਰਭਾਵਸ਼ਾਲੀ ਢੰਗ ਨਾਲ ਵਰਤਣ ਯੋਗ ਹੋ ਸਕਣਗੀਆਂ ।

ਪੰਜਾਬ ਰਾਜ ਨੇ 1968 ਦੀ ਸ਼ੁਭ ਵੈਸਾਖੀ ਤੋਂ ਪੰਜਾਬੀ ਨੂੰ ਰਾਜ ਪੱਧਰ ਤਕ ਜਾਰੀ ਕਰਨ ਦਾ ਸ਼ਲਾਘਾ ਭਰਿਆ ਫੈਸਲਾ ਕੀਤਾ ਹੈ । ਰਾਜ ਦੇ ਕੰਮ ਕਾਜ ਨੂੰ ਪਹਿਲਾਂ ਵਾਂਗ ਸਹਜੇ ਤੇ ਸੌਖੇ ਤ੍ਰੀਕੇ ਨਾਲ ਚਲਾਉਣ ਗਈ ਕੋਸ਼ਾਂ, ਸ਼ਬਦਾਵਲੀਆਂ ਤੇ ਮਾਰਗ ਦਰਸ਼ਨੀ ਗ੍ਰੰਥਾਂ ਤੇ ਸੰਕੇਤ ਪੁਸਤਕਾਂ ਦੀ ਲੋੜ ਪੈਣੀ ਹੈ । ਪੰਜਾਬੀ ਵਿਚ ਹਾਲੀ ਹਵਾਲਾ ਗ੍ਰੰਥ ਤੇ ਸ਼ਬਦ-ਕੋਸ਼ ਬਹੁਤ ਥੋੜੇ ਹਨ । ਇਸ ਥੁੜ ਨੂੰ ਮੁਖ ਰਖ ਕੇ ਯੂਨੀਵਰਸਿਟੀ ਨੇ ਇਹ ਉਚਿਤ ਸਮਝਿਆ ਕਿ ਲੋੜੀਂਦੇ ਪੰਜਾਬੀ-ਪੰਜਾਬੀ ਕੋਸ਼, ਅੰਗਰੇਜ਼ੀ-ਪੰਜਾਬੀ ਕੋਸ਼, ਮੁਹਾਵਰਾ ਤੇ ਅਖਾਣ ਕੋਸ਼ **ਅਤੇ** ਪਰਿਆਇ ਤੇ ਵਿਪਰਿਆਇ ਕੋਸ, ਆਦਿ ਤਿਆਰ ਕਰਵਾ ਕੇ ਸ਼ੀਘਰ ਪ੍ਰਕਾਸ਼ਤ ਕੀਤੇ ਜਾਣ ਤਾਂ ਜੋ ਵੈਸਾਖੀ ਵਾਲੇ ਦਿਨ ਇਹ ਹਰ ਕਰਮਚਾਰੀ ਅਧਿਕਾਰੀ ਪਾਠਕ, ਵਿਦਿਆਰਥੀ ਤੇ ਅਧਿਆਪਕ ਦੇ ਹੱਥਾਂ ਵਿਚ ਹੋਣ ਅਤੇ ਉਹ ਆਪਣੇ ਜ਼ਿਮੇਂ ਲਗਾ ਕੰਮ ਸੌਖੇ ਹੀ ਨਿਭਾਉਂਦੇ ਰਹ ਸਕਣ ।

ਭਾਵੇਂ ਸਾਡੇ ਪਾਸ ਸਮਾਂ ਤੇ ਸਾਧਨ ਥੋੜ੍ਹੇ ਸਨ, ਪਰ ਮੈਨੂੰ ਇਹ ਦਸਣ ਵਿਚ ਅਤਿ ਪ੍ਰਸੰਨਤਾ ਹੁੰਦੀ ਹੈ, ਕਿ ਯੂਨੀਵਰਸਿਟੀ ਦੇ ਜਿਨ੍ਹਾਂ ਕਰਮਚਾਰੀਆਂ ਜਾ ਅਧਿਕਾਰੀਆਂ ਨੂੰ ਉਪ੍ਰੋਕਤ ਕੰਮ ਸੌਂਪੇ ਗਏ, ਉਨ੍ਹਾਂ ਬੜੀ ਸਾਵਧਾਨੀ, ਸਿਆਣਪ ਤੇ ਲਗਨ ਨਾਲ ਇਨ੍ਹਾਂ ਨੂੰ ਨੇਪਰੇ ਚਾੜ੍ਹਿਆ ਹੈ ਅਤੇ ਅਸੀਂ ਆਪਣੇ ਇਕਰਾਰ ਮੁਤਾਬਕ, ਇਹ ਗ੍ਰੰਥ ਵੈਸਾਖੀ ਦੇ ਇਤਿਹਾਸਕ ਦਿਵਸ ਉਤੇ ਪੰਜਾਬੀ-ਜਗਤ ਨੂੰ ਭੇਟਾ ਕਰਨ ਜੋਗ ਹੋ ਸਕੇ ਹਾਂ ।

'ਪੰਜਾਬੀ ਪਰਿਆਇ ਤੇ ਵਿਪਰਿਆਇ ਕੋਸ਼' ਵੀ ਉਸੇ ਵਿਉਂਤ ਦੀ ਇਕ ਕੜੀ ਹੈ । ਪੰਜਾਬੀ ਵਿਚ ਅਜੇ ਤਕ ਇਸ ਪਾਸੇ ਕੋਈ ਕੰਮ ਨਹੀਂ ਹੋਇਆ ਅਤੇ ਇਹ ਪਹਿਲੀ ਵਾਰ ਹੈ, ਜਦ ਕਿ ਪੰਜਾਬੀ ਯੂਨੀਵਰਸਿਟੀ ਅਜੇਹਾ ਕੋਸ਼ ਤਿਆਰ ਕਰਕੇ ਪੰਜਾਬੀ ਪ੍ਰੇਮੀਆਂ ਨੂੰ ਭੇਟਾ ਕਰ ਰਹੀ ਹੈ ।

ਇਸ ਕੋਸ਼ ਦਾ ਕੰਮ ਸੰਪਾਦਕੀ ਬੋਰਡ ਨੂੰ ਸੌਂਪਿਆ ਗਇਆ ਸੀ । ਪ੍ਰੋ. ਗੁਲਵੰਤ ਸਿੰਘ, ਪ੍ਰੋ. ਪ੍ਰੇਮ ਪ੍ਰਕਾਸ਼ ਸਿੰਘ ਤੇ ਡਾ. ਜੀਤ ਸਿੰਘ ਸੀਤਲ ਇਸ ਬੋਰਡ ਦੇ ਮੈਂਬਰ ਨਿਯੁਕਤ ਕੀਤੇ ਗਏ ਸਨ ।

ਮੈਨੂੰ ਹਾਰਦਿਕ ਖੁਸ਼ੀ ਹੈ ਕਿ ਬੋਰਡ ਨੇ ਨੇਕਨੀਤੀ ਤੇ ਪੂਰੀ ਘਾਲਣਾ ਸਹਤ ਇਸ ਕੰਮ ਨੂੰ ਸੰਪੂਰਣ ਕੀਤਾ ਹੈ ਅਤੇ ਪੰਜਾਬੀ ਵਿਚ ਅਜੇਹਾ, ਕੋਸ਼ ਪਹਲੀ ਵਾਰ ਤਿਆਰ ਕੀਤਾ ਹੈ।

ਮੈਨੂੰ ਪੂਰਨ ਆਸ ਹੈ, ਕਿ ਪੰਜਾਬੀ ਸੰਸਾਰ ਇਸ ਕੋਸ਼ ਦਾ ਯੋਗ ਮੁਲ ਪਵੇਗਾ ਅਤੇ ਇਸ ਦਾ ਵੱਡਾ ਸੁਆਗਤ ਕਰੇਗਾ। ਜੇਕਰ ਇਸ ਕੰਮ ਵਿਚ ਇਹ ਕੋਸ਼ ਸਫਲ ਹੋ ਗਇਆ ਤਾਂ ਮੈਂ ਸਮਝਾਂਗਾ, ਕਿ ਸਾਡੀ ਘਾਲ ਥਾਂਇ ਪਈ ਹੈ ਅਤੇ ਪੰਜਾਬੀ ਕੋਸ਼-ਸਾਹਿਤ ਦਾ ਚਿਰੋਕਾ ਘਾਟਾ ਪੂਰਾ ਹੋ ਗਇਆ ਹੈ।

ਪਟਿਆਲਾ,
5 ਅਪ੍ਰੈਲ, 1968

ਕ੍ਰਿਪਾਲ ਸਿੰਘ ਨਾਰੰਗ
ਵਾਈਸ ਚਾਂਸਲਰ
ਪੰਜਾਬੀ ਯੂਨੀਵਰਸਿਟੀ

ਵਿਉਂਤ ਤੇ ਤਰਤੀਬ

1, ਅੰਗ੍ਰੇਜ਼ੀ ਦੇ ਰੋਜੈਟਸ ਪਰਿਆਇ ਤੇ ਵਿਪਰਿਆਇ ਕੋਸ਼ ਨੂੰ ਵਿਸ਼ੇ-ਕ੍ਰਮ ਤੇ ਅਖਰ-ਕ੍ਰਮ ਅਨੁਸਾਰ ਤਰਤੀਬ ਦਿਤੀ ਗਈ ਹੈ। ਵਿਸ਼ੇ ਕ੍ਰਮ ਅਨੁਸਾਰ ਦਿਤੀ ਤਰਤੀਬ ਵਿਚ ਕਿਸੇ ਇਕ ਸ਼ਬਦ ਨੂੰ ਲਭਣਾ ਰਤਾ ਮੁਸ਼ਕਿਲ ਹੁੰਦਾ ਹੈ ਇਸ ਲਈ ਅਸਾ ਪੰਜਾਬੀ ਪਰਿਆਇ ਤੇ ਵਿਪਰਿਆਇ ਕੋਸ਼ ਨੂੰ ਅਖਰ ਕ੍ਰਮ ਅਨੁਸਾਰ ਤਰਤੀਬ ਦਿਤੀ ਹੈ। ਇਸ ਤਰਤੀਬ ਵਿਚ ਸ ਤੇ ਸ਼, ਖ ਤੇ ਖ਼, ਗ ਤੇ ਗ਼, ਜ ਤੇ ਜ਼ ਅਤੇ ਫ ਤੇ ਫ਼ ਨੂੰ ਨਾਲ ਰਖਿਆ ਹੈ। ਕੇਵਲ ਲਗਾਂ ਮਾਤ੍ਰਾਂ ਅਨੁਸਾਰ ਉਨ੍ਹਾਂ ਦੇ ਭਿੰਨ ਭੇਤ ਨੂੰ ਹੀ ਰਖਿਆ ਗਇਆ ਹੈ। ਇਸੇ ਤਰਾ ਅਖਰ ਨਾਲ ਆਉਂਦੇ 'ਰ' ਵਾਲੇ ਸ਼ਬਦ ਪਹਿਲਾ ਰਖੇ ਗਏ ਹਨ ਅਤੇ ਅਖਰ ਦੇ ਪੈਰ ਵਿਚਲੇ 'ਰ' ਵਾਲੇ ਸ਼ਬਦ ਪਿਛੋਂ ਲਿਆਂਦੇ ਗਏ ਹਨ।

2. ਹਰ ਸ਼ਬਦ ਦੇ ਅਰਥਾਂ ਅਤੇ ਅਰਥ-ਭੇਦਾ ਦੇ ਵਖ ਵਖ ਵਰਗ ਬਣਾਏ ਗਏ ਹਨ ਅਤੇ ਉਨ੍ਹਾਂ ਨੂੰ ਅੰਕੜਾ ਕ੍ਰਮ ਅਨੁਸਾਰ ਇਕ ਦੂਜੇ ਹੇਠ ਦਿਤਾ ਗਇਆ ਹੈ। ਜਿਵੇਂ :—

ਕਾਹਲ ਇ.

1. ਕਾਹਲੀ, ਛੇਤੀ, ਜਲਦੀ, ਤੇਜ਼ੀ, ਆਦਿ ਪਹਲਾਂ

ਅਤੇ 2. ਬੇਚੈਨੀ, ਬੇਕਰਾਰੀ, ਘਬਰਾਹਟ, ਆਦਿ ਪਿਛੋਂ

3. ਜਿਹੜਾ ਸ਼ਬਦ ਜਿਸ ਵਿਆਕਰਣਕ ਰੂਪ ਵਿਚ ਵਧੇਰੇ ਪ੍ਰਚਲਤ ਹੈ, ਅਸਾ ਉਸੇ ਨੂੰ ਮੁਖ ਐਂਟ੍ਰੀ ਦੇ ਰੂਪ ਵਿਚ ਰਖਿਆ ਹੈ ਅਤੇ ਉਸਦੇ ਦੂਜੇ ਵਿਆਕਰਣਕ ਰੂਪਾਂ ਨੂੰ ਉਸਦੇ ਹੇਠ-ਉਪ-ਸ਼ਬਦਾਂ ਵਾਂਗ ਦਿਤਾ ਹੈ, ਜਿਵੇਂ 'ਉਪਕਾਰ'—ਮੁਖ ਰੂਪ ਵਿਚ ਅਤੇ—ਉਪਕਾਰੀ ਉਸਦੇ ਹੇਠ ਉਪ ਰੂਪ ਵਿਚ। ਇਸੇ ਤਰ੍ਹਾਂ ਸਿਆਣਪ ਦੀ ਥਾ 'ਸਿਆਣਾ' ਪਹਲਾਂ ਅਤੇ 'ਸਿਆਣਪ' ਉਸਦੇ ਹੇਠ ਪਿਛੋਂ ਦਿਤਾ ਗਇਆ ਹੈ।

4, ਜਿਸ ਸ਼ਬਦ ਦੇ ਭਿੰਨ ਭਿੰਨ ਅਰਥ-ਰੂਪ ਨਹੀਂ ਅਤੇ ਇਕੋ ਅਰਥ ਦੇ ਪਰਿਆਇ ਦਿਤੇ ਗਏ ਹਨ, ਉਸਦੇ ਅਰਥ ਵਿਆਕਰਣਕ ਸੰਕੇਤ ਦੇ ਨਾਲ ਹੀ ਸ਼ੁਰੂ ਹੋ ਜਾਂਦੇ ਹਨ, ਜਿਵੇਂ:— 'ਖੰਡਨ, ਨਿਸ਼ੇਧ, ਨਿਖੇਧੀ, ਤਰਦੀਦ, ਵਿਰੋਧ, ਮੁਖ਼ਾਲਫ਼ਤ, ਆਦਿ—ਉਥੇ ਅਰਥਾਂ ਨਾਲ 1, 2, 3 ਆਦਿ ਅੰਕੜੇ ਨਹੀਂ ਦਿਤੇ ਗਏ, ਪਰ ਜਿਥੇ ਭਿੰਨ ਭਿੰਨ ਅਰਥ ਰੂਪ ਹਨ, ਉਥੇ ਵਿਆਕਰਣਕ ਸੰਕੇਤ ਦੇ ਕੇ ਅਰਥ ਹੇਠਲੀ ਸਤਰ ਤੋਂ 1, 2, 3 ਲੜੀਆ ਵਿਚ ਦਿਤੇ ਹਨ ਜਿਵੇਂ:— ਕੌੜਾ- ਵਿ.

1. ਤਲਖ਼, ਕਟੂ, ਬਦਮਜ਼ਾ, ਖਾਰਾ, ਬਕਬਕਾ, ਕਸੈਲਾ।
2. ਗੁਸੈਲਾ, ਮਾਰਖੰਡ, ਢੁਡਮਾਰ, ਹਿੰਸਕ, ਵੱਢ ਖਾਣਾ, ਆਦਿ।

5. ਇਕੋ ਜੇਹੇ ਅਰਥਾਂ ਦੇ ਕਈ ਸ਼ਬਦ-ਹੋਣ ਕਰਕੇ ਉਹਨਾਂ ਅਰਥਾਂ ਦਾ ਮੁਖ ਸ਼ਬਦ ਇਕੋ ਹੀ ਦਿਤਾ ਗਇਆ ਹੈ ਤੇ ਸਾਰੇ ਅਰਥ ਉਸਦੇ ਹੇਠ ਹੀ ਦਿਤੇ ਗਏ ਹਨ, ਜਿਵੇਂ, ਮਸ਼ਹੂਰੀ, ਪ੍ਰਸਿਧੀ, ਤਾਰੀਫ਼, ਪ੍ਰਸ਼ੰਸਾ, ਉਪਮਾ, ਉਸਤਤਿ ਆਦਿ ਇਕੋ 'ਉਸਤਤਿ' ਹੇਠ ਆਉਣਗੇ। ਇਨ੍ਹਾਂ ਦੀਆਂ ਵਖਰੀਆਂ ਐਂਟਰੀਆਂ ਨਹੀਂ ਦਿਤੀਆਂ ਗਈਆਂ।

6, (ੳ) ਬਹੁਤ ਘਟ ਐਂਟਰੀਆਂ ਵਿਚ ਇਕੋ ਪਰਿਆਇ ਜਾਂ ਵਿਪਰਿਆਇ ਦੇ ਦੋ ਪਰਿਆਇ ਜਾਂ ਵਿਪਰਿਆਇ ਦਿਤੇ ਗਏ ਹਨ, ਇਹ ਕੇਵਲ ਅਰਥਾਂ ਦੀ ਭਿੰਨਤਾ ਕਾਰਣ ਕੀਤਾ ਗਇਆ ਹੈ ਜਿਵੇਂ:—

'ਉਸਤਤਿ' ਅਗੇ ਵੀ ਵਿਪਰਿਆਇ : ਵੇਖੋ ਨਿੰਦਾ

ਅਤੇ 'ਉਪਮਾ' ਅਗੇ ਵੀ ਵਿਪਰਿਆਇ : ਵੇਖੋ ਨਿੰਦਾ

ਇਸੇ ਤਰ੍ਹਾਂ 'ਨਿੰਦਾ' ਅਗੇ ਵਿਪਰਿਆਇ : ਵੇਖੋ ਉਸਤਤਿ/ਉਪਮਾ

6, (ਅ) ਕਈ ਇਕ ਸ਼ਬਦਾਂ ਦੇ ਪਰਿਆਇ ਜਾਂ ਵਿਪਰਿਆਇ ਅਰਥ-ਭੇਦ ਕਾਰਣ ਦੋ ਦੋ ਦਿਤੇ ਗਏ ਹਨ, ਜਿਵੇਂ:—

ਉਚਾਣ/ਉੱਚਤਾ, ਵਿਪਰਿਆਇ : ਵੇਖੋ ਨਿਵਾਣ/ਨੀਚਤਾ।

7. (ੳ) ਮੁਖ ਐਂਟਰੀਆਂ ਕੇਵਲ ਉਹਨਾ ਸ਼ਬਦਾਂ ਦੀਆਂ ਦਿਤੀਆਂ ਗਈਆਂ ਹਨ, ਜਿਹੜੇ ਆਮ ਪ੍ਰਚਲਤ ਹਨ, ਜਾਂ ਜਿਹੜੇ ਕੋਸ਼ਾਂ ਤੇ ਸਾਹਿਤ ਵਿਚ ਮਿਲਦੇ ਹਨ, ਕੋਈ ਸ਼ਬਦ ਆਪਣੇ ਵਲੋਂ ਨਵਾਂ ਨਹੀਂ ਘੜਿਆ ਗਇਆ ਜਿਵੇਂ:— 'ਅਜ਼ਲ' ਤੇ 'ਅਬਦ' ਜੋ 'ਅਨਾਵਸ਼ਕ ਤੇ ਆਵੱਸ਼ਕ'

7. (ਅ) ਇਸੇ ਤਰ੍ਹਾਂ ਅਰਥਾਂ ਵਿਚ ਕੇਵਲ ਉਹ ਹੀ ਸ਼ਬਦ ਦਿਤੇ ਗਏ ਹਨ ਜਾਂ ਪੰਜਾਬੀ ਸਾਹਿਤਕਾਰਾ ਨੇ ਆਪਣੀਆ ਰਚਨਾਵਾਂ ਵਿਚ ਵਰਤੇ ਗਏ ਹਨ, ਜਿਵੇਂ:—'ਚਾਨਣ' ਸਾਹਮਣੇ 1. ਚਾਨਣਾ, ਲੋ, ਜੋਤ, ਪ੍ਰਕਾਸ਼ ਰੌਸ਼ਨੀ, ਨੂਰ, ਤਾਬਿੰਦਗੀ, ਆਭਾ, ਪ੍ਰਭਾ, ਉਜਾਲਾ, ਆਲੋਕ, ਤਾਬ, ਤਾਬਿਸ਼।

2. ਗਿਆਨ, ਕਸ਼ਫ਼, ਅਨੁਭਵ, ਪ੍ਰਗਿਆ।

ਇਸ ਤਰ੍ਹਾ ਚਾਹੇ ਉਹ ਅਰਥ ਸੰਸਕ੍ਰਿਤ ਮੂਲ ਦੇ ਸਨ ਚਾਹੇ ਫ਼ਾਰਸੀ ਅਰਬੀ ਸੋਮੇ 'ਚੋਂ ਆਏ, ਉਹ ਸਾਰੇ ਸ਼ਬਦ ਅਰਥਾਂ ਵਿਚ ਦੇ ਦਿਤੇ ਗਏ ਹਨ। ਕੋਸ਼ਕਾਰ ਦਾ ਕੰਮ ਸ਼ਬਦ ਕਢਣੇ ਜਾਂ ਪਾਉਣੇ ਨਹੀਂ, ਸਗੋਂ ਹੁਣ ਤਕ ਆਏ ਤੇ ਵਰਤੇ ਗਏ ਸ਼ਬਦਾਂ ਨੂੰ ਇਕ ਥਾਂ ਇਕਤ੍ਰ ਕਰਨਾ ਹੈ। ਅਸਾਂ ਕੋਈ ਸ਼ਬਦ ਨਵਾਂ ਨਹੀਂ ਘੜਿਆ, ਨਾ ਹੀ ਕੋਈ ਅਪ੍ਰਚਲਤ ਸ਼ਬਦ ਦੇਣ ਦਾ ਜਤਨ ਕੀਤਾ ਹੈ।

8. ਸ਼ਬਦ ਚੁਣ ਲਈ ਅਸੀਂ ਪੰਜਾਬੀ-ਪੰਜਾਬੀ ਤੇ ਪੰਜਾਬੀ-ਅਗਰੇਜ਼ੀ ਜਾਂ ਪੰਜਾਬੀ-ਉਰਦੂ ਜਾਂ ਪੰਜਾਬੀ-ਹਿੰਦੀ ਦੇ ਕਾਫ਼ੀ ਕੋਸ਼ਾਂ ਦੀ ਵਰਤੋਂ ਕੀਤੀ ਹੈ। ਇਨ੍ਹਾਂ ਦੀ ਸੂਚੀ ਅਸਾਂ ਵਖਰੀ ਦੇ ਦਿਤੀ ਹੈ।

9. ਅਸਾਂ ਆਪਣ ਵਲੋਂ ਪੂਰਾ ਜਤਨ ਕੀਤਾ ਹੈ ਕਿ ਹਰ ਮੁਖ ਸ਼ਬਦ ਦੇ ਵਧ ਤੋਂ

ਵਧ ਪਰਿਆਇ ਦਿਤੇ ਜਾ ਸਕਣ । ਫੇਰ ਵੀ ਹੋ ਸਕਦਾ ਹੈ, ਕਈ ਇਕ ਅਰਥ ਰਹ ਗਏ ਹੋਣ ਜਾਂ ਅਸੀਂ ਉਨ੍ਹਾਂ ਨੂੰ ਦੇਣੋਂ ਉਕ ਗਏ ਹੋਈਏ । ਸਾਨੂੰ ਇਸ ਘਾਟ ਦਾ ਅਨੁਭਵ ਹੈ । ਇਸ ਲਈ ਅਸੀਂ ਵਿਦ੍ਵਾਨਾਂ, ਲੇਖਕਾ ਅਤੇ ਪਾਠਕਾਂ ਪਾਸੋਂ ਹਰ ਪ੍ਰਕਾਰ ਦੇ ਸੁਝਾਵਾਂ ਦੀ ਮੰਗ ਕਰਦੇ ਹਾਂ ਤਾਂ ਜੋ ਅਗਲੇ ਸੰਸਕਰਣ ਵਿਚ ਉਨ੍ਹਾਂ ਨੂੰ ਵੀ ਧੰਨਵਾਦ ਸਹਤ ਸ਼ਾਮਿਲ ਕਰ ਲਇਆ ਜਾਵੇ ।

ਗੁਲਵੰਤ ਸਿੰਘ
ਪ੍ਰੇਮ ਪ੍ਰਕਾਸ਼ ਸਿੰਘ
ਜੀਤ ਸਿੰਘ ਸੀਤਲ

ਪਟਿਆਲਾ
5 ਅਪ੍ਰੈਲ, 1968

ਚਿੰਨ੍ਹ ਤੇ ਸੰਕੇਤ

ਇ.	...	ਇਸਤ੍ਰੀ ਲਿੰਗ (ਨਾਂਵ)
ਕ੍ਰਿ ਵਿ.	...	ਕ੍ਰਿਆ ਵਿਸ਼ੇਸ਼ਣ
ਪੁ.	...	ਪੁਲਿੰਗ (ਨਾਂਵ)
ਵਿ.	...	ਵਿਸ਼ੇਸ਼ਣ
——	...	ਉਪ-ਸ਼ਬਦ

ਸੂਚੀ

(ਪੰਜਾਬੀ ਪਰਿਆਇ ਤੇ ਵਿਪਰਿਆਇ ਕੋਸ਼)

ਉਨ੍ਹਾਲ/ਹੁਨਾਲ	8	ਸਿਆਲ
ਉਪਸਥਿਤੀ	,,	ਅਨੁਪਸਥਿਤੀ
ਉਪਕਾਰ	9	ਅਪਕਾਰ
ਉਪਯੋਗ	,,	ਦੁਰੁਪਯੋਗ
ਉਪਰਾਮ	10	ਉਤਸਕ
ਉਪਾਸਨਾ	,,	ਅਨੁਪਾਸਨਾ
ਉਮੰਗ	,,	ਹਸਰਤ
ਉੱਮੀ	,,	ਆਲਿਸ
ਉਮੀਦ	11	ਨਾਉਮੀਦੀ
ਉਲੰਘਨ	,,	ਪਰਵਾਨਗੀ
ਉਲਟਾ	,,	ਸਿੱਧਾ
ਉਲਫ਼ਤ	,,	ਅਦਾਵਤ
ਉਲਾਰ	12	ਸਾਵਾਂਪਣ
ਊਚ	,,	ਨੀਚ
ਊਣਾ	,,	ਭਰਪੂਰ
ਊਤ	,,	ਸੂਤ/ਸੌਤਰ
ਊਧਮ	13	ਚੁਪ
ਊਰਾ	,,	ਪੂਰਾ
ਊਸ਼ਾ	,,	ਸੰਧਿਆ
ਓਟ	,,	ਸਨਮੁਖਤਾ
ਓਪਰਾ	14	ਜਾਣੂ
ਓੜਕ	,,	ਮੁੱਢ

(ਅ)

ਅਸਤਿ	15	ਸਤਿ
ਅਸਤ	,,	ਉਦੈ
ਅਸਥਾਈ	,,	ਸਥਾਈ
ਅਸਫਲ/ਅਫਲ	,,	ਸਫਲ
ਅਸਮਰਥ	16	ਸਮਰਥ
ਅਸਮਾਨ	,,	ਸਮਾਨ
ਅਸਲ	,,	ਨਕਲ
ਅਸੰਭਵ	17	ਸੰਭਵ
ਅਸੀਸ	,,	ਦੁਰਾਸੀਸ
ਅਸੀਲ	,,	ਅਥੱਰਾ

ਅਹੰਕਾਰ	17	ਨਮ੍ਰਤਾ
ਅਹਿੰਸਾ	,,	ਹਿੰਸਾ
ਅਕਲ	,,	ਬੇਅਕਲ
ਅਖੀਰ	18	ਸ਼ੁਰੂ
ਅਗਿਆਨ	,,	ਗਿਆਨ
ਅੱਗਾ	,,	ਪਿਛਾ
ਅਚੇਤ	19	ਸੁਚੇਤ
ਅਜਲ	,,	ਹਯਾਤ
ਅਚਲ	,,	ਅਬਦ
ਅਜਾਬ	,,	ਰਾਹਤ
ਅੰਜਾਮ	,,	ਆਗਾਜ਼
ਅੰਵਾਣਾ	20	ਸਿਆਣਾ
ਅਡਰਾ	,,	ਸਾਝਾ
ਅਡੋਲ	,,	ਡੋਲਵਾ
ਅੰਤ	,,	ਆਦਿ
ਅੰਤਰ	,,	ਸਮਾਨਤਾ
ਅਤੀਤ	21	ਅਨੁਰਾਗੀ
ਅਥਰਾ	,,	ਅਸੀਲ
ਅਦਬ	,,	ਬੇਅਦਬੀ
ਅਦਭੁਤ	,,	ਸਾਧਾਰਣ
ਅਦਾਵਤ	,,	ਉਲਫ਼ਤ
ਅਧਿਕ	22	ਅਲਪ
ਅਧੀਨ	,,	ਸੁਤੰਤ੍ਰ
ਅਧੋਗਤੀ	,,	ਪ੍ਰਗਤੀ
ਅਨਰਥ	23	ਅਰਥ
ਅੰਨ੍ਹਾ	,,	ਸੁਜਾਖਾ
ਅਨਾਥ	,,	ਅਨਾਦਰ
ਅਨਾਵਸ਼ਕ	22	ਆਵਸ਼ਕ
ਅਨਾੜੀ	23	ਉਸਤਾਦ
ਅਨਿਆਇ	,,	ਨਿਆਇ
ਅਨੁਕੂਲ	24	ਪ੍ਰਤਿਕੂਲ
ਅਨੁਚਿਤ	,,	ਉਚਿਤ

ਅਨੁਪਸਥਿਤੀ	24	ਉਪਸਥਿਤੀ
ਅਨੁਪਾਸਨਾ	,,	ਉਪਾਸਨਾ
ਅਨੁਮਾਨ	25	ਨਿਸਚਾ
ਅਨੁਰਾਗੀ	,,	ਅਤੀਤ
ਅਨੇਕਤਾ	,,	ਇਕ/ਏਕਤਾ
ਅੰਨ੍ਹੇਰਾ	24	ਚਾਨਣ
ਅਪਕਰਸ਼	25	ਉਤਕਰਸ਼
ਅਪਕਾਰ	,,	ਉਪਕਾਰ
ਅਪਵਿਤਰ	,,	ਪਵਿਤਰ
ਅਫਲ	,,	ਸਫਲ
ਅਬਦ	,,	ਅਜ਼ਲ
ਅਬਿਨਾਸ਼	,,	ਨਾਸ਼
ਅਭਾਗਾ	26	ਸੁਭਾਗਾ
ਅਮਨ	,,	ਜੰਗ
ਅਮਾਨਤ	,,	ਖ਼ਿਆਨਤ
ਅਮਿਤ	,,	ਮਿਤ
ਅਮੀਰੀ	,,	ਗਰੀਬੀ
ਅਰਥ	27	ਅਨਰਥ
ਅਰੂਪ	,,	ਸ੍ਵਰੂਪ
ਅਲਪ	,,	ਅਧਿਕ
ਅਲਪੱਗ	,,	ਸਰਵੱਗ
ਅਲੌਕਿਕ	,,	ਲੌਕਿਕ
ਅਵੱਗਿਆ	28	ਪਾਲਣ
ਅਵਗੁਣ	,,	ਗੁਣ
ਅਵਨਤੀ	,,	ਉੱਨਤੀ
ਅਵਲ	,,	ਆਖ਼ਿਰ
ਅੜਿਕਾ	,,	ਸਹਾਇਤਾ
ਅਸ਼ੁੱਧ	29	ਸ਼ੁਧ
ਅਸ਼ੁਭ	,,	ਸ਼ੁਭ
ਆਸ/ਆਸਾ	,,	ਨਿਰਾਸ/ਨਿਰਾਸ਼ਾ
ਆਸਤਿਕ	30	ਨਾਸਤਿਕ
ਆਸਾਨੀ	,,	ਮੁਸ਼ਕਿਲ

(v)

ਆਕੜ	30	ਆਜਿਜ਼ੀ
ਆਕਾਸ਼	,,	ਧਰਤ
ਆਕੀ	,,	ਆਗਿਆਕਾਰ
ਆਖਿਰ	31	ਅਵੱਲ
ਆਗਾਜ਼	,,	ਅੰਜਾਮ
ਆਗਿਆਕਾਰ	,,	ਆਕੀ
ਆਜਿਜ਼ੀ	,,	ਆਕੜ
ਆਜ਼ਾਦੀ	32	ਗੁਲਾਮੀ
ਆਥਣ	,,	ਸਵੇਰ
ਆਦਰ	,,	ਅਨਾਦਰ
ਆਦਿ	,,	ਅੰਤ
ਆਧੁਨਿਕ	33	ਪ੍ਰਾਚੀਨ
ਆਪਣਾ	,,	ਪਰਾਇਆ
ਆਬਾਦੀ	,,	ਬਰਬਾਦੀ
ਆਮ	,,	ਆਮ
ਆਮਦ	34	ਰਵਾਨਗੀ
ਆਮਦਨੀ	,,	ਖਰਚ
ਆਯਾਤ	,,	ਨਿਰਯਾਤ
ਆਰਜ਼ੀ	,,	ਮੁਸਤਕਿਲ
ਆਰੰਭ	,,	ਸਮਾਪਤੀ
ਆਲਸ	35	ਉਦਮ
ਆਲਿਮ	,,	ਉੱਮੀ
ਆਵਸ਼ਕ	,,	ਅਨਾਵਸ਼ਕ
ਔਖ	,,	ਸੌਖ
ਔੜ	36	ਵਰਖਾ

(ੲ)

ਇਸਤ੍ਰੀ	37	ਪੁਰਸ਼
ਇਕ	,,	ਅਨੇਕ
ਇਕਰਾਰ	,,	ਇਨਕਾਰ
ਇੱਜ਼ਤ	38	ਬੇਇਜ਼ਤੀ
ਇਜਾਜ਼ਤ	,,	ਮਨਾਹੀ

ਇਤਫ਼ਾਕ	38	ਨਿਫ਼ਾਕ
ਇਤਬਾਰ	,,	ਬੇਇਤਬਾਰੀ
ਇਤਮੀਨਾਨ	,,	ਤਸ਼ਵੀਸ
ਇਨਸਾਨ	39	ਹੈਵਾਨ
ਇਨਕਾਰ	,,	ਇਕਰਾਰ
ਇਨਾਮ	,,	ਸਜ਼ਾ
ਇਲਮ	,,	ਬੇਇਲਮੀ
ਈਮਾਨ	40	ਕੁਫ਼ਰ
ਏਕਤਾ	,,	ਅਨੇਕਤਾ/ਇਕ

(ਸ)

ਸਸਤਾ	41	ਮਹਿੰਗਾ
ਸਹਲ	,,	ਦੁਸ਼ਵਾਰ
ਸ਼ਹਰੀ	,,	ਦੇਹਾਤੀ
ਸਹਾਇਤਾ	,,	ਅੜਿਕ
ਸਹੀ	,,	ਗਲਤ
ਸੰਕੋਚ	42	ਪ੍ਰਸਾਰ
ਸੁਖਣਾ	,,	ਭੁਰਿਆ
ਸਖਤ	,,	ਨਰਮ
ਸੰਖੇਪ	43	ਵਿਸਤਾਰ
ਸੰਗ੍ਰਾਂਦ	,,	ਮਸਾਂਤ
ਸੰਘਣਾ	,,	ਵਿਰਲਾ
ਸੱਚ	,,	ਝੂਠ
ਸਜਰਾ	44	ਬੇਹਾ
ਸਜ਼ਾ	,,	ਇਨਾਮ
ਸਜਾਵਟ	45	ਸਾਦਗੀ
ਸੱਜਾ	,,	ਖੱਬਾ
ਸੰਜੋਗ	,,	ਵਿਜੋਗ
ਸਤਿ	,,	ਅਸੱਤਿ
ਸੰਤੋਖ	46	ਲੋਭ
ਸਥਾਈ	,,	ਅਸਥਾਈ
ਸਥਿਤੀ	,,	ਗਤੀ

(ਹ)

ਹਾਜ਼ਿਰ	62	ਗਾਇਬ
ਹਾਨੀ	,,	ਲਾਭ
ਹਿੰਸਾ	63	ਅਹਿੰਸਾ
ਹੁਸ਼ਿਆਰ	,,	ਗਾਫ਼ਲ
ਹੈਵਾਨ	64	ਇਨਸਾਨ
ਹੋਸ਼	,,	ਮਸਤੀ
ਹੋਛਾ	,,	ਗੰਭੀਰ
ਹੌਲਾ	,,	ਭਾਰਾ

(ਕ)

ਕਸੂਤ/ਕਸੂਤਾ	66	ਸੂਤ
ਕਹਰ	,,	ਮਿਹਰ
ਕੱਚਾ	,,	ਪੱਕਾ
ਕਠੋਰ	67	ਕੋਮਲ
ਕਦੀਮ	,,	ਜਦੀਦ
ਕਬੂਲ	,,	ਰੱਦ
ਕਮਾਊ	,,	ਨਿਖੱਟੂ
ਕਾਇਰਤਾ	68	ਵੀਰਤਾ
ਕਾਹਲ	,,	ਢਿਲ
ਕਾਫ਼ੀ	,,	ਨਾਕਾਫ਼ੀ
ਕਾਬਿਲ	,,	ਨਾਕਾਬਿਲ
ਕ੍ਰਿਤਗ	69	ਕ੍ਰਿਤਘਣ
ਕ੍ਰਿਤਘਣ	,,	ਕ੍ਰਿਤਗ
ਕੁਚੱਜਾ	,,	ਸੁਚੱਜਾ
ਕੁਟਿਲ	,,	ਸਰਲ
ਕੁਫ਼ਰ	70	ਈਮਾਨ
ਕੁਲ	,,	ਜੁਜ਼
ਸੁਵੇਲਾ	,,	ਸੁਵੇਲਾ
ਕੋਝਾ	,,	ਸੋਹਣਾ
ਕੋਪ	,,	ਦਯਾ
ਕੋਮਲ	71	ਕਠੋਰ
ਕੋਰਾ	,,	ਨਿੱਘਾ
ਕੌੜਾ	,,	ਮਿੱਠਾ

(ਖ)

ਖੰਡਨ	72	ਮੰਡਨ

ਖਚਿਤ	72	ਵਿਰਕੱਤ
ਖੱਬਾ	,,	ਸੱਜਾ
ਖਰਚ	,,	ਆਮਦਨੀ
ਖਰਾ	73	ਖੋਟਾ
ਖਰਾਬ	,,	ਰਾਜ
ਖਾਸ	,,	ਆਮ
ਖਾਮੀ	,,	ਖੂਬੀ
ਖਿਆਨਤ	74	ਅਮਾਨਤ
ਖੁਸ਼ਬੂ	,,	ਬਦਬੂ
ਖੁਸ਼ੀ	,,	ਗ਼ਮੀ
ਖੁਲ੍ਹ	75	ਬੰਧੇਜ
ਖੂਬੀ	,,	ਖਾਮੀ
ਖੋਟਾ	76	ਖਰਾ

ਗ

ਗਤੀ	77	ਸਥਿਤੀ
ਗਦਾਰ	,,	ਵਫ਼ਾਦਾਰ
ਗੰਦਗੀ	,,	ਸਫ਼ਾਈ
ਗੰਭੀਰ	78	ਹੋਛਾ
ਗ਼ਮ	,,	ਖੁਸ਼ੀ
ਗ੍ਰਹਣ	,,	ਤਿਆਗ
ਗਰਮ	79	ਸਰਦ
ਗ਼ਰੀਬੀ	,,	ਅਮੀਰੀ
ਗ਼ਲਤ	,,	ਸਹੀ
ਗਾਇਬ	,,	ਹਾਜ਼ਿਰ
ਗ਼ਾਫ਼ਿਲ	80	ਹੋਸ਼ਿਆਰ
ਗਾੜ੍ਹਾ	,,	ਪਤਲਾ
ਗਿਆਨ	,,	ਅਗਿਆਨ
ਗਿੱਲਾ	81	ਸੁੱਕਾ
ਗੁੱਸਾ	,,	ਠਰੰਮਾ
ਗੁੱਝਾ	,,	ਪ੍ਰਤੱਖ
ਗੁਣ	,,	ਅਵਗੁਣ

ਗੁਪਤ	82	ਪ੍ਰਗਟ
ਗੁਮਨਾਮੀ/ਗੁਮਨਾਮ	,,	ਉੱਘ
ਗੁਲਾਮੀ	,,	ਆਜ਼ਾਦੀ
ਗੂੜ੍ਹਾ	,,	ਫਿੱਕਾ
ਗੌਰਵ	,,	ਲਘੁਤਾ

(ਘ)

ਘੱਟ	83	ਵੱਧ
ਘਟੀਆ	,,	ਵਧੀਆ
ਘ੍ਰਿਣਾ	,,	ਪ੍ਰੀਤ

(ਚ)

ਚੰਗਾ	84	ਮੰਦਾ
ਚੰਚਲ	,,	ਨਿਚਲਾ
ਚਤੁਰ	85	ਮੂੜ੍ਹ
ਚੜ੍ਹਾਉ	,,	ਉਤਰਾਉ
ਚਾਨਣ	,,	ਅਨ੍ਹੇਰਾ
ਚੁਸਤ	86	ਸੁਸਤ
ਚੁਪ	,,	ਉਦਮ
ਚੇਤ	,,	ਅਚੇਤ
ਚੇਤੰਨ	87	ਜੜ੍ਹ
ਚੌੜਾ	,,	ਸੌੜਾ

(ਛ)

ਛੀੜ	88	ਭੀੜ
ਛੋਟਾ	,,	ਵੱਡਾ

(ਜ)

ਜੰਗ	89	ਅਮਨ
ਜਦੀਦ	,,	ਕਦੀਮ
ਜਨਮ	,,	ਮਰਣ
ਜਫ਼ਾ	,,	ਵਫ਼ਾ
ਜਵਾਬ	90	ਸਵਾਲ
ਜੜ੍ਹ	,,	ਚੇਤੰਨ

ਤ੍ਰਿਖਾ	,,	ਤ੍ਰਿਪਤੀ
ਤ੍ਰਿਪਤੀ	101	ਤ੍ਰਿਖਾ
ਤੁਛ	,,	ਮਹਾਨ

(ਥ)

ਥਿੰਦਾ	102	ਰੁਖਾ
ਥੋੜਾ	,,	ਬਹੁਤਾ

(ਦ)

ਦਯਾ	103	ਕੋਪ
ਦਾਨਵ	,,	ਦੇਵ
ਦਾਤਾ	,,	ਜਾਚਕ
ਦਾਨਾ	,,	ਨਾਦਾਨ
ਦੀਵਾਨਾ	104	ਫਰਜ਼ਾਨਾ
ਦੁਸ਼ਮਨ	,,	ਦੋਸਤ
ਦੁਸ਼ਵਾਰ	,,	ਸਹਲ
ਦੁਖ	105	ਸੁਖ
ਦੁਬਲਾ	,,	ਮੋਟਾ
ਦੁਰਭਾਗ	,,	ਸੁਭਾਗ
ਦੁਰਾਸੀਸ	,,	ਅਸੀਸ
ਦੁਰਾਚਾਰ	,,	ਸਦਾਚਾਰ
ਦੁਰਪਯੋਗ	106	ਉਪਯੋਗ
ਦੋਰੇਡਾ	,,	ਨਜ਼ਦੀਕੀ
ਦੂਸ਼ਣ	,,	ਭੂਸ਼ਣ
ਦੇਹਾਤੀ	107	ਸ਼ਹਰੀ
ਦੇਵ	,,	ਦਾਨਵ
ਦੋਸਤ	,,	ਦੁਸ਼ਮਨ

(ਧ)

ਧਨਵਾਨ	108	ਨਿਰਧਨ
ਧਰਤ	,,	ਆਕਾਸ਼
ਧਿਆਨ	,,	ਭਟਕਣ

(ਨ)

ਨਸਰ	109	ਨਜ਼ਮ
ਨਕਦ	,,	ਉਧਾਰ
ਨਕਲ	,,	ਅਸਲ
ਨਜ਼ਦੀਕ	,,	ਦੁਰੇਡਾ
ਨਜ਼ਮ	110	ਨਸਰ
ਨਜ਼ਾਕਤ	,,	ਤਾਕਤ
ਨਫਰਤ	,,	ਮੁਹੱਬਤ
ਨਫ਼ਾ	,,	ਨੁਕਸਾਨ
ਨਮ੍ਰਤਾ	111	ਅਹੰਕਾਰ
ਨਰਮ	,,	ਸਖ਼ਤ
ਨਵਾਂ	,,	ਪੁਰਾਣਾ
ਨਾਉਮੀਦੀ	,,	ਉਮੀਦ
ਨਾਸ	112	ਅਬਿਨਾਸ
ਨਾਸਤਿਕ	,,	ਆਸਤਿਕ
ਨਾਕਾਫ਼ੀ	,,	ਕਾਫ਼ੀ
ਨਾਕਾਬਿਲ	,,	ਕਾਬਿਲ
ਨਾਦਾਨ	,,	ਦਾਨਾ
ਨਾਦਾਰ	113	ਮਾਲਦਾਰ
ਨਾਪਸੰਦ	,,	ਪਸੰਦ
ਨਾਬਾਲਿਗ਼	114	ਬਾਲਿਗ਼
ਨਾਮਿਲਵਰਤਣ	,,	ਮਿਲਵਰਤਣ
ਨਾਰਾਜ਼	,,	ਰਾਜ਼ੀ
ਨਾਲਾਇਕ	,,	ਲਾਇਕ
ਨਿਆਇ	,,	ਅਨਿਆਇ
ਨਿਸ਼ਚਾ	,,	ਅਨੁਮਾਨ
ਨਿਸ਼ੇਧ	,,	ਸਮਰਥਨ
ਨਿਚੱਲਾ	,,	ਚੰਚਲ
ਨਿਖੱਟੂ	115	ਕਮਾਊ
ਨਿਖਿਧ	,,	ਉਤਮ
ਨਿਖੇੜ	,,	ਮੇਲ
ਨਿੱਘਾ	,,	ਕੋਰਾ
ਨਿੰਦਾ	,,	ਉਸਤਤਿ/ਉਪਮਾ

ਪ੍ਰਗਤੀ	,,	ਅਧੋਗਤੀ
ਪ੍ਰਤੱਖ	125	ਗੁੱਝਾ
ਪ੍ਰਤਿਕੂਲ	,,	ਅਨੁਕੂਲ
ਪਰਤੀਤ	,,	ਬੇਪਰਤੀਤੀ
ਪਰਮਾਰਥ	126	ਸਵਾਰਥ
ਪਰਲੋਕ	,,	ਲੋਕ
ਪਰਵਾਨਗੀ	,,	ਉਲੰਘਨ
ਪਰਾਇਆ	,,	ਆਪਣਾ
ਪ੍ਰਾਚੀਨ	,,	ਆਧੁਨਿਕ
ਪ੍ਰੀਤ	,,	ਘਿਰਣਾ
ਪਲੀਤ	127	ਪਵਿਤ੍ਰ
ਪਵਿਤ੍ਰ	,,	ਪਲੀਤ
ਪਾਲਣ	,,	ਅਵਗਿਆ
ਪਿੱਛਾ	,,	ਅੱਗਾ
ਪੁੱਠਾ	,,	ਸਿੱਧਾ
ਪੁਰਸ਼	128	ਇਸਤ੍ਰੀ
ਪੁਰਾਣਾ	,,	ਨਵਾਂ
ਪੂਰਬ	,,	ਪਛਮ
ਪੂਰਾ	,,	ਊਰਾ
	(ਫ)	
ਫਰਜ਼ਾਨਾ	129	ਦੀਵਾਨਾ
ਫ਼ਾਇਦਾ	,,	ਨੁਕਸਾਨ
ਫਿੱਕਾ	,,	ਸੁਆਦਲਾ
	(ਬ)	
ਬਹਾਦਰ	130	ਬੁਜ਼ਦਿਲ
ਬਹੁਤਾ	,,	ਥੋੜਾ
ਬਦਬੂ	,,	ਖੁਸ਼ਬੂ
ਬਦੀ	,,	ਨੇਕੀ
ਬੰਧੇਜ	131	ਖੁਲ੍ਹ
ਬਰਬਾਦੀ	,,	ਆਬਾਦੀ
ਬੁਜ਼ਦਿਲ	,,	ਬਹਾਦਰ
ਬੁਰਾ	,,	ਭਲਾ
ਬੇਅਕਲੀ	,,	ਅਕਲ

ਬੇਅਦਬੀ	131	ਅਦਬ
ਬੇਇੱਜ਼ਤੀ	132	ਇੱਜ਼ਤ
ਬੇਇਤਬਾਰੀ	,,	ਇਤਬਾਰ
ਬੇਇਲਮੀ	,,	ਇਲਮ
ਬੇਹਾ	,,	ਸਜਰਾ
ਬੇਪਰਤੀਤੀ	,,	ਪਰਤੀਤ
ਬੇਨੇਮੀ	,,	ਨੇਮ

(ਭ)

ਭਛਕ	133	ਰਖਿਅਕ
ਭਟਕਣ	,,	ਧਿਆਨ
ਭਰਪੂਰ	,,	ਊਣਾ
ਭਰਿਆ	,,	ਸਖਣਾ
ਭਲਾ	,,	ਬੁਰਾ
ਭਾਰਾ	134	ਹੌਲਾ
ਭੀੜ	,,	ਛੀੜ
ਭੀੜਾ	,,	ਮੋਕਲਾ
ਭੁਖ	135	ਰੱਜ
ਭੁੱਲ	,,	ਯਾਦ
ਭੂਸ਼ਣ	,,	ਦੂਸ਼ਣ
ਭੋਗ	,,	ਜੋਗ

(ਮ)

ਮਸਤੀ	137	ਹੋਸ਼
ਮਸਰੂਰ	,,	ਪਸ਼ੇਮਾਨ
ਮਸਾਂਤ	,,	ਸੰਗ੍ਰਾਂਦ
ਮਹਿੰਗਾ	,,	ਸਸਤਾ
ਮਹਾਨ	138	ਤੁੱਛ
ਮਹਾਲ	,,	ਮੁਮਕਿਨ
ਮੰਡਨ	,,	ਖੰਡਨ
ਮਦਦ	,,	ਰੋਕ
ਮੰਦਾ	139	ਚੰਗਾ
ਮਨਜ਼ੂਰ	,,	ਮਰਦੂਦ

ਰਾਹਤ	146	ਅਜ਼ਾਬ
ਰਾਜਾ	,,	ਰੰਕ
ਰਾਜ਼ੀ	147	ਨਾਰਾਜ਼
ਰੁੱਖਾ	,,	ਥਿੰਦਾ
ਰੁੱਝਾ	,,	ਵਿਹਲਾ
ਰੋਕ	,,	ਮਦਦ

(ਲ)

ਲਘੁਤਾ	148	ਗੌਰਵ
ਲੁੱਚਾ	,,	ਸਾਊ
ਲਾਇਕ	,,	ਨਾਲਾਇਕ
ਲਾਭ	,,	ਹਾਨੀ
ਲੋਕ	,,	ਪਰਲੋਕ
ਲੋਭ	149	ਸੰਤੋਖ
ਲੌਕਿਕ	,,	ਅਲੌਕਿਕ

(ਵ)

ਵਸਫ਼	150	ਨੁਕਸ
ਵਸਲ	,,	ਵਿਛੋੜਾ
ਵਸੋਂ	,,	ਉਜਾੜ
ਵਹਮ	,,	ਯਕੀਨ
ਵਡਾ	,,	ਛੋਟਾ
ਵਧ	,,	ਘਟ
ਵਧੀਆ	151	ਘਟੀਆ
ਵਫ਼ਾਦਾਰ	,,	ਗਦਾਰ
ਵਰਖਾ	,,	ਔੜ
ਵਿਅਕਤੀ	152	ਸਮੁਦਾਯ
ਵਿਸਤਾਰ	,,	ਸੰਖੇਪ
ਵਿਹਲਾ	,,	ਰੁਝਾ
ਵਿਗਾੜ	,,	ਸੁਧਾਰ
ਵਿਛੋੜਾ	153	ਵਸਲ

ਵਿਜੋਗ	153	ਸੰਜੋਗ
ਵਿਰਕਤ	,,	ਖਚਿਤ
ਵਿਰਲਾ	,,	ਸੰਘਣਾ
ਵੀਰਤਾ	,,	ਕਾਇਰਤਾ
ਵੈਰੀ	154	ਯਾਰ
ਵੇਲੀ	,,	ਸੋਫ਼ੀ

ਪੰਜਾਬੀ
ਪਰਿਆਇ-ਵਿਪਰਿਆਇ
ਕੋਸ਼

ੳ

ਉਸਤਤਿ ਇ.

1. ਉਪਮਾ, ਸ਼ਲਾਘਾ, ਸਰਾਹੁਣਾ, ਪ੍ਰਸ਼ਸਤੀ. ਸੋਭਾ, ਸਲਾਹੁਤ, ਸਿਫ਼ਤ, ਸਨਾ, ਤਾਰੀਫ਼, ਕੀਰਤੀ, ਵਡਿਆਈ; ਪ੍ਰਸ਼ੰਸਾ; ਜਸ; ਹਮਦ, ਮੰਗਲਾਚਰਣ, ਮਹਿਮਾ, ਮਦਹ, ਮੁਨਾਜਾਤ,
2. ਮਸ਼ਹੂਰੀ; ਪ੍ਰਸਿਧੀ; ਖਿਆਤੀ; ਸ਼ੁਹਰਤ, ਨਾਮਵਰੀ;

—ਉਸਤਤਿ ਯੋਗ ਵਿ: ਉਸਤਤਯੋਗ; ਉਸਤਤਪਰਕ; ਉਸਤਤ-ਪੂਰਣ

ਵਿਪਰਿਆਇ : ਵੇਖੋ ਨਿੰਦਾ

ਉਸਤਾਦ ਪੁ:
1. ਸਿਖਿਅਕ, ਅਧਿਆਪਕ; ਪੀਰ, ਮੁਰਸ਼ਿਦ, ਬਜ਼ੁਰਗ
2. ਮਾਹਿਰ, ਵਿਸ਼ੇਸ਼ੱਗ, ਪ੍ਰਵੀਣ, ਨਿਪੁਣ, ਪ੍ਰਵਰ,
3. ਤਾਕ, ਚਾਲਾਕ, ਹੁਸ਼ਿਆਰ
4. ਛਲੀਆ, ਅੱਯਾਰ; ਫਰੇਬੀ, ਜਾਲਸਾਜ਼, ਚਲਾਕਾਰ, ਪੱਤੇਬਾਜ਼
5. ਸਿਆਣਾ, ਸੁਘੜ, ਗਿਆਤਾ, ਵਡਾ, ਦਾਨਾਬੀਨਾ; ਸਮਝਦਾਰ, ਸੂਝਵਾਨ

ਵਿਪਰਿਆਇ : ਵੇਖੋ ਅਨਾੜੀ

ਉੱਘ ਇ.

1. ਮਸ਼ਹੂਰੀ, ਪ੍ਰਸਿਧੀ, ਨਾਮਣਾ, ਖਿਆਤੀ, ਸ਼ੁਹਰਤ,ਪ੍ਰਮੁਖਤਾ, ਪ੍ਰਧਾਨਤਾ, ਵਿਸ਼ਿਸ਼ਟਤਾ
2. ਖਬਰ, ਸੂਹ, ਪਤਾ, ਸੁਰਾਗ, ਖੋਜ, ਟੋਹ

—ਉਘਸੁਘ ਇ: ਖ਼ਬਰਸਾਰ, ਥਹੁ-ਪਤਾ, ਟੋਹ, ਖੁਰਾ ਖੋਜ, ਥਹੁਥਿਤਾ

—ਉੱਘਾ ਵਿ: ਪ੍ਰਸਿੱਧ, ਮਸ਼ਹੂਰ, ਸਿਰਕੱਢ, ਵਿਸ਼ਿਸ਼ਟ, ਉਜਾਗਰ, ਮੰਨਿਆ-ਪ੍ਰਮੰਨਿਆ, ਸਰਕਰਦਾ, ਵਿਖਿਆਤ, ਨਾਮੀ, ਪ੍ਰਗਟ, ਪ੍ਰਤੱਖ, ਵਿਅਕਤ, ਨਾਮੀ-ਗਿਰਾਮੀ, ਜਗਤ-ਪ੍ਰਸਿੱਧ, ਸੰਸਾਰ-ਪ੍ਰਸਿੱਧ ,ਵਿਸ਼ਵ-ਵਿਖਿਆਤ, ਸਪੱਸ਼ਟ, ਸਿਰਮੌਰ, ਸ਼ਿਰੋਮਣੀ

ਵਿਪਰਿਆਇ ਵੇਖੋ : ਗੁਮਨਾਮੀ/ਗੁਮਨਾਮ

ਉਚਾਣ **ਇ :** ਉਚਿਆਈ, ਉਚਾਈ, ਬੁਲੰਦੀ, ਊਚਤਾ, ਉੱਚਤਾ

—ਉੱਚਤਾ ਇ: ਸ੍ਰੇਸ਼ਟਤਾ, ਕੁਲੀਨਤਾ, ਸ਼ਰਾਫ਼ਤ, ਸੁਸ਼ੀਲਤਾ, ਉੱਤਮਤਾ, ਸ਼ਿਸ਼ਟਤਾ, ਭਦ੍ਰਤਾ, ਮਹਾਨਤਾ, ਬਜ਼ੁਰਗੀ, ਅਜ਼ਮਤ, ਮਹਿਮਾ, ਗੌਰਵ, ਸ਼ਾਨ, ਜਲਾਲ, ਸ਼ੌਕਤ, ਪਵਿਤ੍ਰਤਾ. ਪਾਕੀਜ਼ੀ, ਵਡਿਆਈ, ਜਸ, ਕੀਰਤੀ ਵਡਿਤੱਣ

ਵਿਪਰਿਆਇ ਵੇਖੋ **: ਨਿਵਾਣ/ਨੀਚਤਾ**

ਉਚਿਤ **ਵਿ.**

1. ਢੁਕਵਾਂ, ਫ਼ਬਵਾਂ, ਜਚਦਾ, ਢੁਕਦਾ, ਫਬਦਾ, ਯੋਗ, ਮੁਨਾਸਿਬ, ਵਾਜਿਬ, ਠੀਕ, ਜਾਇਜ਼, ਅਨੁਕੂਲ
2. ਬਾਕਾਇਦਾ, ਨਿਯਮਿਤ, ਸਮੀਚੀਨ, ਉਪਯੁਕਤ
3. ਮਾਕੂਲ, ਮੌਜੂੰ

ਵਿਪਰਿਆਇ : ਵੇਖੋ **ਅਨੁਚਿਤ**

ਉਜੱਡ — ਵਿ.

1. ਅਖੱੜ, ਅੜਬ, ਗੰਵਾਰ, ਮੂੜ੍ਹ, ਕੁਚੱਜਾ,
2. ਮੂਰਖ, ਬੇਖ਼ਬਰ, ਬੇਸੂਝ, ਅਸੱਭਯ, ਅਸੰਸਕ੍ਰਿਤ
3. ਅਸ਼ਿਸ਼ਟ, ਅਭਦ੍ਰ, ਅਸ਼ਲੀਲ
4. ਅਮੋੜ, ਅੱਥਰਾ, ਗੁਸਤਾਖ਼, ਸ਼ੋਖ਼, ਜ਼ਿਦੀ
5. ਅਨਾੜੀ, ਅਣਪੜ੍ਹ, ਉਮੀ
6. ਅਹਮਕ, ਜਾਹਿਲ, ਬੁੱਧੂ
7. ਖਰ੍ਹਵਾ, ਖਲ, ਰੁੱਖਾ, ਕੌੜਾ

ਵਿਪਰਿਆਇ : ਵੇਖੋ **ਸੁੱਘੜ**

ਉੱਜਲ **ਵਿ.**

1. ਸੁਧ, ਸਾਫ਼, ਨਿਰਮਲ, ਵਿਮਲ, ਸੁਥਰਾ
2. ਸਫ਼ੈਦ, ਚਿੱਟਾ, ਸੁੰਦਰ
3. ਪਵਿਤ੍ਰ, ਪਾਕ, ਪਨੀਤ, ਪਾਵਨ,
4. ਚਮਕਦਾਰ, ਲਿਸ਼ਕਵਾਂ, ਰੌਸ਼ਨ, ਤਾਬਨਾਕ, ਤਾਬਿੰਦਾ, ਆਬਦਾਰ

—ਉਜਲਾ ਵਿ: ਚਮਕਦਾਰ, ਸਾਫ਼, ਸਫ਼ੈਦ, ਚਿੱਟਾ, ਸੁਥਰਾ, ਧੌਲਾ, ਧਵਲ, ਬੱਗਾ

ਵਿਪਰਿਆਇ : ਵੇਖੋ **ਮੈਲਾ**

ਉਜਾਲਾ **ਪੁ.**

1. ਚਾਨਣ, ਪ੍ਰਕਾਸ਼, ਲੋ, ਨੂਰ, ਰੌਸ਼ਨੀ, ਆਲੋਕ,

2. ਪਹੁ-ਫੁਟਾਲਾ, ਤੜਕਾ,
3. ਚਮਕ, ਤਾਬ, ਆਭਾ, ਪ੍ਰਭਾ, ਕਾਂਤੀ, ਆਬ

ਵਿਪਰਿਆਇ : ਵੇਖੋ ਅਨ੍ਹੇਰਾ

ਉਜਾੜ ਇ.

1. ਸੁੰਞ, ਸੁਨਸਾਨ, ਵੀਰਾਨਾ, ਬੀਆਬਾਨ, ਔਝੜ, ਉਦਿਆਨ
2. ਨਿਰਜਨਤਾ, ਬੇਆਬਾਦੀ, ਜੀਰਾਣ
3. ਰੋਹੀ, ਬੰਜਰ, ਜੰਗਲ

—ਉਜਾੜ ਪੁਜਾੜ: ਇ: } ਉਜਾੜਾ, ਤਬਾਹੀ, ਬਰਬਾਦੀ, ਸਰਵਨਾਸ, ਵਿਨਾਸ਼
—ਉਜਾੜ ਪੁ: }

ਵਿਪਰਿਆਇ : ਵੇਖੋ ਵਸੋਂ

ਉਤਸੁਕ ; ਵਿ.

1. ਇਛੱਕ, ਉਡੀਕਵਾਨ, ਤਾਂਘੀ, ਲਾਲਾਇਤ, ਉਨਮੁਖ, ਉਤਕੰਠਿਤ
2. ਜਿਗਿਆਸੂ, ਤਾਲਿਬ, ਮੁਸ਼ਤਾਕ, ਤਲਬਗਾਰ,ਚਾਹਵਾਨ
3. ਵਿਆਕੁਲ, ਬੇਕਰਾਰ, ਬੇਚੈਨ, ਬੇਤਾਬ, ਪਰੇਸ਼ਾਨ

—ਉਤਸੁਕਤਾ ਇ:

1. ਇੱਛਾ, ਉਤਕੰਠਾ, ਚਾਹਣਾ, ਚਾਹ, ਖਾਹਿਸ਼, ਤਾਂਘ, ਆਕਾਂਖਿਆ
2. ਜਿਗਿਆਸਾ, ਤਲਬ, ਜ਼ੌਕ, ਸ਼ੌਕ, ਇਸ਼ਤਿਆਕ
3. ਰੁਚੀ, ਦਿਲਚਸਪੀ, ਰੁਜਹਾਨ, ਰੁਖ
4. ਵਿਆਕੁਲਤਾ, ਬੇਚੈਨੀ, ਬੇਕਰਾਰੀ, ਅਧੀਰਤਾ

ਵਿਪਰਿਆਇ : ਵੇਖੋ ਉਪਰਾਮ/ਉਪਰਾਮਤਾ

ਉਤਕਰਸ਼ ਪੁ: ਵੇਖੋ: ਉੱਥਾਨ

ਵਿਪਰਿਆਇ : ਵੇਖੋ ਅਪਕਰਸ਼

ਉਤਪੱਤੀ ਇ.

1. ਜਨਮ, ਪੈਦਾਇਸ਼, ਉਦਗਮ, ਉਦਭਵ
2. ਉਪਜ, ਆਵਿਰਭਾਵ,
3. ਸ੍ਰਿਸ਼ਟੀ, ਸਿਰਜਨਾ, ਰਚਨਾ, ਨਿਰਮਾਣ
4. ਜ਼ਹੂਰ, ਨਮੂਦ, ਪ੍ਰਗਟਾਉ

—ਉਤਪੰਨ ਵਿ:

1. ਜਨਮਿਆ, ਜੰਮਿਆ, ਪ੍ਰਗਟਿਆ, ਉਪਜਿਆ

2. ਰਚਿਤ, ਨਿਰਮਿਤ, ਸ੍ਰਿਸ਼ਟ

ਵਿਪਰਿਆਇ : ਵੇਖੋ ਵਿਨਾਸ

ਉੱਤਮ **ਵਿ.** ਚੰਗਾ, ਸ੍ਰੇਸ਼ਟ, ਮੁਖ, ਪ੍ਰਮੁਖ, ਮੁਖੀਆ, ਮੁਖੀ

1. ਸ਼ਿਰੋਮਣੀ, ਸਰਕਰਦਾ, ਚੀਦਾ, ਚੋਣਵਾਂ, ਵਿਸ਼ਿਸ਼ਟ, ਸਿਰਮੌਰ
2. ਪਤਵੰਤਾ, ਮਾਨਯੋਗ; ਮਾਨਯਵਰ, ਪਤਵੰਤ
3. ਕੁਲੀਨ, ਕੁਲਵੰਤ, ਅਸੀਲ, ਖ਼ਾਨਦਾਨੀ
4. ਪ੍ਰਥਮ, ਪਹਲਾ, ਉਚੇਰਾ, ਉੱਚ, ਪਰਮ, ਉੱਚਾ, ਬੇਹਤਰੀਨ

ਵਿਪਰਿਆਇ : ਵੇਖੋ ਨਿਖਿਧ

ਉੱਤਰ **ਪੁ.**

1. ਜਵਾਬ, ਪ੍ਰਤਿਉੱਤਰ
2. ਸ਼ਮਾਲ, ਪਹਾੜ, ਉੱਭ
3. ਰਸੀਦ, ਪਹੁੰਚ, ਸੂਹ, ਸੁਰਾਗ਼, ਥਹੁ-ਪਤਾਗ, ਹੁੰਗਾਰਾ, ਹਾਮੀ
4. ਪਿਛਲਾ, ਮਗਰਲਾ, ਪਰਲਾ, ਪਰਵਰਤੀ

—ਉੱਤਰਦਾਈ ਵਿ. ਜਵਾਬਦਿਹ, ਜ਼ਿਮੇਦਾਰ

ਵਿਪਰਿਆਇ : ਵੇਖੋ ਪ੍ਰਸ਼ਨ

ਉਤਰਾਉ **ਪੁ.**

1. ਉਤਰਾਈ, ਲਹਾਈ, ਢਲਵਾਣ, ਢਾਲ
2. ਪਤਨ, ਗਿਰਾਵਟ, ਜ਼ਵਾਲ, ਤਨੱਜ਼ਲ, ਅਧੋਗਤੀ, ਅਧੋਗਮਨ
3. ਫਾਹ, ਖਾਰ, ਖੁਰਣ, ਖੋਰ
4. ਢਲਦੀ ਉਮਰ, ਬੁਢੇਪਾ, ਜਰਾ

—ਉਤਰਾਉ ਚੜ੍ਹਾਉ ਪੁ. 1 ਲਹਾ ਚੜ੍ਹਾ ਨਸ਼ੇਬੋ ਫ਼ਰਾਜ਼, ਅਰੂਜ ਜ਼ਵਾਲ, ਊਚ ਨੀਚ

—ਉਤਰਾਈ ਚੜ੍ਹਾਈ ਇ: ਉੱਥਾਨ ਪਤਨ

ਜਵਾਰ ਭਾਟਾ

ਵਿਪਰਿਆਇ : ਵੇਖੋ ਚੜ੍ਹਾਉ

ਉੱਤੇਜਨਾ **ਇ:**

1. ਪ੍ਰੇਰਣਾ, ਕ੍ਰਾਂਤੀ, ਜੋਸ਼, ਉਕਸਾਹਟ, ਗਰਮੀ, ਇਸ਼ਤਿਆਲ, ਭੜਕ
2. ਉਤਸਾਹ, ਗਰਮਜੋਸ਼ੀ, ਉਤਸੁਕਤਾ, ਉਤਕੰਠਾ, ਸ਼ੌਕ
3. ਤੇਜ਼ੀ, ਤੁੰਦੀ,

4. ਬੇਤਾਬੀ, ਬੇਕਰਾਰੀ
5. ਤੀਬ੍ਰਤਾ, ਤੀਖਣਤਾ, ਸ਼ਿਦੱਤ

—ਉਤੇਜਿਤ ਵਿ:

1. ਪ੍ਰੇਰਿਤ, ਪ੍ਰਜ੍ਵਲਿਤ, ਉਤਕੰਠਿਤ, ਉਤਸੁਕ
2. ਤੇਜ਼, ਤੁੰਦ, ਗਰਮ, ਪੁਰਜੋਸ਼, ਭੜਕਿਆ

ਵਿਪਰਿਆਇ : ਵੇਖੋ ਸ਼ਾਂਤੀ/ਸ਼ਾਂਤ

ਉੱਥਾਨ ਪੁ.

1. ਉਠਾਣ, ਉੱਨਤੀ, ਉਠਾਉ, ਉਤਕਰਸ਼, ਉਭਾਰ
2. ਵਿਕਾਸ, ਤਰੱਕੀ, ਵ੍ਰਿਧੀ, ਉਰੂਜ
3. ਉਚਾਈ, ਬੁਲੰਦੀ, ਚੜ੍ਹਤ, ਚੜ੍ਹਤਲ

ਵਿਪਰਿਆਇ : ਵੇਖੋ ਪਤਨ

ਉੱਦਮ ਪੁ:

1. ਆਹਰ, ਆਹਰਪਾਹਰ, ਯਤਨ, ਉਪਾਇ, ਹੀਲਾ, ਪ੍ਰਯਤਨ ਉਪਰਾਲਾ, ਕੋਸ਼ਿਸ਼, ਚਾਰਾ, ਮਿਹਨਤ, ਪਰਿਸ਼੍ਰਮ
2. ਹਿੰਮਤ, ਹੌਸਲਾ, ਪ੍ਰੋਤਸਾਹਨ
3. ਪ੍ਰੇਰਣਾ, ਸਾਧਨਾ, ਮਸ਼ਕ, ਰਿਆਜ਼ਤ, ਅਭਿਆਸ, ਕਸਬ
4. ਚਾਉ, ਜੋਸ਼, ਉਤਸੁਕਤਾ, ਉਤਸ਼ਾਹ, ਗਰਮਜੋਸ਼ੀ, ਸਰਗਰਮੀ, ਕ੍ਰਿਆਸ਼ੀਲਤਾ, ਗਤੀਸ਼ੀਲਤਾ

—ਉੱਦਮੀ ਵਿ:

1. ਹਿੰਮਤੀ, ਉਤਸਾਹੀ, ਆਹਰੀ
2. ਕਰਮਸ਼ੀਲ, ਗਤੀਸ਼ੀਲ, ਉਤਸੁਕ
3. ਜੋਸ਼ੀਲਾ, ਗਰਮਜੋਸ਼, ਸਰਗਰਮ, ਤੇਜ਼

ਵਿਪਰਿਆਇ : ਵੇਖੋ ਆਲਸ/ਆਲਸੀ

ਉਦਾਸੀ ਇ.

1. ਚਿੰਤਾ, ਫਿਕਰ, ਗ਼ਮਗੀਨੀ, ਉਕਸਾਹਟ, ਸੋਕ, ਸੋਗ, ਵਿਸ਼ਾਦ
2. ਨਿਰਾਸ਼ਾ, ਉਪਰਾਮਤਾ, ਵਿਰਕਤੀ, ਯਾਸ, ਨਾਉਮੀਦੀ, ਉਦਰੇਵਾਂ
3. ਵੈਰਾਗ, ਤਿਆਗ, ਸੰਨਿਆਸ, ਨਿਵ੍ਰਿਤੀ

—ਉਦਾਸ ਵਿ.

1. ਚਿੰਤਾਤੁਰ, ਚਿੰਤਿਤ, ਫ਼ਿਕਰਮੰਦ, ਗ਼ਮਗੀਨ, ਪਰੇਸ਼ਾਨ
2. ਸੋਗਵਾਰ, ਸੋਕਾਕੁਲ, ਸੋਗੀ, ਸੋਕਗ੍ਰਸਤ, ਵਿਸਾਦਪੂਰਣ

3. ਨਿਰਾਸ, ਨਾਉਮੀਦ, ਮਾਯੂਸ, ਹਤਾਸ਼, ਓਦਰਿਆ
4. ਵਿਰਕਤ, ਉਪਰਾਮ, ਨਿਵਿਰਤ, ਤਿਆਗੀ

—ਉਦਾਸੀਨ ਵਿ: ਉਦਾਸ, ਸੰਨਿਆਸੀ, ਤਾਰਿਕ, ਉਪਰਾਮਚਿੱਤ

ਵਿਪਰਿਆਇ : ਵੇਖੋ **ਪ੍ਰਸੰਨਤਾ**

ਉਦੈ **ਵਿ.** ਨਿਕਲਿਆ, ਚੜ੍ਹਿਆ,
2. ਜ਼ਾਹਰ, ਦਿਸਦਾ, ਪ੍ਰਸਿਧ, ਮਸ਼ਹੂਰ, ਗਿਆਤ

ਵਿਪਰਿਆਇ : ਵੇਖੋ **ਅਸਤ**

ਉਧਾਰ **ਪੁ.**
1. ਕਰਜ਼ਾ; ਰਿਣ, ਕਰਜ਼
2. ਦੇਣ, ਮਗ

ਵਿਪਰਿਆਇ : ਵੇਖੋ **ਨਕਦ**

ਉੱਨਤੀ **ਇ.**
1. ਤਰੱਕੀ, ਵਿਕਾਸ, ਇਰਤਕਾ, ਉਰੂਜ
2. ਪ੍ਰਫੁੱਲਤਾ, ਸਮ੍ਰਿਧੀ, ਖੁਸਹਾਲੀ, ਬਹੁਲਤਾ, ਅਮੀਰੀ, ਵਿਸ਼ਾਲਤਾ
3. ਬੁਲੰਦੀ, ਉਚਾਈ, ਉਚਿਆਈ,
4. ਉੱਥਾਨ, ਉਠਾਨ, ਉਭਾਰ

—ਉੱਨਤ ਵਿ.
1. ਵਿਕਸਿਤ, ਵਿਗਸਤ, ਤਰੱਕੀਯਾਫ਼ਤਾ
2. ਉੱਥਿਤ, ਪ੍ਰਫੁੱਲਿਤ
3. ਬੁਲੰਦ, ਉੱਚਾ, ਉਚੇਰਾ

ਵਿਪਰਿਆਇ : ਵੇਖੋ **ਅਵਨਤੀ**

ਉਨ੍ਹਾਲ **ਪੁ.** ਹੁਨ੍ਹਾਲ, ਗਰਮੀ, ਗਰਮਰੁਤ, ਉਸਣਕਾਲ, ਗ੍ਰੀਖਮ

—ਉਨਾਲ ਸਿਆਲ ਪੁ: 1. ਗਰਮੀ, ਸਰਦੀ, ਸਾਰਾ ਸਾਲ, ਵਰ੍ਹਾ ਭਰ
2. ਸੁਖ ਦੁਖ, ਹਰਖ ਸੋਗ, ਸ਼ਾਦੀ ਗ਼ਮੀ, ਖੁਸ਼ੀ ਗ਼ਮੀ, ਔਖ ਸੌਖ; ਮੰਦੇ ਚੰਗੇ ਦਿਨ

ਵਿਪਰਿਆਇ : ਵੇਖੋ **ਸਿਆਲ**

ਉਪਸਥਿਤੀ **ਇ.**
1. ਹਾਜ਼ਰੀ, ਮੌਜੂਦਗੀ, ਪ੍ਰਸਤੁਤੀ

2. ਹਸਤੀ, ਹੋਂਦ, ਵਜੂਦ, ਅਸਤਿਤ੍ਵ, ਵਿਆਪਕਤਾ

—ਉਪਸਥਿਤ ਵਿ.

1. ਹਾਜ਼ਰ, ਮੌਜੂਦ, ਸਾਖੀ
2. ਦਰਸ਼ਕ, ਪ੍ਰਸਤੁਤ
3. ਵਰਤਮਾਨ, ਮੌਜੂਦਾ

ਵਿਪਰਿਆਇ : ਵੇਖੋ ਅਨੁਪਸਥਿਤੀ

ਉਪਕਾਰ ਪੁ.

1. ਭਲਿਆਈ, ਨੇਕੀ, ਇਹਸਾਨ, ਕ੍ਰਿਤੱਗਿਤਾ
2. ਸਹਾਇਤਾ, ਮਦਦ, ਦਸਤਗੀਰੀ, ਮੇਹਰਬਾਨੀ
3. ਦਯਾ, ਸਖ਼ਾਵਤ, ਉਦਾਰਤਾ, ਖ਼ੈਰ-ਅੰਦੇਸ਼ੀ, ਸੁਹਿਰਦਤਾ
4. ਪਰਸੁਆਰਥ, ਪਰੋਪਕਾਰ, ਪਰਾਰਥ

—ਉਪਕਾਰੀ ਵਿ:

1. ਭਲਾ, ਨੇਕ, ਚੰਗਾ, ਸੁਹਿਰਦ
2. ਨੇਕ-ਦਿਲ, ਦਯਾਲੂ, ਸਖ਼ੀ, ਉਦਾਰ, ਉਦਾਰ-ਚਿਤ, ਮੇਹਰਬਾਨ
3. ਮਦਦਗਾਰ, ਸਹਾਇਕ, ਦਸਤਗੀਰ
4. ਪਰਸੁਆਰਥੀ, ਪਰੋਪਕਾਰੀ

ਵਿਪਰਿਆਇ ; ਵੇਖੋ ਅਪਕਾਰ

ਉਪਮਾ ਇ.

1. ਉਸਤਤਿ, ਸ਼ਲਾਘਾ, ਤਾਰੀਫ਼, ਪ੍ਰਸ਼ੰਸਾ, ਮਹਿਮਾ, ਜਸ, ਕੀਰਤੀ, ਨਾਮ, ਸ਼ੋਭਾ, ਵਡਿਆਈ, ਨਾਮਣਾ
2. ਹਮਦ, ਮੰਗਲਾਚਰਣ, ਮੁਨਾਜਾਤ, ਮਦਹ
3. ਸਮਾਨਤਾ, ਮੇਲ, ਸਮਰੂਪਤਾ, ਇਕਰੂਪਤਾ, ਇਕਸੁਰਤਾ, ਏਕਤਾ, ਇਕਸਾਰਤਾ
4. ਤੁਲਨਾ, ਮੁਸ਼ਾਬਹਤ, ਤਸ਼ਬੀਹ

ਵਿਪਰਿਆਇ : ਵੇਖੋ ਨਿੰਦਾ

ਉਪਯੋਗ ਪੁ.

1. ਵਰਤੋਂ, ਇਸਤਿਮਾਲ
2. ਲਾਭ, ਫ਼ਾਇਦਾ, ਲਾਹਾ
3. ਮਹੱਤ੍ਵ, ਕੀਮਤ, ਕ਼ਦਰ, ਅਹਮੀਅਤ, ਮਹੱਤਾ

—ਉਪਯੋਗੀ ਵਿ:

1. ਲਾਭਦਾਇਕ, ਲੋੜੀਂਦਾ, ਲਾਹੇਵੰਦ, ਮੁਫ਼ੀਦ, ਨਫ਼ੇਵੰਦਾ,
2. ਮਹਤ੍ਵਪੂਰਣ, ਅਹਮ, ਬਹੁ-ਮੁਲਾ

ਵਿਪਰਿਆਇ : ਵੇਖੋ ਦੁਰੁਪਯੋਗ

ਉਪਰਾਮ ਵਿ.

1. ਉਚਾਟ, ਉਦਾਸ, ਉਦਾਸੀਨ, ਉਪਰਾਮ-ਚਿੱਤ, ਵੈਰਾਗੀ, ਵਿਰਕਤ, ਤਿਆਗੀ
2. ਨਿਰਾਸ਼, ਹਤਾਸ਼, ਮਾਯੂਸ, ਨਾਉਮੀਦ, ਅਨਾਸਕਤ
3. ਬੇਆਰਜ਼ੂ, ਦਿਲਸਰਦ, ਬੀਤਰਾਗ
4. ਫ਼ਾਰਗ, ਨਿਵ੍ਰਿਤ

ਉਪਰਾਮਤਾ ਇ. ਉਦਾਸੀ, ਉਦਾਸੀਨਤਾ, ਉਕਤਾਹਟ, ਵਿਰਕਤੀ, ਵੈਰਾਗ, ਤਿਆਗ, ਨਿਰਾਸ਼ਾ, ਮਾਯੂਸੀ, ਨਾਉਮੀਦੀ, ਨਿਵ੍ਰਿਤੀ, ਅਨਾਸਥਾ, ਅਨਾਸਕਤੀ

ਵਿਪਰਿਆਇ : ਵੇਖੋ ਉਤਸੁਕ

ਉਪਾਸਨਾ ਇ.

1. ਪ੍ਰਾਰਥਨਾ, ਆਰਾਧਨਾ, ਪੂਜਾ, ਅਰਚਾ, ਦੁਆ
2. ਭਗਤੀ, ਬੰਦਗੀ, ਇਬਾਦਤ, ਭਜਨ

—ਉਪਾਸਕ ਵਿ.

1. ਉਪਾਸਕ, ਪੁਜਾਰੀ, ਪ੍ਰਾਰਥੀ, ਆਰਾਧਕ
2. ਭਗਤ, ਸ਼ਰਧਾਲੂ, ਆਸਥਾਵਾਨ, ਆਬਿਦ, ਇਬਾਦਤਗੁਜ਼ਾਰ, ਸੇਵਕ

ਵਿਪਰਿਆਇ : ਵੇਖੋ ਅਨੁਪਾਸਨਾ

ਉਮੰਗ ਇ.

1. ਤਾਂਘ, ਇੱਛਾ, ਲਾਲਸਾ, ਖ਼ਾਹਿਸ਼, ਇਸ਼ਤਿਆਕ
2. ਵਲਵਲਾ, ਮੌਜ, ਲਹਿਰ, ਮਨੋਵੇਗ, ਤਰੰਗ, ਉਮਾਹ, ਵੇਗ
3. ਖੁਸ਼ੀ, ਸ਼ੌਕ, ਉਤਸਾਹ, ਚਾਹ, ਚਾਉ

ਵਿਪਰਿਆਇ : ਵੇਖੋ ਹਸਰਤ

ਉੱਮੀ ਵਿ.

1. ਅਨਪੜ੍ਹ, ਬੇਖ਼ਬਰ, ਨਿਰੱਖਰ
2. ਜਾਹਿਲ, ਅਗਿਆਨੀ, ਬੇਵਕੂਫ਼, ਮੂਰਖ, ਮੁਗਧ

3. ਗੰਵਾਰ, ਉਜੱਡ, ਅਨਾੜੀ

ਵਿਪਰਿਆਇ : ਵੇਖੋ ਆਲਿਮ

ਉਮੀਦ ਇ.

1. ਆਸ, ਤਾਂਘ, ਆਸ਼ਾ, ਆਕਾਂਖਿਆ, ਇੱਛਾ, ਖ਼ਾਹਿਸ਼, ਚਾਹ
2. ਕਾਮਨਾ, ਅਭਿਲਾਸ਼ਾ, ਤਲਬ

—ਉਮੀਦਵਾਰ ਵਿ. ਆਸਵੰਦ, ਤਾਂਘੀ, ਚਾਹਵਾਨ, ਇਛਕ, ਅਭਿਲਾਸ਼ੀ, ਤਲਬਗਾਰ

ਵਿਪਰਿਆਇ : ਵੇਖੋ ਨਾਉਮੀਦੀ

ਉਲੰਘਨ ਪੁ.

1. ਉਲੰਘਣਾ, ਵਿਰੋਧ, ਨਾਮਨਜ਼ੂਰੀ, ਮੁਖਾਲਫਤ, ਆਗਿਆ-ਭੰਗ
2. ਅਵੱਗਿਆ, ਹੁਕਮਅਦੂਲੀ, ਸਰਕਸ਼ੀ, ਸਰਤਾਬੀ, ਨਾਫ਼ਰਮਾਨੀ

ਵਿਪਰਿਆਇ : ਵੇਖੋ ਪਰਵਾਨਗੀ

ਉਲਟਾ ਵਿ.

1. ਮੂਧਾ, ਪੁੱਠਾ, ਵਿਪਰੀਤ, ਬਰਅਕਸ, ਖ਼ਿਲਾਫ਼, ਵਿਰੁਧ
2. ਬੇਤਰਤੀਬਾ, ਬੇਰਬਤ, ਖਿੰਡਿਆ-ਪੁੰਡਿਆ
3. ਕੁਵਾਦੀ, ਝਗੜਾਲੂ, ਘੁਣਤਰੀ, ਨਿਘੋਚੀ
4. ਵਾਮਮਾਰਗੀ, ਵਾਮਪੰਥੀ, ਵਿਪਰੀਤਗਾਮੀ
5. ਕਸੂਤਾ, ਕੁਚਾਲਾ, ਕੁਚੱਜਾ, ਅੜਬ, ਅਖੱੜ, ਕਾਫ਼ਰ

—ਉਲਟ/ਉਲਟਾਉ ਪੁ.

1. ਵਿਪਰਿਆਇ, ਵਿਰੋਧ, ਪੁੱਠ
2. ਬੇਰਬਤੀ, ਬੇਤਰਤੀਬੀ
3. ਕੁਵਾਦ, ਝਗੜਾ, ਘੁਣਤਰ, ਨਿਘੋਚ
4. ਵਾਮਤਾ, ਵਿਪਰੀਤਤਾ
5. ਕਸੂਤਾਪਣ, ਕੁਚੱਜਤਾ, ਅੜਬਪੁਣਾ, ਢੁੱਚਰ

ਵਿਪਰਿਆਇ : ਵੇਖੋ ਸਿੱਧਾ

ਉਲਫਤ ਇ.

1. ਪਿਆਰ, ਚਾਹ, ਪ੍ਰੇਮ, ਮੁਹੱਬਤ, ਸਨੇਹ, ਪ੍ਰੀਤ
2. ਮਿਤ੍ਰਤਾ, ਦੋਸਤੀ, ਮੈਤ੍ਰੀ, ਯਾਰੀ

3. ਲਗਾਉ, ਉਨਸ, ਇਸ਼ਕ

ਵਿਪਰਿਆਇ : ਵੇਖੋ ਅਦਾਵਤ

ਉਲਾਰ **ਪੁ.**

1. ਝੁਕਾਉ, ਨਿਉਣ, ਮੈਲਾਨ, ਰੁਜਹਾਨ, ਰਗ਼ਬਤ, ਰਜੂਹ, ਦਬਾਉ
2. ਅਸੰਤੁਲਨ, ਅਸਮਤਾ, ਨਾਹਮਵਾਰੀ, ਕੋਣ

ਵਿ.

1. ਝੁਕਵਾਂ, ਨਿਵਿਆ, ਅਸੰਤੁਲਿਤ
2. ਅਸਮਾਨ, ਨਾਹਮਵਾਰ, ਦਬਾਊ, ਉਲ਼ਾਰੂ

ਵਿਪਰਿਆਇ : ਵੇਖੋ ਸਾਵਾਂਪਣ

ਊਚ **ਵਿ.**

1. ਉੱਚ, ਉੱਚਾ, ਉੱਤਮ, ਸ੍ਰੇਸ਼ਟ, ਵਿਸ਼ੇਸ਼
2. ਉਦਾਰ, ਵਡਾ, ਬੁਲੰਦਮਰਤਬਾ, ਮਹਾਨ, ਮਹਿਮਾਵਾਨ, ਗੌਰਵਸ਼ਾਲੀ
3. ਕੁਲੀਨ, ਅਸੀਲ, ਸ਼ਰੀਫ਼, ਨਜੀਬ, ਖ਼ਾਨਦਾਨੀ, ਉੱਚ-ਵੰਸੀ ਕੁਲਵੰਤ

—ਉੱਚਾ ਵਿ. 1. ਊਚ, ਬੁਲੰਦ, ਉੱਨਤ

2. ਪਤਵੰਤਾ, ਸ੍ਰੇਸ਼ਟ, ਕੁਲੀਨ, ਸੁਸ਼ੀਲ, ਅਸੀਲ, ਸ਼ਰੀਫ਼
3. ਸ਼ਕਤੀਸ਼ਾਲੀ, ਅਧਿਕਾਰੀ, ਜ਼ੋਰਾਵਰ, ਬਲਵਾਨ, ਬਲਵੰਤ

ਵਿਪਰਿਆਇ : ਵੇਖੋ ਨੀਚ

ਊਣਾ **ਵਿ.**

1. ਊਰਾ, ਅਧੂਰਾ, ਮੁੰਨਾ, ਅੱਧ-ਪਚੱਧਾ
2. ਅਪੂਰਣ, ਨਾ ਮੁਕੰਮਲ
3. ਨਾਕਿਸ, ਕਮਜ਼ਰਫ਼, ਥੁੜ-ਵਿੱਤਾ, ਅਲਪੱਗ, ਅਲਪਮਤ, ਕਮਇਲਮ
4. ਹੋਛਾ, ਹੌਲਾ, ਹਊਰਾ, ਹਲਕਾ, ਤੁੱਛ

ਵਿਪਰਿਆਇ : ਵੇਖੋ ਭਰਪੂਰ

ਊਤ **ਵਿ.**

1. ਔਤ, ਔਤਰਾ, ਨਿਪੁੱਤਾ, ਲਾਵਲਦ, ਸੰਤਾਨਹੀਨ, ਨਿਖਤਰਾ
2. ਖ਼ਰਾਬ, ਭੈੜਾ, ਆਵਾਰਾ, ਨਿਕੰਮਾ, ਨਾਕਾਰਾ
3. ਮੂਰਖ, ਬੇਵਕੂਫ਼, ਬੁਧੀਹੀਨ, ਬੇਸਮਝ, ਜਾਹਿਲ, ਕਮਅਕਲ,

ਬੇਅਕਲ, ਮੂੜ੍ਹ, ਮੁਗਧ

4. ਅਨਾੜੀ, ਉਜੱਡ, ਗੰਵਾਰ, ਅਖੱੜ

5. ਝੱਲਾ, ਫਜ਼ੂਲ, ਵਾਹਯਾਤ, ਬੇਹੂਦਾ, ਵਲੱਲਾ

6. ਖ਼ਰਾਬ, ਨਾਸ, ਰਾਇਗਾ

ਵਿਪਰਿਆਇ : ਵੇਖੋ ਸੂਤ/ਸੌਤਰ

ਊਧਮ **ਪੁ.**

1. ਹੁਲੜ, ਧਮਚੱੜ, ਸ਼ੋਰ, ਰੌਲਾ, ਹੰਗਾਮਾ, ਰੌਲਾ-ਗੌਲਾ, ਖੱਪਖੋੜ
2. ਉਪੱਦਰ, ਦੰਗਾ-ਫਸਾਦ, ਖਰੂਦ, ਫਤੂਰ, ਸ਼ੋਰ, ਗੌਗਾ, ਉਧਮੂਲ, ਖਲਲ, ਹਾਲ-ਦੁਹਾਈ, ਹਾਲ-ਪਾਹਰਿਆ, ਸਿਆਪਾ
3. ਗੜਬੜ, ਹਲਚਲ, ਅਫਰਾ-ਤਫ਼ਰੀ, ਤਰੱਥਲੀ, ਕੋਲਾਹਲ, ਹੜਬੋਂਗ ਹੁਲੜਬਾਜ਼ੀ

ਵਿਪਰਿਆਇ : ਵੇਖੋ ਚੁਪ

ਊਰਾ **ਵਿ.**

1. ਊਣਾ, ਅਧੂਰਾ, ਅਪੂਰਣ, ਨਾਮੁਕੰਮਲ,
2. ਹੌਲਾ, ਤੁਛ, ਨਾਚੀਜ਼, ਹੀਣ, ਹਕੀਰ, ਨਾਕਿਸ,
3. ਅਨਾੜੀ, ਕਮਇਲਮ, ਕਮਜ਼ਰਫ਼, ਹੋਛਾ, ਥੋਥਾ
4. ਕਮੀਨਾ, ਸਿਫਲਾ, ਬਦਜ਼ਾਤ, ਬੁਰਾ, ਰਜ਼ੀਲ, ਨਿਕ੍ਰਿਸ਼ਟ, ਖ਼ਬੀਸ

ਵਿਪਰਿਆਇ : ਵੇਖੋ ਪੂਰਾ

ਊਸ਼ਾ **ਇ.**

ਊਸ਼ਾ, ਪਹੁ-ਫੁਟਾਲਾ, ਪਹੁ-ਫੁਟੀ, ਪ੍ਰਭਾਤ, ਤੜਕਾ, ਅੰਮ੍ਰਿਤਵੇਲਾ, ਬ੍ਰਹਮਵੇਲਾ, ਉਸ਼ੇਰ, ਭੋਰ, ਉਜਾਲਾ, ਉਜਿਆਰਾ, ਲੋ, ਟਿਕੀਵੇਲਾ

ਵਿਪਰਿਆਇ : ਵੇਖੋ ਸੰਧਿਆ

ਓਟ **ਇ.**

1. ਪਰਦਾ, ਓਹਲਾ, ਆੜ, ਆਸਰਾ, ਸਹਾਰਾ, ਸ਼ਰਣ, ਪਨਾਹ
2. ਰਖਿਆ, ਹਿਫ਼ਾਜ਼ਤ, ਸੁਰਖਿਆ, ਰਛਿਆ, ਰੱਛਾ
3. ਮਦਦ, ਸਹਾਇਤਾ, ਹਮਾਇਤ, ਦਸਤਗੀਰੀ, ਇਮਦਾਦ
4. ਲੁਕਾ, ਛੁਪਾ, ਸਤਰ

5. ਭੇਤ, ਰਮਜ਼, ਰਾਜ਼, ਮਰਮ, ਰਖਨਾ

ਵਿਪਰਿਆਇ : ਵੇਖੋ ਸਨਮੁਖਤਾ

ਓਪਰਾ ਵਿ.

1. ਬੇਗਾਨਾ, ਬੇਪਛਾਨ, ਪਰਾਇਆ, ਬਾਹਰਲਾ
2. ਪਰਦੇਸੀ, ਨਾਵਾਕਫ਼, ਅਜਨਬੀ, ਅਪਰਿਚਿਤ, ਅਗਿਆਤ, ਅਵਿਦਿਤ
3. ਓਬੜ, ਹੋਰ, ਗ਼ੈਰ, ਦੂਜਾ

—ਓਪਰਾਪਣ ਪੁ.

1. ਬੇਗਾਨਗੀ, ਪਰਾਇਆਪਣ
2. ਗ਼ੈਰੀਅਤ, ਅਜਨਬੀਅਤ
3. ਅਪਰਿਚਯ, ਨਾਵਾਕਫ਼ੀਅਤ
4. ਓਬੜਪਣ, ਦਵੈਗੀ, ਦੂਈ, ਦ੍ਵੈਤ, ਦ੍ਵੰਦ

ਵਿਪਰਿਆਇ ਵੇਖੋ ਜਾਣੂ

ਓੜਕ ਵਿ.

1. ਅਖੀਰ, ਅੰਤ, ਛੇਕੜ
2. ਸਿਰਾ, ਹੱਦ, ਸਰੰਜਾਮ
3. ਅੰਤ, ਇਨਤਹਾ, ਆਖ਼ਰ

—ਓੜਕ—ਕਿ., ਵਿ. ਓੜਕ ਨੂੰ, ਅਖੀਰ ਨੂੰ, ਅੰਤ ਨੂੰ, ਅਖੀਰ, ਆਖਿਰਕਾਰ, ਗਲ ਕੀ, ਮੁਕਦੀ ਗਲ

ਵਿਪਰਿਆਇ : ਵੇਖੋ ਮੁੱਢ

ਅਸੱਤ ਪੁ.

ਝੂਠ, ਕੂੜ, ਮਿਥਿਆ, ਬਾਤਿਲ, ਦਰੋਗ

—ਅਸੱਤ ਵਿ. ਅਯਥਾਰਥ, ਝੂਠਾ, ਨਕਲੀ, ਕੂੜਾ, ਗੈਰਹਕੀਕੀ, ਮਿਥਿਆ, ਬਾਤਿਲ

ਵਿਪਰਿਆਇ : ਵੇਖੋ **ਸੱਤ**

ਅਸਤ ਵਿ.

1. ਛਿਪਿਆ, ਡੁਬਿਆ, ਗਰੂਬ, ਲਹਿੰਦਾ
2. ਅਦ੍ਰਿਸ਼ਟ, ਲੁਪਤ, ਮਖ਼ਫ਼ੀ, ਮਸਤੂਰ

ਵਿਪਰਿਆਇ : ਵੇਖੋ **ਉਦੈ**

ਅਸਥਾਈ ਵਿ.

1. ਨਾਪਾਇਦਾਰ, ਗ਼ੈਰਮੁਸਤਕਿਲ, ਅਸਥਿਰ, ਆਰਜ਼ੀ, ਕੱਚਾ
2. ਚੰਚਲ, ਚਪਲ, ਡਾਂਵਾਡੋਲ

ਵਿਪਰਿਆਇ : ਵੇਖੋ **ਸਥਾਈ**

ਅਸਫਲ ਵਿ.

1. ਨਾਕਾਮ, ਨਾਕਾਮਯਾਬ
2. ਨਿਸਫਲ, ਨਿਹਫਲ, ਅਫਲ, ਅਕਾਰਥ
3. ਰਾਇਗਾਂ, ਪਰਿਣਾਮ-ਹੀਣ, ਅੰਵਾਈਂ

ਵਿਪਰਿਆਇ : ਵੇਖੋ **ਸਫਲ**

ਅਸਭ੍ਯਤਾ ਇ.

1. ਬਦਤਹਜ਼ੀਬੀ, ਬਦੋਤਮੀਜ਼ੀ
2. ਉਜੱਡਪੁਣਾ, ਅਖੱੜਪੁਣਾ, ਅਨਾੜੀਪੁਣਾ
3. ਅਸ਼ਿਸ਼ਟਤਾ, ਅਸੰਸਕ੍ਰਿਤੀ, ਅਭਦ੍ਰਤਾ
4. ਗੰਵਾਰਪਣ, ਨਾਸ਼ਾਇਸਤਗੀ

—ਅਸਭਤ ਵਿ.
1. ਬਦਤਹਜ਼ੀਬ, ਬਦਤਮੀਜ਼, ਬਦਅਖ਼ਲਾਕ
2. ਉਜੱਡ, ਅਖੱੜ, ਗੰਵਾਰ, ਅਨਾੜੀ, ਅਭਦ੍ਰ, ਅਸ਼ਿਸ਼ਟ, ਅਸੰਸਕ੍ਰਿਤ
3. ਜਾਂਗਲੀ, ਵਹਿਸ਼ੀ

ਵਿਪਰਿਆਇ : ਵੇਖੋ **ਸਭਯਤਾ**

ਅਸਮਰਥ ਵਿ.
1. ਕਮਜ਼ੋਰ, ਬੇਤਾਕਤ, ਨਿਰਬਲ, ਮਾੜਾ, ਅਸ਼ਕਤ, ਦੁਬਲਾ, ਪਤਲਾ ਦੁਰਬਲ
2. ਆਜਿਜ਼, ਮਜਬੂਰ, ਕਾਸਿਰ, ਲਾਚਾਰ, ਦਰਮਾਂਦਾ, ਮਾਜ਼ੂਰ

ਵਿਪਰਿਆਇ : ਵੇਖੋ **ਸਮਰਥ**

ਅਸਮਾਨ ਵਿ.
1. ਨਾਬਰਾਬਰ, ਅਸਮ
2. ਉੱਚਾ ਨੀਵਾਂ, ਅਪਧੱਰਾ, ਨਾਹਮਵਾਰ

— **ਅਸਮਾਨਤਾ** ਇ.
1. ਨਾਬਰਾਬਰੀ, ਅਸਮਤਾ
2. ਨਾਹਮਵਾਰੀ, ਅਪੱਧਰ

ਵਿਪਰਿਆਇ : ਵੇਖੋ **ਸਮਾਨ/ਸਮਾਨਤਾ**

ਅਸਲ ਪੁ.
1. ਮੂਲ, ਜੋੜ੍ਹ, ਤੁਖ਼ਮ, ਬੀਜ, ਅਸਲਾ, ਬੀ
2. ਵੰਸ਼, ਬੰਸ, ਖਾਨਦਾਨ, ਖ਼ਾਨਦਾਨ, ਘਰਾਣਾ, ਕੁਨਬਾ, ਕਬੀਲਾ, ਪਰਿਵਾਰ, ਕੁਲ
3. ਸੋਮਾ, ਸ੍ਰੋਤ, ਸਰੋਚਸ਼ਮਾ, ਮਸਦਰ, ਮੰਬਾ, ਆਦਿ, ਉਦਭਵ, ਉਦਗਮ
4. ਸੱਚ, ਸਤ, ਵਾਸਤਵ, ਯਥਾਰਥ, ਹਕੀਕਤ, ਅਸਲੀਅਤ
5. ਮੂਲਧਨ, ਰਾਸ, ਪੂੰਜੀ, ਸਰਮਾਇਆ

—**ਅਸਲ ਵਿ.** 1. ਖਰਾ, ਖ਼ਾਲਿਸ, ਸ਼ੁੱਧ, ਅਸਲੀ
2. ਵਾਕਈ, ਸਚਾ, ਵਾਸਤਵਿਕ, ਹਕੀਕੀ, ਸਹੀ, ਯਥਾਰਥ,

—**ਦਰ ਅਸਲ ਕਿ. ਵਿ.** ਵਾਸਤਵ ਵਿਚ, ਅਸਲ ਵਿਚ, ਦਰ ਹਕੀਕਤ, ਸਚੀਂ ਮੁਚੀਂ

ਵਿਪਰਿਆਇ : ਵੇਖੋ **ਨਕਲ**

ਅਸੰਭਵ ਵਿ.

ਅਣਹੋਣਾ, ਨਾਮੁਮਕਿਨ, ਅਸਾਧ, ਔਖਾ, ਮੁਸ਼ਕਿਲ, ਕਠਿਨ

ਵਿਪਰਿਆਇ : ਵੇਖੋ ਸੰਭਵ

ਅਸੀਸ ਇ.

1. ਆਸ਼ੀਰਵਾਦ, ਸ਼ੁਭ ਇੱਛਾ, ਮੰਗਲ ਕਾਮਨਾ
2. ਦੁਆ, ਸਰਵਾਰ

ਵਿਪਰਿਆਇ : ਵੇਖੋ ਦੁਰਾਸੀਸ

ਅਸੀਲ ਵਿ.

1. ਸ਼ਰੀਫ਼, ਸਾਊ, ਭਲਾਮਾਣਸ, ਭਲਾ, ਨੇਕ, ਚੰਗਾ, ਸੁਸ਼ੀਲ, ਸਦਾਚਾਰੀ, ਸੁਭਦ੍ਰ, ਸਭ੍ਯ, ਸ਼ਾਇਸਤਾ, ਮੁਹੱਜ਼ਬ, ਸ੍ਰੇਸ਼ਟ, ਉੱਤਮ
2. ਖ਼ਾਨਦਾਨੀ, ਕੁਲੀਨ, ਉਚ-ਵੰਸ਼ੀ, ਕੁਲਵੰਤ
3. ਪਤਵੰਤਾ, ਮਾਨਨੀਯ, ਇਜ਼ੱਤਦਾਰ, ਮੁਅੱਜ਼ਜ਼
4. ਆਗਿਆਕਾਰ, ਆਗਿਆਪਾਲ, ਅਨੰਨ
5. ਅਸਲ, ਸੁੱਚਾ, ਖ਼ਾਲਿਸ, ਸ਼ੁਧ, ਸਾਫ਼, ਖਰਾ, ਮਿਲਾਵਟ-ਰਹਿਤ, ਅਮਿਸ਼੍ਰਿਤ

ਵਪਰਿਆਇ : ਵੇਖੋ ਅੱਥਰਾ

ਅਹੰਕਾਰ ਪੁ.

ਹੰਕਾਰ, ਘੁਮੰਡ, ਖ਼ੁਦੀ, ਹੈਂਕੜ, ਹਉਮੈ, ਅਹੰਗਤਾ, ਅਭਿਮਾਨ, ਗ਼ਰੂਰ, ਤਕਬੱਰ, ਆਕੜ, ਚੋੜ

ਵਿਪਰਿਆਇ : ਵੇਖੋ ਨਮ੍ਰਤਾ

ਅਹਿੰਸਾ ਇ. ਅਦਮ-ਤਸ਼ੱਦਦ, ਨਰਮੀ, ਰਹਿਮਦਿਲੀ, ਕੋਮਲਤਾ, ਮ੍ਰਿਦੁਲਤਾ ਹਮਦਰਦੀ, ਕਰੁਣਾ, ਸਮਵੇਦਨਾ, ਸਹਾਨੁਭੂਤੀ

ਵਿਪਰਿਆਇ : ਵੇਖੋ ਹਿੰਸਾ

ਅਕਲ ਪੁ.

1. ਮਤਿ, ਬੁੱਧ, ਸੁਰਤ
2. ਸਮਝ, ਸੂਝ, ਸਿਆਣਪ, ਤਮੀਜ਼, ਸ਼ਊਰ
3. ਹੋਸ਼, ਦਾਨਾਈ, ਦਾਨਿਸ਼, ਅਕਲਮੰਦੀ
4. ਇਲਮ, ਇਦਰਾਕ, ਗਿਆਨ, ਫ਼ਹਮ

—ਅਕਲਮੰਦ ਵਿ.

1. ਸਿਆਣਾ, ਸੂਝਵਾਨ, ਹੋਸ਼ਮੰਦ
2. ਬੁਧੀਮਾਨ, ਬੁਧਵਾਨ, ਦਾਨਾ
3. ਮੁਹਤਾਤ, ਖ਼ਬਰਦਾਰ, ਹੁਸ਼ਿਆਰ, ਚੇਤੰਨ, ਸਾਵਧਾਨ, ਪ੍ਰਬੁੱਧ
4. ਪ੍ਰਬੀਣ, ਚਤੁਰ, ਨਿਪੁਣ
6. ਗਿਆਨਵਾਨ, ਗਿਆਤਾ, ਗਿਆਨੀ, ਆਲਿਮ, ਆਰਿਫ਼

—ਅਕਲਮੰਦੀ ਇ. 1. ਸਿਆਣਪ, ਮਤ, ਬੁਧ, ਸਮਝ ਸੂਝ, ਤਮੀਜ਼, ਦਾਨਾਈ, ਗਿਆਨ, ਦਾਨਿਸ਼, ਦੂਰੰਦੇਸ਼ੀ

2 ਇਹਤਿਆਤ, ਚੇਤੰਨਤਾ, ਸਾਵਧਾਨੀ, ਹੁਸ਼ਿਆਰੀ

ਵਿਪਰਿਆਇ : ਵੇਖੋ **ਬੇਅਕਲੀ**

ਅਖ਼ੀਰ **ਪੁ.**

1. ਅੰਤ, ਓੜਕ, ਛੇਕੜ, ਸਰੰਜਾਮ
2. ਸਿਰਾ, ਹੱਦ, ਇਨਤਹਾ
3. ਫਲ, ਨਤੀਜਾ, ਸਿੱਟਾ, ਅੰਜਾਮ, ਪਰਿਣਾਮ
4. ਅੰਤ, ਆਖ਼ਰ, ਹੱਦ

—ਅਖ਼ੀਰੀ ਵਿ. ਅੰਤਿਮ, ਆਖ਼ਰੀ, ਅੰਤਲਾ, ਛੇਕੜਲਾ

ਵਿਪਰਿਆਇ : ਵੇਖੋਂ **ਸ਼ੁਰੂ**

ਅਗਿਆਨ **ਪੁ.**

1. ਬੇਇਲਮੀ, ਬੇਸਮਝੀ, ਬੇਖ਼ਬਰੀ, ਨਾਦਾਨੀ, ਅਵਿਦਿਆ, ਅਗਿਅਤਾ
2. ਨਾਵਾਕਫ਼ੀ, ਅਬੋਧਤਾ, ਜਹਾਲਤ, ਅਣਜਾਣਪੁਣਾ
3. ਅਨ੍ਹੇਰਾ, ਤਿਮਰ, ਅੰਧਕਾਰ, ਲਾਇਲਮੀ

—ਅਗਿਆਤ ਵਿ.

1. ਨਾਮਾਲੂਮ, ਅਵਿਦਿਤ, ਅਪਰਿਚਿਤ, ਗੁਮਨਾਮ
2. ਲਾਪਤਾ, ਲੁਪਤ, ਮਸਤੂਰ, ਲੁਕਿਆ

ਵਿਪਰਿਆਇ : ਵੇਖੋ **ਗਿਆਨ**

ਅੱਗਾ **ਪੁ.**

1. ਸਾਮ੍ਹਣਾ, ਮੁਹਰਾ, ਮੱਥਾ, ਅਗਾੜੀ
2. ਪਰਲੋਕ, ਭਵਿਖ, ਆਕਬਤ, ਪਲਤ
3. ਅੰਤ, ਅੰਜਾਮ, ਅਖ਼ੀਰ

—**ਅੱਗਾ ਪਿੱਛਾ ਪੁ.** ਆਦਿ ਅੰਤ, ਆਲਾ ਦੁਆਲਾ, ਅਗਲਾ ਪਿਛਲਾ, ਢਿੱਲ ਮੱਠ, ਸੰਕੋਚ, ਇਹਤਿਆਤ, ਨਤੀਜਾ, ਫਲ, ਸਿੱਟਾ

ਵਿਪਰਿਆਇ : ਵੇਖੋ ਪਿੱਛਾ

ਅਚੇਤ ਵਿ.

1. ਬੇਸੁਧ, ਅਚੇਤਨ, ਮੂਰਛਿਤ, ਬੇਹੋਸ਼, ਬੇਸੁਰਤ
2. ਅਸਾਵਧਾਨ, ਬੇਖ਼ਬਰ, ਬੇਪ੍ਰਵਾਹ, ਨਿਰਪੇਖ
3. ਸਹਸ ਸੁਭਾ, ਸੁਭਾਵਿਕ, ਪ੍ਰਾਕ੍ਰਿਤਕ, ਕੁਦਰਤੀ

ਵਿਪਰਿਆਇ : ਵੇਖੋ ਚੇਤ

ਅਜਲ ਇ.

1. ਮੌਤ, ਕਾਲ, ਅੰਤ, ਮ੍ਰਿਤੂ, ਅੰਤਕਾਲ
2. ਹੋਣੀ, ਭਾਵੀ

ਵਿਪਰਿਆਇ : ਵੇਖੋ ਹਯਾਤ

ਅਜ਼ਲ ਪੁ.

1. ਮੁੱਢ ਕਦੀਮ, ਅਨਾਦਿ, ਪਰਾਰੰਭ, ਆਦਿ, ਆਦਿ ਜੁਗਾਦਿ

—**ਅਜ਼ਲੀ ਵਿ.** ਮੁੱਢ ਕਦੀਮੀ, ਅਨਾਦੀ, ਜੁਗਾਦੀ, ਪਰਾਰੰਭਕ

ਵਿਪਰਿਆਇ : ਵੇਖੋ ਅਬਦ

ਅਜ਼ਾਬ ਪੁ.

1. ਦੁਖ, ਕਸ਼ਟ, ਤਸੀਹਾ, ਤਕਲੀਫ਼, ਆਜ਼ਾਰ, ਮੁਸੀਬਤ, ਬਿਪਤਾ, ਬਲਾ
2. ਪੀੜਾ, ਦਰਦ, ਯਾਤਨਾ
3. ਔਖ, ਔਖਿਆਈ

ਵਿਪਰਿਆਇ : ਵੇਖੋ ਰਾਹਤ

ਅੰਜਾਮ ਪੁ.

1. ਅੰਤ, ਅਖ਼ੀਰ, ਓੜਕ, ਛੇਕੜ, ਇਤਿ, ਇਨਤਹਾ, ਆਖ਼ਰ
2. ਫੈਲ, ਨਤੀਜਾ, ਸਿੱਟਾ, ਪਰਿਣਾਮ, ਨਿਸ਼ਕਰਸ਼

ਵਿਪਰਿਆਇ : ਵੇਖੋ ਆਗਾਜ਼

ਅੰਞਾਣਾ ਵਿ.

1. ਨਿਆਣਾ, ਬੱਚਾ, ਬਾਲ, ਜਾਤਕ, ਸ਼ਿਸ਼ੂ, ਮਾਸੂਮ, ਬਾਲਕ
2. ਅਣਜਾਣ, ਨਾਦਾਨ, ਨਾਵਾਕਿਫ਼, ਬੇਸਮਝ, ਬੇਅਕਲ, ਅਗਿਆਨੀ
3. ਜਾਹਿਲ, ਮੂਰਖ, ਮੁਗਧ, ਅਹਮਕ, ਬੇਵਕੂਫ਼

ਵਿਪਰਿਆਇ : ਵੇਖੋ ਸਿਆਣਾ

ਅਡਰਾ ਵਿ.

1. ਅਡ, ਵੱਖ, ਵਖਰਾ, ਅਲਗ, ਅਲਹਦਾ, ਜੁਦਾ, ਭਿੰਨ, ਵਿਭਿੰਨ
2. ਨਿਆਰਾ, ਵਿਚਿਤ੍ਰ, ਵਿਲਖਣ, ਅਨੂਠਾ, ਅਨੋਖਾ, ਅਸਾਧਾਰਨ, ਗ਼ੈਰ ਮਾਮੂਲੀ, ਅਲੌਕਿਕ, ਅਪੂਰਵ, ਵਿਸ਼ਿਸ਼ਟ, ਅਜੀਬ, ਨਾਦਰ, ਅਲੋਕਾਰ

—ਅਡੋ ਅਡ ਕਿ.ਵਿ. ਵਖੋ ਵਖ, ਭਿੰਨ ਭਿੰਨ, ਅਲਗ ਅਲਗ, ਅਲਹਦਾ ਅਲਹਦਾ, ਜੁਦਾ ਜਦਾ, ਵਖਰੇ ਵਖਰੇ

ਵਿਪਰਿਆਇ : ਵੇਖੋ ਸਾਂਝਾ

ਅਡੋਲ ਵਿ.

1. ਸਥਿਰ, ਪੱਕਾ, ਕਾਇਮ, ਦ੍ਰਿੜ੍ਹ, ਸਾਬਤ ਕਦਮ, ਅਟੱਲ, ਅਹਿੱਲ, ਮੁਸਤਕਿਲ
2. ਪਰਪੱਕ, ਪੁਸ਼ਟ

ਵਿਪਰਿਆਇ : ਵੇਖੋ ਡੋਲਦਾ

ਅੰਤ ਪੁ.

1. ਛੇਕੜ, ਓੜਕ, ਅਖੀਰ, ਇਤਿ
3. ਨਤੀਜਾ, ਸਿੱਟਾ, ਫਲ
2. ਅਤ, ਆਖਰ
4. ਮੌਤ, ਮ੍ਰਿਤੂ, ਅੰਤਕਾਲ
5. ਹਦ, ਬੰਨਾ, ਸੀਮਾਂਤ, ਦੋਵਨੌਕ

—ਅੰਤਿਮ ਵਿ. ਅੰਤਲਾ, ਅਖੀਰਲਾ, ਅਖੀਰੀ, ਛੇਕੜਲਾ, ਆਖਰੀ, ਮਗਰਲਾ

ਵਿਪਰਿਆਇ : ਵੇਖੋ ਆਦਿ

ਅੰਤਰ ਪੁ.

1. ਭੇਦ, ਫ਼ਰਕ, ਵਖੇਵਾ

2. ਵਿੱਥ, ਵਿਰਲ, ਫ਼ਾਸਲਾ, ਦੂਰੀ
3. ਅਸਮਾਨਤਾ, ਅਸਮਤਾ, ਨਾਬਰਾਬਰੀ

ਵਿਪਰਿਆਇ: ਵੇਖੋ ਸਮਾਨਤਾ

ਅਤੀਤ ਵਿ.

1. ਵਿਰੱਕਤ, ਉਦਾਸੀ, ਬੈਰਾਗੀ,
2. ਬਤੀਤ, ਬੀਤਿਆ, ਭੂਤ, ਮਾਜ਼ੀ, ਵਿਗਤ

ਵਿਪਰਿਆਇ: ਵੇਖੋ ਅਨੁਰਾਗੀ

ਅੱਥਰਾ ਵਿ.

1. ਅੱਖੜ, ਜ਼ਿੱਦੀ, ਅੜਬ, ਅਮੋੜ, ਕੱਬਾ, ਅਵੈੜਾ, ਅਵੱਤਾ
2. ਚੰਚਲ, ਨਿਚੱਲ, ਮੂੰਹ-ਜ਼ੋਰ, ਅੜੀਅਲ, ਆਕੜ-ਖਾਂ, ਹੱਠੀ
3. ਖਰਮਸਤ, ਬੇਮੁਹਾਰਾ, ਨਿਰੰਕੁਸ਼, ਗੁਸਤਾਖ਼, ਸਰਕਸ਼
4. ਖਰਵਾ, ਕੌਰਾ, ਰੁਖਾ
5. ਇਲਤੀ, ਸਰੀਰ, ਸ਼ਰਾਰਤੀ, ਫਸਾਦੀ, ਖਰੂਦੀ, ਉਪਦ੍ਰਵੀ

ਵਿਪਰਿਆਇ : ਵੇਖੋ ਅਸੀਲ

ਅਦਬ ਪੁ.

1. ਸਤਿਕਾਰ, ਇੱਜ਼ਤ, ਮਾਨ, ਆਦਰ, ਸ਼ਿਸ਼ਟਾਚਾਰ
2. ਸਾਹਿੱਤ

— **ਅਦਬ ਲਿਹਾਜ਼ ਪੁ:** ਮਾਨ ਸਤਿਕਾਰ, ਆਦਰਮਾਨ

— **ਅਦੀਬ:** ਵਿ: ਸਾਹਿੱਤਕਾਰ

ਵਿਪਰਿਆਇ : ਵੇਖੋ ਬੇਅਦਬੀ

ਅਦਭੁਤ ਵਿ.

1. ਅਨੋਖਾ, ਅਸਚਰਜ, ਵਿਲਖਣ, ਵਿਚਿਤ੍ਰ, ਅਲੌਕਿਕ, ਅਜੀਬ, ਅਸਾਧਾਰਨ, ਅਲੋਕਾਰ, ਅਨੂਠਾ, ਅਪੂਰਵ
2. ਨਾਦਰ, ਗੈਰ ਮਾਮੂਲੀ, ਅਪ੍ਰਚਲਿਤ, ਅਦੁਤੀ, ਅਤੁਲ, ਲਾਸਾਨੀ ਲਾਜਵਾਬ, ਬੇਮਿਸਾਲ, ਅਨੁਪਮ, ਬੇਨਜ਼ੀਰ, ਅਨੂਠਾ, ਬੇਜੋੜ

ਵਿਪਰਿਆਇ : ਵੇਖੋ ਸਾਧਾਰਣ

ਅਦਾਵਤ ਇ.

1. ਵੈਰ, ਦੁਸ਼ਮਣੀ, ਲਾਗਬਾਜ਼ੀ, ਖਾਰ, ਸ਼ਤ੍ਰੁਤਾ
2. ਕੀਨਾ, ਬੁਗ਼ਜ਼, ਖੋਰ, ਈਰਖਾ, ਦ੍ਵੈਖ

3. ਮੈਲ, ਗੰਢ, ਖੋਟ
4. ਵਿੱਤਕਾਮ, ਬਦਲਾ, ਪ੍ਰਤਿਸ਼ੋਧ

ਵਿਪਰਿਆਇ : ਵੇਖੋ ਉਲਫ਼ਤ

ਅਧਿਕ ਵਿ.

1. ਵੱਧ, ਵਧੀਕ, ਚੋਖਾ, ਜ਼ਿਆਦਾ
2. ਢੇਰ, ਬਹੁਤ, ਬਾਹਲਾ, ਅੱਤ, ਵਾਫ਼ਰ, ਬੇਸ਼

—ਅਧਿਕਤਰ ਵਿ. ਵਧੇਰਾ, ਬੇਸ਼ਤਰ, ਵਾਫ਼ਰਤਰ
—ਅਧਿਕਤਮ ਵਿ. ਬੇਸ਼ਤਰੀਨ, ਵਾਫ਼ਰਤਰੀਨ, ਅਤਿਅੰਤ
—ਅਧਿਕਤਾ ਇ. 1. ਬਹੁਲਤਾ, ਬਹੁਤਾਤ, ਬੇਸ਼ੀ
2. ਤੀਬਰਤਾ, ਸ਼ਿਦੱਤ, ਅੱਤ, ਆਖ਼ਰ

ਵਿਪਰਿਆਇ : ਵੇਖੋ ਅਲਪ

ਅਧੀਨ ਵਿ.

ਪਰਾਧੀਨ, ਮਾਤਹਤ, ਤਾਬੇ, ਮਹਕੂਮ, ਪਰਤੰਤਰ, ਗ਼ੁਲਾਮ, ਵਸ, ਜ਼ੇਰ, ਤਹਤ

—ਅਧੀਨਤਾ ਇ. ਪਰਾਧੀਨਤਾ, ਪਰਤੰਤਰਤਾ, ਮਹਕੂਮੀ, ਤਾਬੇਦਾਰੀ, ਮਾਤਹਤੀ, ਗ਼ੁਲਾਮ

ਵਿਪਰਿਆਇ : ਵੇਖੋ ਸੁਤੰਤਰ

ਅਧੋਗਤੀ ਇ.

1. ਗਿਰਾਵਟ, ਗਿਲਾਨੀ, ਪਤਨ, ਅਪਕਰਸ਼, ਜ਼ਵਾਲ, ਹ੍ਰਾਸ, ਅਧੋਗਮਨ, ਅਵਨਤੀ, ਤਨੱਜ਼ਲ
2. ਦੁਰਗਤ, ਬਦਹਾਲੀ, ਦੁਰਦਸ਼ਾ, ਚਾਰਹਾਲੀ, ਦੁਰਅਵਸਥਾ
3. ਸੰਕਟ, ਬਿਖਮਤਾ, ਉਲਝਣ, ਪੇਚ

ਵਿਪਰਿਆਇ : ਵੇਖੋ ਪ੍ਰਗਤੀ

ਅਨਾਵਸ਼ੱਕ ਵਿ.

ਵਾਧੂ, ਫ਼ਾਲਤੂ, ਗ਼ੈਰ ਜ਼ਰੂਰੀ, ਲਗਾਵ, ਮੁਹਮਲ, ਵਾਹਜਾਤ, ਅਪ੍ਰਾਸੰਗਿਕ, ਅਸੰਗਤ, ਫ਼ਜ਼ੂਲ

ਵਿਪਰਿਆਇ : ਵੇਖੋ ਆਵੱਸ਼ਕ

ਅਨਾੜੀ ਪੁ.

ਨਾਤਜਰਬੇਕਾਰ, ਬੇਸੂਝ, ਸਿਧਰਾ, ਭੋਂਦੂ, ਬੇਸਮਝ, ਅਣਜਾਣ

ਵਿਪਰਿਆਇ : ਵੇਖੋ ਉਸਤਾਦ

ਅਨਰਥ ਪੁ.

ਬੇਮਤਲਬ, ਨਿਸ਼ਪ੍ਰਯੋਜਨ, ਮੁੱਦਾਹੀਨ, ਮੰਤਵਹੀਨ

ਵਿਪਰਿਆਇ : ਵੇਖੋ ਅਰਥ

ਅੰਨ੍ਹਾ ਵਿ.

ਮਨਾਖਾ, ਨੇਤ੍ਰਹੀਨ, ਨਾਬੀਨਾ, ਕੋਰ, ਕੌਰ ਚਸ਼ਮ, ਅੰਧ

ਵਿਪਰਿਆਇ : ਵੇਖੋ ਸੁਜਾਖਾ

ਅਨਾਥ ਵਿ.

1. ਮਹਿੱਟਰ, ਯਤੀਮ
2. ਬੇਸਹਾਰਾ, ਨਿਥਾਂਵਾਂ, ਨਿਧਿਰਾ, ਬੇਆਸਰਾ, ਬੇਕਸ
3. ਆਜਿਜ਼, ਲਾਚਾਰ, ਦਰਮਾਂਦਾ, ਮਸਕੀਨ, ਗਰੀਬੜਾ, ਆਤੁਰ, ਮਜਬੂਰ, ਬੇਵਸ, ਵਿਚਾਰਾ

ਵਿਪਰਿਆਇ : ਵੇਖੋ ਸਨਾਥ

ਅਨਾਦਰ ਪੁ.

ਨਿਰਾਦਰ, ਤਿਰਸਕਾਰ, ਬੇਇੱਜ਼ਤੀ, ਅਪਮਾਨ, ਹੱਤਕ, ਤੌਹੀਨ, ਖਜਲ-ਖ਼ੁਆਰੀ

ਪਰਿਆਇ : ਵੇਖੋ ਆਦਰ

ਅਨਾਵਸ਼ੱਕ ਵਿ.

ਫਾਲਤੂ, ਵਾਧੂ, ਗ਼ੈਰ ਜ਼ਰੂਰੀ, ਬੇਲੋੜਾ, ਫ਼ਜ਼ੂਲ ਵਿਅਰਥ, ਬੇਅਰਥ, ਨਿਰਰਥਕ, ਨਿਹਫਲ, ਅਫਲ, ਨਿਸ਼ਫਲ, ਰਾਇਗਾਂ,

ਵਿਪਰਿਆਇ : ਵੇਖੋਂ ਆਵਸ਼ੱਕ

ਅਨਿਆਇ ਪੁ.

1. ਬੇਇਨਸਾਫੀ, ਜ਼ੁਲਮ, ਸਖਤੀ, ਬੇਦਾਦ

2. ਵਧੀਕੀ, ਜ਼ਿਆਦਤੀ, ਜਬਰ, ਅਤਿਆਚਾਰ

—ਅਨਿਆਈ ਵਿ.

1. ਜ਼ਾਲਿਮ, ਬੇਦਾਦਗਰ, ਬੇਅਦਲੀ, ਜਾਬਿਰ, ਸਿਤਮਗਰ, ਅਤਿਆਚਾਰੀ
2. ਕਰੂਰ, ਕਠੋਰ, ਸਖ਼ਤ, ਸੰਗਦਿਲ, ਪੱਥਰ-ਚਿਤ, ਬੇਰਹਮ, ਨਿਸ਼ਕਰੁਣ, ਕਠੋਰ-ਚਿਤ

ਵਿਪਰਿਆਇ : ਵੇਖੋ ਨਿਆਇ

ਅੰਨ੍ਹੇਰਾ ਪੁ.

1. ਅੰਨ੍ਹੇਰ, ਅੰਧਕਾਰ, ਸਿਆਹੀ, ਤਮ, ਤਾਰੀਕੀ, ਜ਼ੁਲਮਤ, ਤਿਮਰ,
2. ਕਾਲਖ, ਕਾਲਿਮਾ, ਕਲਮਸ, ਕਲਿਤਣ, ਕਾਲਾਪਣ

—ਅੰਨ੍ਹੇਰ 1. ਹਨੇਰ, ਜ਼ੁਲਮ, ਜਬਰ, ਅਨਿਆਇ, ਅਤਿਆਚਾਰ, ਬੇਦਾਦ, ਸਿਤਮ, ਧੱਕਾ, ਵਧੀਕੀ, ਜ਼ਿਆਦਤੀ

2. ਕਿਆਮਤ, ਪਰਲੋ, ਹਸ਼ਰ, ਮਹਸ਼ਰ,
3. ਲਾਕਾਨੂੰਨੀ, ਵਿਪਲਵ, ਬੇਅਮਨੀ, ਅਸ਼ਾਂਤੀ, ਹੁੱਲੜ, ਊਧਮ, ਉਦਮੂਲ, ਅੰਨ੍ਹੇਰ ਗਰਦੀ

ਵਿਪਰਿਆਇ : ਵੇਖੋ ਚਾਨਣ

ਅਨੁਕੂਲ ਵਿ.

ਅਨੁਸਾਰ, ਮੁਜਬ, ਮੁਆਫ਼ਕ, ਅਨੁਰੂਪ, ਉਚਿਤ, ਸਾਜ਼ਗਾਰ, ਮੁਤਾਬਕ, ਮੌਜ਼ੂੰ, ਵਾਜਬ, ਮੁਨਾਸਬ, ਜੋਗ, ਸਮੀਚੀਨ

ਵਿਪਰਿਆਇ : ਵੇਖੋ ਪ੍ਰਤਿਕੂਲ

ਅਨੁਚਿਤ ਵਿ.

1. ਅਯੋਗ, ਨਾਮੁਨਾਸਿਬ, ਨਾਵਾਜਿਬ, ਨਾਮੌਜ਼ੂੰ, ਪ੍ਰਤਿਕੂਲ, ਗੈਰਮਾਕੂਲ
2. ਭੈੜਾ, ਮੰਦਾ, ਬੁਰਾ, ਅਸ਼ਲੀਲ, ਫ਼ੁਹਸ਼
3. ਦੂਸ਼ਿਤ, ਐਬਦਾਰ, ਦਾਗੀ, ਨਾਕਿਸ

ਵਿਪਰਿਆਇ : ਵੇਖੋ ਉਚਿਤ

ਅਨੁਪਾਸਨਾ ਇ.

1. ਅਪੂਜਾ, ਅਨਰਚਾ
2. ਅਸ਼ਰਧਾ, ਅਨਾਸਥਾ, ਅਨਿਸ਼ਠਾ, ਅਨਾਸਕਤੀ, ਅਰੁਚੀ

3. ਨਾਸਤਿਕਤਾ, ਅਵਿਸ਼ਵਾਸ, ਅਨੀਸ਼੍ਵਰਤਾ, ਇਨਕਾਰ

ਵਿਪਰਿਆਇ : ਵੇਖੋ ਉਪਾਸਨਾ

ਅਨਮਾਨ ਪੁ.

1. ਅੰਦਾਜ਼ਾ, ਤਖ਼ਮੀਨਾ, ਕਿਆਸ, ਅਟਕਲ, ਖ਼ਿਆਲ, ਕਿਆਫ਼ਾ
2. ਜਾਂਚ, ਹਾੜ

ਵਿਪਰਿਆਇ : ਵੇਖੋ ਨਿਸਚਾ

ਅਨੇਕਤਾ ਇ.

1. ਅਨੰਤਤਾ, ਕਸਰਤ, ਬਹੁ-ਰੂਪਤਾ, ਅਸੰਖਿਅਤਾ, ਬੇਅੰਤਤਾ, ਅਖਰਵਤਾ
2. ਬਹੁਲਤਾ, ਵਿਵਿਧਤਾ, ਰੰਗਾਰੰਗੀ, ਵੰਨਸੁਵੰਨਤਾ, ਵਿਭਿੰਨਤਾ,
3. ਅਮਿਤਤਾ, ਅਸੀਮਤਾ

—ਅਨੇਕ ਵਿ.

1. ਕਈ, ਬੇਅੰਤ, ਬੇਸ਼ੁਮਾਰ, ਅਣਗਿਣਤ, ਅਸੰਖ, ਅਗਣਿਤ, ਅਖਰਵ
2. ਬਹੁਤ, ਬੇਹਦ, ਲਾਤਾਦਾਦ
3. ਅਮਿਤ, ਅਸੀਮ

ਵਿਪਰਿਆਇ : ਵੇਖੋ ਏਕਤਾ/ਇਕ

ਅਪਵਿਤਰ ਵਿ.

ਨਾਪਾਕ, ਮਲੀਨ, ਅਸ਼ੁੱਧ, ਗੰਦਾ, ਪਲੀਤ, ਗਲੀਜ਼, ਪਲੀਦ, ਮੈਲਾ

ਵਿਪਰਿਆਇ : ਵੇਖੋ ਪਵਿਤਰ

ਅਫਲ ਵਿ.

1. ਨਿਸ਼ਫਲ, ਨਿਹਫਲ, ਵਿਅਰਥ, ਬਿਰਥਾ
2. ਅਕਾਰਥ, ਰਾਇਗਾਂ, ਬੇਫ਼ਾਇਦਾ, ਨਿਰਰਥਕ, ਬੇਸੂਦ, ਜ਼ਾਇਆ
3. ਨਾਕਾਮ, ਨਾਕਾਮਯਾਬ
4. ਬਾਂਝ, ਫੰਡਰ, ਸੰਡ

ਵਿਪਰਿਆਇ : ਵੇਖੋ ਸਫਲ

ਅਬਿਨਾਸ ਪੁ.

ਬਕਾ, ਹਮੇਸ਼ਗੀ, ਦਵਾਮ, ਸਦੀਵਤਾ

ਵਿ. ਅਮਰ, ਬਾਕੀ, ਲਾਫਾਨੀ, ਅਟਲ, ਦਾਇਮ, ਕਾਇਮ, ਸਥਿਰ

—ਅਬਿਨਾਸੀ ਸਾਸ੍ਵਤ, ਅਖਰ, ਅਜਰ, ਅਨਸ਼ਵਰ, ਸਨਾਤਨ, ਨਿੱਤ

ਵਿਪਰਿਆਇ : ਵੇਖੋ **ਨਾਸ**

ਅਭਾਗਾ ਵਿ.

1. ਭਾਗਹੀਣ, ਮੰਦਭਾਗਾ, ਬਦਨਸੀਬ, ਬਦਕਿਸਮਤ, ਬਦਬਖ਼ਤ
2. ਚੰਦਰਾ, ਭੈੜਾ, ਮਨਹੂਸ, ਬਦਮਗਨਾ, ਕੁਲਹਣਾ, ਕਲਮੂੰਹਾ,

ਵਿਪਰਿਆਇ : ਵੇਖੋ **ਸੁਭਾਗਾ**

ਅਮਨ ਪੁ.

1. ਸ਼ਾਂਤੀ, ਚੈਨ, ਇਤਮੀਨਾਨ, ਤਸੱਲੀ
2. ਸੱਨਾਟਾ, ਚੁਪਚਾਂਦ
3. ਸਥਿਰਤਾ, ਸਕੂਨ, ਠਹਿਰਾਉ, ਧੀਰਜ, ਸੰਤੋਖ, ਟਿਕਾਉ
4. ਠੰਡ, ਸੀਤਲਤਾ,

—ਅਮਨ ਪਸੰਦ ਵਿ. ਸ਼ਾਂਤੀ ਪ੍ਰਿਯ, ਸ਼ਾਂਤੀ ਵਾਦੀ

ਵਿਪਰਿਆਇ : ਵੇਖੋ **ਜੰਗ**

ਅਮਾਨਤ ਇ.

1. ਰਖ, ਸੁਪੁਰਦਦਾਰੀ
2. ਈਮਾਨਦਾਰੀ, ਨੇਕਨੀਯਤੀ
3. ਭਰੋਸਾ, ਵਿਸ਼ਵਾਸ, ਯਕੀਨ, ਈਮਾਨ, ਨੀਤ

—ਅਮਾਨਤਦਾਰ ਵਿ. ਸੁਰਖਿਅਕ, ਸੁਪੁਰਦਦਾਰ, ਰਾਖਾ, ਰਖਣਹਾਰ, ਸੰਭਾਲਕ

ਵਿਪਰਿਆਇ : ਵੇਖੋ **ਖ਼ਿਆਨਤ**

ਅਮਿਤ ਵਿ.

1. ਅਮਿਣਵਾਂ, ਬੇਹਿਸਾਬ, ਬੇਸ਼ੁਮਾਰ, ਅਤੁਲ
2. ਅਸੀਮ, ਅਥਾਹ, ਅਗਾਧ, ਲਾਤਾਦਾਦ, ਅਨੰਤ

ਵਿਪਰਿਆਇ : ਵੇਖੋ **ਮਿਤ**

ਅਮੀਰੀ ਇ.

1. ਮਾਲਦਾਰੀ, ਦੌਲਤਮੰਦੀ, ਖੁਸ਼ਹਾਲੀ, ਸਮ੍ਰਿਧੀ
2. ਸਰਦਾਰੀ, ਪਾਤਸ਼ਾਹੀ, ਹੁਕਮ, ਹਾਕਮੀ

—ਅਮੀਰ ਵਿ'

1. ਧਨਵਾਨ, ਧਨਾਢ, ਮਾਲਦਾਰ, ਦੌਲਤਮੰਦ, ਖੁਸ਼ਹਾਲ, ਸਮ੍ਰਿਧ
2. ਸਰਦਾਰ, ਹਾਕਿਮ

ਵਿਪਰਿਆਇ : ਵੇਖੋ ਗਰੀਬੀ

ਅਰਥ ਪੁ.

1. ਭਾਵ, ਮਤਲਬ, ਮੰਤਵ, ਪ੍ਰਯੋਜਨ, ਮੁੱਦਾ, ਤਾਤਪਰਜ, ਮਫ਼ਹੂਮ
2. ਆਸ਼ਾ, ਮਨਸਾ

— ਅਰਥ ਭਰਪੂਰ ਵਿ. ਅਰਥਯੁਕਤ

ਵਿਪਰਿਆਇ : ਵੇਖੋ ਅਨਰਥ

ਅਰੂਪ ਵਿ.

ਨਿਰਾਕਾਰ, ਅਮੂਰਤ

ਵਿਪਰਿਆਇ : ਵੇਖੋ ਸ੍ਰੂਪ

ਅਲ੍ਪ ਵਿ.

1. ਥੋੜਾ, ਕਮ, ਘੱਟ, ਤੁੱਛ
2. ਛੋਟਾ, ਨਿਕਾ
3. ਸੰਖਿਪਤ, ਮੁਖ਼ਤਸਰ
4. ਨਿਊਣ, ਲਘੂ

— ਅਲਪਤਰ ਵਿ. ਲਘੂਤਰ

— ਅਲਪਤਮ ਵਿ. ਲਘੂਤਮ

ਵਿਪਰਿਆਇ ਵੇਖੋ ਅਧਿਕ

ਅਲਪੱਗ ਵਿ.

1. ਅਲਪ ਗਿਆਨੀ, ਅਲਪਵੇੱਤਾ, ਕਮਇਲਮ, ਕਮਫ਼ਹਮ
2. ਨਾਦਾਨ, ਅੰਞਾਣ, ਅਣਜਾਣ, ਕੋਰਾ, ਸਖਣਾ, ਖ਼ਾਲੀ, ਥੋਥਾ, ਹੌਲਾ, ਅਾੜੀ, ਮੂਰਖ, ਜਾਹਿਲ, ਬੇਵਕੂਫ਼, ਅਹਮਕ, ਮੁਗਧ, ਗੰਵਾਰ
3. ਬੁੱਧਹੀਣ, ਮਤਹੀਣ, ਬੁੱਧੂ

ਵਿਪਰਿਆਇ : ਵੇਖੋ ਸਰਵੱਗ

ਅਲੌਕਿਕ ਵਿ.

1. ਅਸਚਰਜ, ਅਲੌਕਾਰ, ਅਜੀਬ, ਅਪਾਰਥਿਵ, ਅਨੋਖਾ, ਨਿਆਰਾ

2. ਅਨੁਪਮ, ਅਪੂਰਵ, ਵਿਚਿਤ੍ਰ, ਵਿਲਖਣ, ਅਸਾਧਾਰਣ, ਅਦੁਤੀ, ਅਨੂਠਾ, ਅਦਭੁਤ
3. ਅਤੁਲ, ਬੇਜੋੜ, ਬੇਮਿਸਾਲ, ਲਾਸਾਨੀ, ਬੇਨਜ਼ੀਰ

— **ਅਲੌਕਿਕਤਾ ਇ.** ਅਸਚਰਜਤਾ, ਅਜਬ, ਅਦਭੁਤਾ, ਅਸਾਧਾਰਣਤਾ, ਅਤੁਲਤਾ, ਅਪੂਰਵਤਾ

ਵਿਪਰਿਆਇ : ਵੇਖੋ **ਲੌਕਿਕ**

ਅਵੱਗਿਆ ਇ.

1. ਆਗਿਆ ਭੰਗ, ਹੁਕਮਅਦੂਲੀ, ਅਵਹੇਲਨਾ, ਉਪੇਖਿਆ, ਘੇਸਲ, ਸਰਤਾਬੀ, ਨਾ ਫਰਮਾਨੀ
2. ਨਿਰਾਦਰ, ਬੇਅਦਬੀ, ਅਪਮਾਨ
3. ਅਪਰਾਧ, ਦੋਸ਼, ਕਸੂਰ, ਜੁਰਮ
4. ਸਰਕਸ਼ੀ, ਬਗ਼ਾਵਤ, ਤਮੱਰਦ, ਵਿਦ੍ਰੋਹ, ਕ੍ਰਾਂਤੀ, ਵਿਪਲਵ

ਵਿਪਰਿਆਇ : ਵੇਖੋ **ਪਾਲਣ**

ਅਵਗੁਣ ਪੁ.

1. ਦੁਰਗੁਣ, ਦੋਸ਼, ਐਬ, ਬੁਰਾਈ, ਨੁਕਸ, ਦੂਸ਼ਣ, ਖ਼ਾਮੀ
2. ਕਸਰ, ਘਾਟ, ਖੋਟ, ਥੁੜ, ਕਮੀ, ਊਣਤਾਈ, ਨਿਊਣਤਾ, ਤ੍ਰੁਟੀ, ਟੋਟ, ਤੋੜ, ਊਣ,
3. ਭੈੜ, ਮੰਦ, ਹੀਣਤਾ, ਖ਼ਰਾਬੀ, ਕਮਜ਼ੋਰੀ, ਅਜੋਗਤਾ

ਵਿਪਰਿਆਇ : ਵੇਖੋ **ਗੁਣ**

ਅੱਵਲ ਵਿ.

1. ਪਹਿਲਾਂ, ਪ੍ਰਥਮ, ਆਦਿਮ, ਮੁਢਲਾ, ਆਰੰਭਕ, ਪ੍ਰਾਥਮਿਕ, ਪਰਾਰੰਭਿਕ
2. ਪ੍ਰਮੁਖ, ਪ੍ਰਧਾਨ, ਮੋਢੀ, ਆਗੂ, ਮੋਹਰੀ, ਮੁਖੀਆ, ਸ਼ਿਰੋਮਣੀ, ਸਿਰਮੌਰ, ਸਿਰਕੱਢ, ਸਰਕਰਦਾ,
3. ਸਰਵੁਚ, ਸਰਵੋਤਮ, ਬਿਹਤਰੀਨ, ਸਰਵ ਸ੍ਰੇਸ਼ਟ

— **ਅੱਵਲ ਪੁ.** ਆਦਿ, ਆਰੰਭ, ਅਥ, ਮੁੱਢ, ਸ਼ੁਰੂ, ਆਗਾਜ਼, ਇਬਤਦਾ, ਅਜ਼ਲ

ਵਿਪਰਿਆਇ : ਵੇਖੋ **ਆਖ਼ਿਰ**

ਅੜਿੱਕਾ ਪੁ.

1. ਰੋਕ, ਬੰਨ੍ਹ, ਵਿਘਨ, ਅਟਕਾਊ, ਰੁਕਾਵਟ, ਅੜਚਣ, ਅਟਕ

2. ਠੋਕਰ, ਠੇਡਾ, ਮਾਰ, ਦਾਉ, ਜ਼ਦ, ਕਾਬੂ, ਵਸ,

ਲਾ. ਕ੍ਰਿ, ਡਾਹੁਣਾ, ਪਾਉਣਾ, ਪੈਣਾ

—ਅੜਿਕੇ ਚੜ੍ਹਨਾ ਮੁਹਾ. ਵਸ ਵਿਚ ਆਉਣਾ, ਜ਼ਦ ਵਿਚ ਆਉਣਾ

ਵਿਪਰਿਆਇ : ਵੇਖੋ **ਸਹਾਇਤਾ**

ਅਸ਼ੁੱਧ **ਵਿ.**

1. ਗ਼ਲਤ, ਨਾਦਰੁਸਤ
2. ਮੈਲਾ, ਅਪਵਿਤ੍ਰ, ਨਾਖਾਲਿਸ
3. ਪਲੀਤ, ਨਾਪਾਕ, ਗ਼ਲੀਜ਼, ਗੰਦਾ
4. ਖੋਟਾ, ਝੂਠਾ, ਜਾਹਲੀ, ਮਿਲਾਵਟੀ

—ਅਸ਼ੁੱਧੀ ਇ.

1. ਗ਼ਲਤੀ, ਨਾਦਰੁਸਤੀ
2. ਮੈਲ, ਅਪਵਿਤ੍ਰਤਾ, ਗੰਦਗੀ, ਗਿਲਾਜ਼ਤ, ਪਲੀਤੀ, ਨਾਪਾਕੀ
3. ਖੋਟ, ਝੂਠ, ਜਾਹਲਸਾਜ਼ੀ, ਮਿਲਾਵਟ, ਰਲਾ, ਮਿਸਰਣ, ਮਿਸ

ਵਿਪਰਿਆਇ : ਵੇਖੋ **ਸ਼ੁੱਧ/ਸ਼ੁੱਧੀ**

ਅਸ਼ੁਭ **ਵਿ.**

1. ਮਨਹੂਸ, ਬਦਸ਼ਗਨਾ, ਕੁਲਹਣਾ, ਕੁਲਛਣਾ, ਚੰਦਰਾ, ਅਭਾਗਾ, ਸ਼ਬਜ਼-ਕਦਮ, ਕਲਮੂੰਹਾ, ਨਹਸ, ਮਕਰੂਹ, ਕੁਸਗਨਾ, ਕੁਲੱਖਣਾ, ਨਾਮੁਬਾਰਕ
2. ਭੈੜਾ, ਬਦ, ਬੁਰਾ, ਮੰਦਾ

ਵਿਪਰਿਆਇ : ਵੇਖੋ **ਸ਼ੁਭ**

ਆਸ/ਆਸਾ **ਇ.**

1. ਉਮੀਦ, ਆਸ਼ਾ, ਇੱਛਾ, ਖ਼ਾਹਿਸ਼, ਮੰਗ, ਤਲਬ, ਆਕਾਂਖਿਆ
2. ਆਸਰਾ, ਸਹਾਰਾ, ਭਰੋਸਾ
3. ਉਡੀਕ, ਤਾਂਘ, ਪ੍ਰਤੀਖਿਆ, ਇੰਤਜ਼ਾਰ, ਸੱਧਰ, ਚਾਹ, ਅਰਮਾਨ, ਤਮੰਨਾ, ਕਾਮਨਾ, ਲਾਲਸਾ, ਹਸਰਤ, ਆਰਜ਼ੂ
4. ਸੰਭਾਵਨਾ, ਇਮਕਾਨ

—ਆਸਵੰਤ ਵਿ.

1. ਉਮੀਦਵਾਰ, ਆਸ਼ਾਵੰਤ

2. ਪ੍ਰਤੀਖਿਆਵਾਨ

ਵਿਪਰਿਆਇ : ਵੇਖੋ **ਨਿਰਾਸ/ਨਿਰਾਸਾ**

ਆਸਤਿਕ ਵਿ.

1. ਈਸ਼ਵਰਵਾਦੀ, ਮੋਮਿਨ
2. ਧਰਮੀ, ਧਾਰਮਿਕ, ਦੀਨਦਾਰ
3. ਸਿਦਕੀ, ਨਿਹਚਾਵਾਨ, ਨਿਸ਼ਠਾਵੰਤ

— **ਆਸਤਿਕਤਾ ਇ.** ਈਸ਼ਵਰਵਾਦ, ਈਮਾਨ, ਧਰਮ, ਦੀਨ, ਸਿਦਕ, ਨਿਹਚਾ, ਨਿਸ਼ਠਾ

ਵਿਪਰਿਆਇ : ਵੇਖੋ **ਨਾਸਤਿਕ**

ਆਸਾਨੀ ਇ. 1. ਸਹੂਲਤ, ਸੁਗਮਤਾ, ਸੌਖ

2. ਆਰਾਮ, ਚੈਨ, ਸੁਖ
3. ਆਸਦਗੀ, ਆਸੂਦਾਹਾਲੀ, ਖੁਸ਼ਹਾਲੀ

ਵਿਪਰਿਆਇ : ਵੇਖੋ **ਮੁਸ਼ਕਿਲ**

ਆਕੜ ਇ.

1. ਹੈਂਕੜ, ਘੁਮੰਡ, ਅਹੰਕਾਰ, ਅਭਿਮਾਨ, ਤਿੜ, ਨਖ਼ਰਾ, ਗ਼ਰੂਰ
2. ਗੁਸਤਾਖ਼ੀ, ਸ਼ੋਖਚਸ਼ਮੀ, ਸਰਕਸ਼ੀ, ਨਾਫ਼ਰਮਾਨੀ, ਹੁਕਮ-ਅਦੂਲੀ
3. ਅਕੜੇਵਾਂ, ਕਰੜਾਪਨ, ਕਠੋਰਤਾ, ਸਖ਼ਤੀ
4. ਹੱਠ, ਜ਼ਿੱਦ, ਅੜ, ਅੜੀ

ਵਿਪਰਿਆਇ : ਵੇਖੋ **ਆਜਿਜ਼ੀ**

ਆਕਾਸ਼ ਪੁ.

1. ਆਸਮਾਨ, ਗਗਨ, ਅੰਬਰ, ਫ਼ਲਕ, ਚਰਖ਼, ਨਭ, ਵਿਉਮ, ਅਰਸ਼
2. ਉਚਿਆਈ, ਬੁਲੰਦੀ, ਉਚਾਣ, ਉਰਧਤਾ

ਵਿਪਰਿਆਇ : ਵੇਖੋ **ਧਰਤ**

ਆਕੀ ਵਿ.

1. ਵਿਦ੍ਰੋਹੀ, ਵਿਰੋਧੀ, ਅਵੱਗਿਆਕਾਰ
2. ਬਾਗ਼ੀ, ਨਾਫ਼ਰਮਾਨ, ਸਰਕਸ਼
3. ਆਪ-ਹੁਦਰਾ, ਅੱਖੜਖਾਂਦ, ਜ਼ਿੱਦੀ, ਹੱਠੀ, ਅੜੀਅਲ, ਹੱਠੀਲਾ

4. ਪੁੱਠਾ, ਉਲਟਾ, ਅਵੈੜਾ, ਅੜਬ, ਕੱਬਾ, ਅਵੱਤਾ

ਵਿਪਰਿਆਇ : ਵੇਖੋ ਆਗਿਆਕਾਰ

ਆਖ਼ਿਰ **ਪੁ.**

1. ਅਖੀਰ, ਓੜਕ, ਛੇਕੜ, ਅੰਤ, ਹਦਬੰਨਾ, ਅੰਜਾਮ, ਇਤਿ
2. ਮੌਤ, ਮ੍ਰਿਤੂ, ਅੰਤਕਾਲ

—ਆਖ਼ਿਰੀ ਵਿ.

1. ਅੰਤਿਮ, ਅੰਤਲਾ, ਛੇਕੜਲਾ, ਅਖੀਰਲਾ
2. ਮਗਰਲਾ, ਪਿਛਲਾ

ਵਿਪਰਿਆਇ : ਵੇਖੋ ਅੱਵਲ

ਆਗਾਜ਼ **ਪੁ.**

1. ਆਰੰਭ, ਪ੍ਰਾਰੰਭ, ਸ਼ੁਰੂ, ਆਦਿ, ਵਿਬਤਦਾ
2. ਉਦਭਵ, ਆਵਿਰਭਾਵ, ਉਤਪਤੀ, ਉਦਗਮ
3. ਮੁੱਢ, ਮੂਲ, ਸੋਮਾ, ਸ੍ਰੋਤ, ਮੰਬਾ, ਮਸਦਰ

ਵਿਪਰਿਆਇ : ਵੇਖੋ ਅੰਜਾਮ

ਆਗਿਆਕਾਰ **ਵਿ.**

1. ਫ਼ਰਮਾਬਰਦਾਰ, ਆਗਿਆਪਾਲ, ਆਗਿਆਪਾਲਕ
2. ਨੇਕ, ਚੰਗਾ, ਸਾਊ, ਨੇਕ-ਚਲਣ, ਸ਼ਰੀਫ਼, ਸਦਾਚਾਰੀ, ਭਲਾਮਾਣਸ, ਅਸੀਲ

—ਆਗਿਆ ਇ.

1. ਹੁਕਮ, ਫ਼ਰਮਾਨ, ਆਦੇਸ਼, ਅਮਰ
2. ਇਜਾਜ਼ਤ, ਖਲ੍ਹ, ਅਨੁਗਿਆ

ਵਿਪਰਿਆਇ : ਵੇਖੋ ਆਕੀ

ਆਜਿਜ਼ੀ **ਇ.**

1. ਹਲੀਮੀ, ਨਮ੍ਰਤਾ, ਇਨਕਸਾਰ, ਮਸਕੀਨੀ
2. ਦੀਨਤਾ, ਆਤੁਰਤਾ, ਦਰਮਾਂਦਗੀ, ਬੇਚਾਰਗੀ
3. ਮਜਬੂਰੀ, ਲਾਚਾਰੀ, ਬੇਵਸੀ

—ਆਜਿਜ਼ ਵਿ.

1. ਹਲੀਮ, ਦੀਨ, ਆਤੁਰ, ਮਸਕੀਨ, ਗ਼ਰੀਬੜਾ

2. ਨਿਤਾਣਾ, ਅਸਮਰਥ,
3. ਮਜਬੂਰ, ਬੇਬਸ, ਲਾਚਾਰ, ਦਰਮਾਂਦਾ, ਬੇਚਾਰਾ

ਵਿਪਰਿਆਇ : ਵੇਖੋ ਆਕੜ

ਆਜ਼ਾਦੀ ਇ.
1. ਸੁਤੰਤਰਤਾ, ਸੁਾਧੀਨਤਾ, ਖ਼ੁਦਮੁਖ਼ਤਾਰੀ
2. ਖੁਲ੍ਹ, ਮੁਕਤੀ, ਨਜਾਤ, ਛੁਟਕਾਰਾ, ਰਿਹਾਈ, ਛੋਟ
3. ਬੇਫ਼ਿਕਰੀ, ਬੇਪਰਵਾਹੀ

—ਆਜ਼ਾਦ ਵਿ.
1. ਸੁਤੰਤ੍ਰ, ਸੁਾਧੀਨ, ਖ਼ੁਦਮੁਖ਼ਤਾਰ, ਆਤਮ-ਨਿਰਭਰ
2. ਖੁਲ੍ਹਾ, ਬਰੀ, ਮੁਕਤ
3. ਬੇਫ਼ਿਕਰ, ਬੇਪਰਵਾਹ

ਵਿਪਰਿਆਇ : ਵੇਖੋ ਗੁਲਾਮੀ

ਆਥਣ ਪੁ. ਸੰਧਿਆ, ਸ਼ਾਮ, ਸੰਝ, ਤ੍ਰਿਕਾਲਾਂ
—ਆਥਣੇ ਕਿ. ਵਿ. ਸ਼ਾਮ ਨੂੰ, ਸੰਧਿਆ ਵੇਲੇ, ਤ੍ਰਿਕਾਲਾਂ ਨੂੰ
—ਆਥਣ ਸਵੇਰੇ ਕਿ. ਵਿ. ਸਾਰਾ ਦਿਨ, ਨਿੱਤ, ਹਮੇਸ਼ਾ, ਸਦਾ, ਲਗਾਤਾਰ

ਵਿਪਰਿਆਇ : ਵੇਖੋ ਸਵੇਰ

ਆਦਰ ਪੁ.
1. ਮਾਨ, ਇਜ਼ਤ, ਵਡਿਆਈ, ਅਦਬ, ਸਤਿਕਾਰ, ਇਹਤਰਾਮ ਮਾਨਸਤਿਕਾਰ, ਪ੍ਰਭਾਵ, ਪ੍ਰਤਿਸ਼ਠਾ
2. ਸੁਾਗਤ, ਅਭਿਨੰਦਨ, ਅਭਿਵਾਦਨ, ਆਉਭਗਤ, ਖ਼ਾਤਰਤਵਾਜ਼ੋਹ, ਖਾਤਰਮਦਾਰਾਤ
3. ਮਨਜ਼ੂਰੀ, ਸ੍ਵੀਕ੍ਰਿਤੀ, ਸਮਰਥਨ, ਤਾਈਦ, ਪ੍ਰੌੜਤਾ, ਪੁਸ਼ਟੀ
4. ਮਹਮਾ, ਜਸ, ਸਿਫ਼ਤ, ਨਾਮਣਾ, ਮਨੌਤ, ਮਸ਼ਹੂਰੀ, ਪ੍ਰਸਿਧੀ, ਸ਼ੁਹਰਤ, ਹਰਦਿਲ ਅਜ਼ੀਜ਼ੀ, ਲੋਕ-ਪ੍ਰਿਯਤਾ, ਖਿਆਤੀ, ਨੇਕਨਾਮੀ, ਕੀਰਤੀ, ਕਦਰ, ਅਸਰ ਰਸੂਖ

ਵਿਪਰਿਆਇ : ਵੇਖੋ ਅਨਾਦਰ

ਆਦਿ ਪੁ.
1. ਆਰੰਭ, ਸ਼ੁਰੂ, ਮੁੱਢ, ਅਥ, ਆਗਾਜ਼, ਇਬਤਦਾ, ਅੱਵਲ

2. ਪ੍ਰਾਰੰਭ, ਜਨਮ, ਉਤਪੱਤੀ, ਉਦਭਵ, ਉਦਗਮ
3. ਸੋਮਾ, ਚਸ਼ਮਾ, ਮਸਦਰ, ਸਰਚਸ਼ਮਾ, ਸ੍ਰੋਤ
4. ਮੂਲ, ਬੀਜ, ਬੀਜਾ, ਤੁਖ਼ਮ

ਵਿਪਰਿਆਇ : ਵੇਖੋ ਅੰਤ

ਆਧੁਨਿਕ **ਵਿ.**

1. ਅਜੋਕਾ, ਵਰਤਮਾਨ, ਮੌਜੂਦਾ, ਸਾਂਪ੍ਰਤਿਕ

—ਆਧੁਨਿਕਤਾ ਇ. ਅਜੋਕਾਪਣ, ਸਾਂਪ੍ਰਤਿਕਤਾ

ਵਿਪਰਿਆਇ : ਵੇਖੋ ਪ੍ਰਾਚੀਨ

ਆਪਣਾ **ਵਿ.**

ਨਿਜੀ, ਜ਼ਾਤੀ, ਸ਼ਖ਼ਸੀ, ਵਿਅਕਤੀਗਤ, ਆਤਮਿਕ

—ਆਪਾ ਪੁ. 1. ਨਿਜਤ੍ਵ, ਹੋਂਦ, ਸ੍ਵਤ੍ਵ, ਅਸਤਿਤ੍ਵ, ਵਜੂਦ
2. ਆਤਮਾ, ਮਨ, ਖ਼ੁਦੀ, ਅਹੰਮਤਾ
3. ਸੱਤਾ, ਹਸਤੀ

ਵਿਪਰਿਆਇ : ਵੇਖੋ ਪਰਾਇਆ

ਆਬਾਦੀ **ਇ.**

1. ਵਸੇਂ
2. ਨਗਰ, ਨਗਰੀ, ਬਸਤੀ
3. ਖ਼ੁਸ਼ਹਾਲੀ, ਰੌਣਕ, ਬਹਾਰ, ਖੇੜਾ

—ਆਬਾਦ ਵਿ.

1. ਵਸਿਆ, ਵਸਦਾ
2. ਵਸਨੀਕ, ਨਿਵਾਸੀ
3. ਖ਼ੁਸ਼ਹਾਲ, ਖ਼ੁਸ਼, ਪ੍ਰਸੰਨ

ਵਿਪਰਿਆਇ : ਵੇਖੋ ਬਰਬਾਦੀ

ਆਮ **ਵਿ.**

1. ਸਾਧਾਰਣ, ਸਾਦਾ, ਮਾਮੂਲੀ, ਨਿਰਵਿਸ਼ੇਸ਼
2. ਪ੍ਰਚਲਿਤ, ਵਿਦਿਤ, ਗਿਆਤ
3. ਸਾਰਵਜਨਿਕ, ਲੌਕਿਕ
4. ਸਾਮਾਨ੍ਯ

—ਆਮ ਪੁ. ਜਨ-ਸਾਧਾਰਣ, ਅੱਵਾਮ
—ਆਮ ਖਾਸ ਵਿ. ਸਰਵ ਸਾਧਾਰਣ, ਹਮਾਤੁਮਾ, ਜਣਾ ਖਣਾ

ਵਿਪਰਿਆਇ : ਵੇਖੋ ਖਾਸ

ਆਮਦ ਇ.
1. ਆਗਮ, ਆਗਮਨ, ਆਵੰਦ
2. ਪਹੁੰਚ
3. ਆਵੇਸ਼, ਅਵਤਰਣ

—ਆਮਦੋਰਫ਼ਤ ਇ. ਆਵਾਜਾਈ, ਗਮਨਾਗਮਨ, ਆਵਾਗਵਣ

ਵਿਪਰਿਆਇ : ਵੇਖੋ ਰਵਾਨਗੀ

ਆਮਦਨ/ ਆਮਦਨੀ ਇ.
1. ਖੱਟੀ, ਆਯ
2. ਵੱਟਕ
3. ਲਾਹਾ, ਲਾਭ, ਨਫ਼ਾ, ਮੁਨਾਫ਼ਾ, ਪ੍ਰਾਪਤੀ, ਉਪਲਬਧੀ, ਲੱਭਤ, ਫ਼ਾਇਦਾ

ਵਿਪਰਿਆਇ : ਵੇਖੋ ਖ਼ਰਚ

ਆਯਾਤ
ਇ. ਦਰਾਮਦ, ਆਗਮ

ਵਿਪਰਿਆਇ : ਵੇਖੋ ਨਿਰਯਾਤ

ਆਰਜ਼ੀ ਵਿ.
1. ਅਸਥਿਰ, ਅਸਥਾਈ, ਵਕਤੀ, ਹੰਗਾਮੀ, ਸਾਮਿਅਕ
2. ਕੱਚਾ, ਕੰਮ-ਸਾਰੂ

ਵਿਪਰਿਆਇ : ਵੇਖੋ ਮੁਸਤਕਿਲ

ਆਰੰਭ ਪੁ.
1. ਪ੍ਰਾਰੰਭ, ਆਦਿ, ਆਗ਼ਾਜ਼, ਸ਼ੁਰੂ, ਇਬਤਦਾ, ਅਥ
2. ਮੁੱਢ, ਮੂਲ, ਸੋਮਾ, ਸ੍ਰੋਤ, ਸਰਚਸ਼ਮਾ, ਮੰਬਾ, ਮਸਦਰ
3. ਉਦਗਮ, ਉਦਭਵ, ਉਤਪੱਤੀ, ਆਵਿਰਭਾਵ

4. ਪਹਲ, ਪ੍ਰਾਥਮਿਕਤਾ

—ਆਰੰਭਿਕ ਵਿ. 1. ਪ੍ਰਾਰੰਭਿਕ, ਪ੍ਰਾਥਮਿਕ, ਪ੍ਰਥਮ, ਅੱਵਲ, ਇਬਤਦਾਈ
2. ਪਹਲਾ, ਪਲੇਠਾ

ਵਿਪਰਿਆਇ : ਵੇਖੋ ਸਮਾਪਤੀ

ਆਲਸ ਪੁ.
1. ਸੁਸਤੀ, ਅਲਕਸ, ਢਿੱਲਮੱਠ
2. ਗ਼ਫ਼ਲਤ, ਬੇਪਰਵਾਹੀ, ਅਲਗਰਜ਼ੀ, ਕੋਤਾਹੀ, ਗ਼ਾਫ਼ਲੀ, ਬੇਧਿਆਨੀ

—ਆਲਸੀ ਵਿ.
1. ਸੁਸਤ, ਢਿੱਲਾ, ਅਲਕਸੀ, ਮੱਠਾ
2. ਗ਼ਾਫ਼ਿਲ, ਬੇਪਰਵਾਹ, ਅਲਗ਼ਰਜ਼, ਕਮਚੋਰ, ਕੁੰਦ

ਵਿਪਰਿਆਇ : ਵੇਖੋ ਉੱਦਮ

ਆਲਿਮ ਵਿ.
1. ਵਿਦਵਾਨ, ਗਿਆਨੀ, ਚਿੰਤਕ, ਪੜ੍ਹਿਆ-ਲਿਖਿਆ, ਪੰਡਿਤ
2. ਸੂਝਵਾਨ, ਸਮਝਦਾਰ, ਸਿਆਣਾ, ਸੁਸੰਸਕ੍ਰਿਤ, ਸਭ੍ਯ, ਸ਼ਿਸ਼ਟ, ਸ਼ਾਇਸਤਾ, ਸੁਭਦ੍ਰ, ਮੁਹੱਜ਼ਬ

ਵਿਪਰਿਆਇ : ਵੇਖੋ ਊਮੀ

ਆਵਸ਼ਕ ਵਿ.
1. ਜ਼ਰੂਰੀ, ਲਾਜ਼ਿਮ, ਲੋੜੀਂਦਾ
2. ਅਨਿਵਾਰਜ, ਨਾਗੁਜ਼ੀਰ, ਅਨਿਖੜਵਾਂ

—ਆਵਸ਼ਕਤਾ ਪੁ.
1. ਜ਼ਰੂਰਤ, ਲੋੜ
2. ਅਨਿਵਾਰਜ

ਵਿਪਰਿਆਇ : ਵੇਖੋ ਅਨਾਵਸ਼ਕ

ਔਖ ਪੁ.
1. ਔਖਿਆਈ, ਉਖਿਆਈ, ਮੁਸ਼ਕਿਲ, ਖੇਚਲ, ਬਿਪਤਾ, ਤਕਲੀਫ਼, ਕਸ਼ਟ, ਕਠਿਨਾਈ
2. ਦੁਖ, ਆਫ਼ਤ, ਮੁਸੀਬਤ, ਬਲਾ, ਬਿੰਜ
3. ਦਰਦ, ਪੀੜਾ, ਪੀੜ, ਵ੍ਵਿਥਿਆ, ਵੇਦਨਾ, ਸੂਲ, ਯਾਤਨਾ

4. ਸਮੱਸਿਆ, ਔਕੜ, ਅੜਿੱਕਾ, ਰੋਕ, ਰੁਕਾਵਟ, ਵਿਘਣ, ਬਾਧਾ, ਪ੍ਰਤਿਕੂਲਤਾ, ਬਿਖਮਤਾ, ਅੜਚਣ, ਗੁੰਝਲ, ਜਟਿਲਤਾ, ਪੇਚੀਦਗੀ
5. ਗੱਠ, ਉਕਦਾ, ਗੰਢ
6. ਔੜ

—ਔਖਿਆਈ ਇ.

1. ਉਖਿਆਈ, ਔਖ, ਤੰਗੀ, ਮੁਸ਼ਕਿਲ, ਬਿਪਤਾ, ਮੁਸੀਬਤ
2. ਕਸ਼ਟ, ਕਠਿਨਾਈ, ਕਠਿਨਤਾ
3. ਦੁਸ਼ਵਾਰੀ, ਦੁਰਗਮਤਾ, ਬਿਖਮਤਾ

ਵਿਪਰਿਆਇ : ਵੇਖੋ **ਸੌਖ**

ਔੜ **ਇ.**

1. ਸੋਕਾ, ਖੁਸ਼ਕ ਸਾਲੀ, ਕਾਲ, ਕਹਤ
2. ਕਮੀ, ਥੁੜ, ਨਾਯਾਬੀ, ਦੁਰਲਭਤਾ
3. ਤੰਗੀ, ਤਕਲੀਫ਼, ਦੁਖ, ਸੰਕਟ, ਬਿਖਮਤਾ, ਔਖ

ਵਿਪਰਿਆਇ : ਵੇਖੋ **ਵਰਖਾ**

ਇਸਤਰੀ ਇ.

1. ਤੀਵੀਂ, ਔਰਤ, ਨਾਰੀ, ਜ਼ਨ, ਮਹਿਲਾ, ਤ੍ਰੀਮਤ, ਤ੍ਰਿਆ, ਵਨਿਤਾ
2. ਬੇਗ਼ਮ, ਬੀਵੀ, ਵਹੁਟੀ, ਰੰਨ, ਦੁਲਹਨ, ਜ਼ਨਾਨੀ
3. ਇਸਤਰੀ ਮਾਤ੍ਰ

ਵਿਪਰਿਆਇ : ਵੇਖੋ **ਪੁਰਸ਼**

ਇਕ ਵਿ.

1. ਏਕ, ਯਕ, ਵਾਹਦ

—ਇਕੱਲਾ ਵਿ.

1. ਤਨਹਾ, ਅਦੁਤੀ, ਅਜੀਬ, ਅਤੁਲ, ਅ-ਸਮਾਨ, ਨਾਦਰ, ਲਾਸਾਨੀ, ਬੇਨਜ਼ੀਰ, ਬੇਜੋੜ, ਬੇਮਿਸਾਲ, ਲਾਜਵਾਬ
2. ਬੇਕਸ, ਬੇਯਾਰ, ਸੰਗਹੀਨ, ਸਾਥਹੀਨ, ਸਾਕਹੀਨ
3. ਛੜਾ, ਅਣਵਿਆਹਿਆ

—ਏਕਤਾ ਇ.

1. ਏਕਾ, ਏਕਤ੍ਵ, ਵਾਹਦਤ, ਤੌਹੀਦ, ਵਾਹਦਾਨੀਅਤ, ਅਦ੍ਵੈਤ
2. ਸੰਘਟਨ, ਇਤਫ਼ਾਕ, ਇਤਹਾਦ, ਮੇਲ, ਜੋੜ, ਇਕੱਤ੍ਰਤਾ, ਇਕੱਠ, ਹਜੂਮ, ਮਜਮਾ
3. ਇਕਸੁਰਤਾ, ਸਮੇਲ, ਸਹਮਤੀ

—ਏਕਾ ਪੁ. ਏਕਤਾ, ਇਕੱਠ, ਇਤਫ਼ਾਕ, ਸਾਂਝ, ਜੋੜ, ਇਸ਼ਤਰਾਕ, ਮੁਸ਼ਾਰਕਤ, ਸੰਧੀ, ਮੇਲ, ਸੰਜੋਗ

ਵਿਪਰਿਆਇ : ਵੇਖੋ ਅਨੇਕ

ਇਕਰਾਰ ਪੁ.

1. ਪ੍ਰਣ, ਵਚਨ, ਕੌਲ, ਅਹਿਦ, ਵਾਇਦਾ, ਬਚਨ, ਪ੍ਰਤਿਗਿਆ
2. ਮਨਜ਼ੂਰੀ, ਪਰਵਾਨਗੀ, ਅਨੁਮਤੀ, ਸ੍ਵੀਕ੍ਰਿਤੀ
3. ਨਿਯੰਤ੍ਰਣ, ਅੰਕੁਸ਼

—ਇਕਰਾਰਨਾਮਾ ਪੁ. ਪ੍ਰਣ ਪਤਰ, ਬੰਧ-ਪਤਰ, ਬਾਨ੍ਹ, ਬਾਂਸ, ਬੰਧੇਜ, ਪਾਬੰਦੀ, ਬੰਦਿਸ਼, ਪੈਖੜ, ਢੰਗਾ, ਨਿਊਲ

ਵਿਪਰਿਆਇ : ਵੇਖੋ ਇਨਕਾਰ

ਇੱਜ਼ਤ **ਇ.**

1. ਪਤ, ਮਾਣ, ਸਨਮਾਨ, ਆਬਰੂ, ਆਦਰ, ਸਤਿਕਾਰ
2. ਆਉਭਗਤ, ਅਭਿਨੰਦਨ, ਇਹਤਰਾਮ, ਖ਼ਾਤਰ ਤਵਾਜ਼ੁਹ, ਸੁਆਗਤ

—ਇੱਜ਼ਤਦਾਰ ਵਿ. 1. ਮਾਨਨੀਯ, ਪਤਵੰਤ, ਸਤਿਕਾਰਯੋਗ, ਆਦਰਣੀਯ, ਮੁਅੱਜ਼ਿਜ਼, ਪ੍ਰਤਿਸ਼ਠਿਤ

2. ਸਾਊ, ਸ਼ਰੀਫ਼, ਨਜੀਬ, ਕੁਲੀਨ

ਵਿਪਰਿਆਇ : ਵੇਖੋ ਬੇਇੱਜ਼ਤੀ

ਇਜਾਜ਼ਤ **ਇ.** ਆਗਿਆ, ਖੁਲ੍ਹ, ਹੁਕਮ, ਆਦੇਸ਼, ਮਨਜ਼ੂਰੀ, ਪਰਵਾਨਗੀ, ਸ੍ਵੀਕ੍ਰਿਤੀ, ਮਰਜ਼ੀ, ਅਨੁਮਤੀ, ਰਜ਼ਾਮੰਦੀ, ਰਜ਼ਾ

ਵਿਪਰਿਆਇ : ਵੇਖੋ ਮਨਾਹੀ

ਇਤਫ਼ਾਕ **ਪੁ.**

1. ਏਕਾ, ਏਕਤਾ, ਮੇਲ ਮਿਲਾਪ, ਸੰਘਟਨ, ਜਥੇਬੰਦੀ
2. ਮੌਕਾ, ਅਵਸਰ, ਸੰਜੋਗ

—ਇਤਫ਼ਾਕੀਆ ਕ੍ਰਿ. ਵਿ. ਇਤਫ਼ਾਕ ਨਾਲ, ਅਕਸਮਾਤ, ਅਚਾਨਕ, ਚਾਣਚਕ, ਅਚਣਚੇਤ, ਅਚਿੰਤੇ

ਵਿਪਰਿਆਇ : ਵੇਖੋ ਨਫ਼ਾਕ

ਇਤਬਾਰ **ਇ.** ਵਿਸ਼ਵਾਸ, ਭਰੋਸਾ, ਯਕੀਨ, ਵਿਸਾਹ

—ਇਤਬਾਰੀ ਵਿ.

1. ਵਿਸ਼ਵਾਸਯੋਗ, ਭਰੋਸੇਯੋਗ, ਮੁਅਤਬਰ
2. ਈਮਾਨਦਾਰ

ਵਿਪਰਿਆਇ : ਵੇਖੋ ਬੇਇਤਬਾਰੀ

ਇਤਮੀਨਾਨ **ਪੁ.** ਤਸੱਲੀ, ਟਿਕਾਉ, ਬੇਫ਼ਿਕਰੀ, ਨਿਸ਼ਚਿੰਤਤਾ, ਧੀਰਜ, ਤ੍ਰਿਪਤੀ, ਤੁਸ਼ਟੀ

ਵਿਪਰਿਆਇ : ਵੇਖੋ ਤਸ਼ਵੀਸ਼

ਇਨਸਾਨ ਪੁ.

1. ਮਾਨਵ, ਆਦਮ, ਆਦਮੀ, ਬੰਦਾ, ਮਨੁੱਖ
2. ਮਾਨਵਪ੍ਰਾਣੀ, ਮਨੁਜ, ਮਾਨਵਮਾਤ੍ਰ
3. ਮਰਦ, ਪੁਰਸ਼, ਬੰਦਾ, ਜਣਾ, ਜਣ, ਪੁਰਖ

—ਇਨਸਾਨੀਅਤ ਇ.

1. ਮਾਨਵਤਾ, ਮਨੁਖਤਾ, ਆਦਮੀਅਤ
2. ਸ਼ਾਇਸਤਗੀ, ਸ਼ਿਸ਼ਟਤਾ, ਸੁਸ਼ੀਲਤਾ, ਸ਼ਰਾਫ਼ਤਨ, ਨਜਾਬਤ

ਵਿਪਰਿਆਇ : ਵੇਖੋ ਹੈਵਾਨ

ਇਨਕਾਰ ਪੁ.

1. ਨਾਂਹ, ਨਾਂਹ ਨੁਕਰ, ਨਿਸ਼ੇਧ
2. ਅਪਰਵਾਨਗੀ, ਅਸ੍ਵੀਕ੍ਰਿਤੀ, ਨਾਮਨਜ਼ੂਰੀ, ਅਸਹਮਤੀ, ਅਸਮੰਤੀ
3. ਖੰਡਣ, ਤਰਦੀਦ, ਤਨਸੀਖ
4. ਉਪੇਖਿਆ

—ਇਨਕਾਰੀ ਵਿ.

1. ਮੁਨਕਿਰ, ਅਸਹਮਤ, ਉਪੇਖਿਆਕਾਰ
2. ਵਿਰੋਧੀ, ਮੁਖ਼ਾਲਿਫ਼
3. ਨਾਸਤਿਕ, ਮੁਲਹਦ

ਵਿਪਰਿਆਇ : ਵੇਖੋ ਇਨਕਾਰ

ਇਨਾਮ ਪੁ:

1. ਬਖਸ਼ੀਸ਼, ਪੁਰਸਕਾਰ
2. ਅਭਿਨੰਦਨ, ਇੱਜ਼ਤ, ਮਾਨ, ਸਤਿਕਾਰ, ਸ਼ਲਾਘਾ, ਸਰਾਹਣਾ, ਸ਼ੋਭਾ, ਉਪਮਾ
3. ਸ੍ਵੀਕ੍ਰਿਤੀ, ਮਾਨਯਤਾ
4. ਉਪਲਬਧੀ, ਪ੍ਰਾਪਤੀ, ਯਾਫ਼ਤ, ਹਾਸਿਲ

—ਇਨਾਮੀ ਵਿ. ਪੁਰਸਕਾਰਜੋਗ, ਇਨਾਮਯਾਫ਼ਤਾ, ਪੁਰਸਕ੍ਰਿਤ

ਵਿਪਰਿਆਇ : ਵੇਖੋ ਸਜ਼ਾ

ਇਲਮ ਪੁ:

1. ਵਿਦਿਆ, ਗਿਆਨ, ਬੋਧ, ਇਰਫ਼ਾਨ, ਬਿਬੇਕ, ਵੇਦ, ਦਾਨਿਸ਼, ਦਾਨਾਈ

2. ਜਾਣਕਾਰੀ, ਵਾਕਫ਼ੀ, ਵਾਕਫ਼ੀਅਤ, ਬਾਖ਼ਬਰੀ, ਸੂਝ, ਪ੍ਰਗਿੱਆ
3. ਖ਼ਬਰ, ਇਤਲਾਹ

—ਇਲਮੀਅਤ ਈ : ਵਿਦਵਤਾ, ਸਿਆਣਪ, ਪ੍ਰਬੁੱਧਤਾ, ਅਭਿੱਗਤਾ, ਗਿਆਨ

— ਆਲਿਮ ਵਿ. ਗਿਆਨਵਾਨ, ਵਿਦਵਾਨ, ਗਿਆਨੀ, ਸੂਝਵਾਨ, ਪ੍ਰਗਿਆਵਾਨ, ਵਿਸ਼ੇਸ਼ਗ, ਬੁਧੀਮਾਨ, ਪ੍ਰਬੁੱਧ, ਮਾਹਰ

ਵਿਪਰਿਆਇ : ਵੇਖੋ ਬੇਇਲਮੀ

ਈਮਾਨ ਪੁ.

1. ਨਿਹਚਾ, ਵਿਸ਼ਵਾਸ, ਸ਼ਰਧਾ, ਨਿਸ਼ਠਾ, ਆਸਥਾ, ਯਕੀਨ, ਭਰੋਸਾ
2. ਧਰਮ

ਇਮਾਨਦਾਰ ਵਿ: ਨਿਸ਼ਠਾਵਾਨ, ਵਿਸ਼ਵਾਸਯੋਗ

—ਈਮਾਨਦਾਰੀ ਇ. ਖ਼ਲਸ, ਨਿਸ਼ਠਾ

ਵਿਪਰਿਆਇ : ਵੇਖੋ ਕੁਫ਼ਰ

ਏਕਤਾ ਇ.

1. ਇਤਫ਼ਾਕ, ਏਕਾ, ਜੋੜ, ਸੰਗਠਨ, ਇਤਹਾਦ, ਵਹਦਤ
1. ਜਥੇਬੰਦੀ, ਮੇਲ, ਇਕੱਠ, ਸੰਘ
3. ਇਕਸੁਰਤਾ, ਸਮਰੂਪਤਾ, ਸਾਂਝ, ਇਤਫ਼ਾਕ, ਜੋੜ

—ਏਕਾ ਪੁ.

1. ਇਕੱਠ, ਸੰਗਠਨ, ਜਥੇਬੰਦੀ, ਸੰਘ
2. ਇਤਫ਼ਾਕ, ਮੇਲ ਮਿਲਾਪ, ਏਕਤਾ, ਸੰਘ
3. ਜੋੜ, ਮੇਲ, ਇਕੱਠ, ਇਕਰਾਏ

—ਇਕ ਵਿ. ਇਕੋ, ਵਾਹਿਦ, ਇਕੱਲਾ, ਇਕਹਰਾ, ਫਰਦ, ਜਨ, ਜਣਾ, ਬੰਦਾ, ਵਿਅਕਤੀ

ਵਿਪਰਿਆਇ : ਵੇਖੋ ਅਨੇਕਤਾ/ਅਨੇਕ

ਸ

ਸਸਤਾ ਵਿ.

1. ਸੁਵੱਲਾ, ਕਮਕੀਮਤ, ਹੌਲਾ, ਹਲਕਾ
2. ਮਾਮੂਲੀ, ਸਾਧਾਰਣ, ਸਾਦਾ, ਆਮ
3. ਗ੍ਰਾਮੀਣ, ਅਸ਼ਿਸ਼ਟ, ਅਗੰਭੀਰ
4. ਹੋਛਾ, ਥੋਥਾ, ਤੁਛ, ਸ੍ਰਤਹੀ
5. ਸੁਲਭ, ਸਹਜ-ਪ੍ਰਾਪਤ

ਵਿਪਰਿਆਇ : ਵੇਖੋ ਮਹਿੰਗਾ

ਸਹਲ ਵਿ:

1. ਸੌਖਾ, ਸੁਖਾਲਾ, ਆਸਾਨ

ਵਿਪਰਿਆਇ : ਵੇਖੋ ਦੁਸ਼ਵਾਰ

ਸ਼ਹਰੀ ਵਿ.

1. ਨਾਗਰਿਕ, ਬਾਸ਼ਿੰਦਾ, ਵਸਨੀਕ, ਨਿਵਾਸੀ
2. ਸਭਯ, ਸ਼ਿਸ਼ਟ, ਮੁਹੱਜ਼ਬ, ਸ਼ਾਇਸਤਾ
3. ਸਾਊ, ਅਮਨ-ਪਸੰਦ

ਵਿਪਰਿਆਇ : ਵੇਖੋ ਦੇਹਾਤੀ

ਸਹਾਇਤਾ ਇ.

ਪਰਿਆਇ : ਵੇਖੋ ਮਦਦ

ਵਿਪਰਿਆਇ : ਵੇਖੋ ਅੜਿੱਕਾ

ਸਹੀ ਵਿ.

1. ਠੀਕ, ਦਰੁਸਤ ਸ਼ੁੱਧ, ਸਾਫ਼
2. ਸੱਚਾ, ਸੁੱਚਾ, ਸਿਹਤਮੰਦ, ਸੁਸਥ, ਤੰਦਰੁਸਤ, ਸੰਤੁਲਿਤ, ਸਾਂਵਾਂ ਹਮਵਾਰ, ਪਧਰਾ

3. ਉਚਿਤ, ਯੋਗ, ਜਾਇਜ਼, ਅਨੁਕੂਲ, ਮੁਨਾਸਬ, ਮੌਜ਼ੂੰ, ਸਮੀਚੀਨ, ਉਪਯੁਕਤ

ਵਿਪਰਿਆਇ : ਵੇਖੋ ਗ਼ਲਤ

ਸੰਕੋਚ ਪੁ.

1. ਸੁੰਗੜਾਉ, ਸਿਮਟਾਉ, ਸੌੜ
2. ਸੰਗ, ਝਿਜਕ, ਜਕ, ਉਜ਼ਰ
3. ਸ਼ਰਮ, ਲੱਜਾ, ਲਾਜ, ਹਯਾ
4. ਸੰਜਮ, ਸੰਖੇਪ, ਅਲਪਤਾ
5. ਸਰਫ਼ਾ, ਕਿਰਸ, ਕਫ਼ਾਇਤ, ਕੀਰਾਪਣ, ਕ੍ਰਿਪਾਲਤਾ, ਕੰਜੂਸੀ

ਵਿਪਰਿਆਇ : ਵੇਖੋ ਪ੍ਰਸਾਰ

ਸੱਖਣਾ ਵਿ.

1. ਖ਼ਾਲੀ, ਰੀਤਾ, ਰਿਕਤ
2. ਵਿਹਲਾ, ਸੁੰਞਾ, ਬੇਆਬਾਦ, ਵੀਰਾਨ, ਸੁਨਸਾਨ, ਉਜਾੜ
3. ਥੋਥਾ, ਪੋਲਾ, ਹਲਕਾ, ਹੌਲਾ, ਹੋਛਾ, ਕਮਜ਼ਰਫ਼
4. ਵਾਂਝਾ, ਨਾਮੁਰਾਦ, ਮਹਰੂਮ, ਨਾਕਾਮ, ਅਤ੍ਰਿਪਤ, ਅਫਲ, ਵੰਚਿਤ
5. ਆਹਲਾ

—ਸੁੰਞਾ ਸਖਣਾ ਵਿ. ਵਾਂਝਾ, ਨਾਮੁਰਾਦ, ਨਾਕਾਮ, ਵੰਚਿਤ, ਮਹਰੂਮ

ਵਿਪਰਿਆਇ : ਵੇਖੋ ਭਰਿਆ

ਸਖ਼ਤ ਵਿ.

1. ਕਰੜਾ, ਨਿੱਗਰ, ਮਜ਼ਬੂਤ, ਕਠੋਰ, ਮਤੀਨ
2. ਦ੍ਰਿੜ੍ਹ, ਪੱਕਾ, ਕੱਟੜ, ਮੁਤੱਅਸਬ
3. ਸ਼ਦੀਦ, ਪ੍ਰਚੰਡ, ਤੁੰਦ, ਤੇਜ਼, ਤਿੱਖਾ, ਤੀਬ੍ਰ, ਗਰਮ
4. ਅਭਿਜ, ਅਪ੍ਰਭਾਵਿਤ, ਗ਼ੈਰ-ਮੁਤਾਸਿਰ, ਅਲਿਪਤ, ਨਿਰਲੇਪ
5. ਬੇਰਹਮ, ਬੇਤਰਸ, ਬੇਦਿਲ, ਨਿਸ਼ਠੁਰ, ਅਕਰੁਣ, ਪੱਥਰ-ਦਿਲ, ਪਾਸ਼ਾਨ-ਚਿੱਤ, ਸੰਗ-ਦਿਲ
6. ਜਾਬਰ, ਕਰੂਰ
7. ਖਰਵਾ, ਰੁੱਖਾ, ਕੋਰਾ

—ਸਖ਼ਤੀ ਇ. ਕਰੜਾਈ, ਪਕਿਆਇ, ਕਠੋਰਤਾ, ਮਜ਼ਬੂਤੀ, ਦ੍ਰਿੜ੍ਹਤਾ, ਤੁਅਸਬ, ਤੁੰਦੀ, ਤੇਜ਼ੀ, ਔਖ, ਤੰਗੀ ਮੁਸ਼ਕਲ, ਤਕਲੀਫ਼, ਬਿਪਤਾ,

ਜ਼ਬਰਦਸਤੀ, ਜ਼ੁਲਮ, ਅਤਿਆਚਾਰ, ਵਧੀਕੀ, ਬੇਦਿਲੀ,

ਵਿਪਰਿਆਇ : ਵੇਖੋ ਨਰਮ

ਸੰਖੇਪ ਪੁ.

1. ਸਾਰ, ਤੱਤ, ਸਾਰਤੱਤ, ਸਾਰਾਂਸ਼, ਤੱਤਸਾਰ, ਨਚੋੜ, ਸਾਰ-ਮੂਲ, ਨਿਸ਼ਕਰਸ਼, ਇਖੁਤਸਾਰ, ਤਾਤਪਰਜ, ਭਾਵਾਰਥ, ਮਨਸ਼ਾ, ਮਕਸਦ, ਮਨੋਰਥ, ਮਫ਼ਹੂਮ
2. ਸੰਕੋਚ, ਅਲਪਤਾ, ਲਘੁਤਾ

—ਸੰਖਿਪਤ ਵਿ.

1. ਸੰਕੁਚਿਤ, ਸੰਕੋਚਵਾ, ਮੁਖ਼ਤਸਰ,
2. ਅਲਪ, ਛੋਟਾ, ਲਘੂ

ਵਿਪਰਿਆਇ : ਵੇਖੋ ਵਿਸਤਾਰ

ਸੰਗਰਾਦ ਇ.

ਪ੍ਰਥਮਦਿਵਸ, ਆਦਿ, ਆਰੰਭ, ਆਗਾਜ਼, ਇਬਤਦਾ

ਵਿਪਰਿਆਇ : ਵੇਖੋ ਮਸਾਂਤ

ਸੰਘਣਾ ਵਿ.

1. ਗੂੜ੍ਹਾ, ਗਾੜ੍ਹਾ, ਗਹਰਾ, ਘਣਾ, ਡੂੰਘਾ, ਸਘਨ
2. ਗੰਜਾਨ, ਘੁੱਗ
3. ਰਚਿਆਮਿਚਿਆ, ਬੇਤੁਕੱਲਫ, ਇਕਮਿਕ
4. ਮੀਢਾ, ਗਫ਼, ਮੋਟਾ, ਸਥੂਲ, ਠੁਲ੍ਹਾ

ਵਿਪਰਿਆਇ : ਵੇਖੋ ਵਿਰਲਾ

ਸੱਚ ਪੁ.

1. ਸਤਿ, ਯਥਾਰਥ, ਸਤਜ, ਹੱਕ, ਰਾਸਤੀ,
2. ਸਚਿਆਈ, ਅਸਲੀਅਤ, ਵਾਸਤਵਿਕਤਾ, ਹਕੀਕਤ
3. ਸ਼ੁਧੀ, ਖਰਾਪਣ
4. ਸਿਦਕ, ਕਮਾਲ, ਖ਼ਲੂਸ

ਸੱਚਾ ਵਿ.

1. ਠੀਕ, ਸਹੀ, ਰਾਸਤ
2. ਅਸਲੀ, ਹਕੀਕੀ, ਵਾਸਤਵਿਕ, ਯਥਾਰਥ, ਵਾਕਈ

3. ਖ਼ਾਲਿਸ, ਸ਼ੁਧ, ਖਰਾ, ਸੁੱਚਾ
4. ਸਿਦਕੀ, ਪਰਿਪੂਰਣ, ਮੁਕੰਮਲ, ਕਾਮਿਲ, ਅਨੰਨ, ਅਡਿੱਗ, ਅਡੋਲ, ਪੱਕਾ, ਸਾਬਿਤਕਦਮ, ਦ੍ਰਿੜ੍ਹ, ਮੁਸਤਕਿਲ ਮਿਜ਼ਾਜ
5. ਸਦਾਚਾਰੀ, ਸ਼ਿਸ਼ਟਾਚਾਰੀ, ਸਤਿਵਾਦੀ, ਰਾਸਤਬਾਜ਼, ਦਿਆਨਤਦਾਰ, ਈਮਾਨਦਾਰ, ਨੇਕ

ਸੱਚਾ ਸੁੱਚਾ ਵਿ. ਨਿਹਕਲੰਕ, ਬੇਦਾਗ, ਨਿਰਦੋਖ, ਬੇਐਬ, ਸ਼ੁਭ, ਸਾਫ, ਸ਼ੁਧ, ਪਾਕ, ਪਵਿਤ੍ਰ, ਪਾਕਬਾਜ਼

—ਸੱਚ ਮੁੱਚ ਕ੍ਰਿ ਵਿ. ਅਸਲ ਵਿਚ, ਸਚੀਂ ਸਚੀਂ, ਦਰਅਸਲ, ਵਾਸਤਵ ਵਿਚ, ਇਨਬਿਨ, ਸਾਫ ਸਾਫ, ਠੀਕ ਠੀਕ, ਸਚ ਸਚ, ਸਚੋ ਸੱਚ

—ਸਚਾਈ
—ਸਚਿਆਈ } ਇ. ਸੱਚ

—ਸਚਿਆਰ ਵਿ. ਸੱਚਾ, ਸਦਾਚਾਰੀ, ਨੇਕੋਕਾਰ, ਸ਼ੀਲਵਾਨ, ਨਿਆਉਂਕਾਰ, ਸੁਚੱਜਾ, ਸਲੀਕਾ, ਸੁਆਰ, ਸੁਸ਼ੀਲ

ਵਿਪਰਿਆਇ : ਵੇਖੋ ਝੂਠ

ਸੱਜਰਾ ਵਿ.

1. ਤਾਜ਼ਾ, ਨਵਾਂ, ਨਵੀਨ
2. ਹਰਿਆਭਰਿਆ, ਸਰਸਬਜ਼, ਖਿੜਿਆ, ਸ਼ਗੁਫ਼ਤਾ, ਤਰੋਤਾਜ਼ਾ
3. ਅਛੂਹ, ਸਰਸ
4. ਵਰਤਮਾਨ, ਮੌਜੂਦਾ, ਆਧੁਨਿਕ, ਸਾਂਪ੍ਰਤਿਕ, ਅਜੋਕਾ, ਜਦੀਦ
5. ਨਵਲ, ਨੌਵਾਰਦ, ਨਵਾਗਤ, ਨੂਤਨ

ਵਿਪਰਿਆਇ : ਵੇਖੋ ਬੇਹਾ

ਸਜ਼ਾ ਇ.

1. ਦੰਡ, ਡੰਨ, ਜੁਰਮਾਨਾ, ਚੱਟੀ
2. ਬਦਲਾ, ਇਵਜ਼ਾਨਾ, ਪ੍ਰਤਿਫਲ, ਵਿੜੀ
3. ਤਾੜਮਾ, ਤੰਬੀਹ, ਚੇਤਾਵਨੀ
4. ਕੈਦ, ਜਲਾਵਤਨੀ, ਦੇਸ਼ ਨਿਕਾਲਾ
5. ਬਰਤਰਫੀ, ਮਾਜ਼ੂਲੀ, ਮੁਅੱਤਲੀ
6. ਕੁਟਾਈ, ਮਾਰ, ਮਾਰਕੁਟਾਈ, ਕੁੱਟ

ਵਿਪਰਿਆਇ : ਵੇਖੋ ਇਨਾਮ

ਸਜਾਵਟ **ਇ.**

1. ਸ਼ਿੰਗਾਰ, ਸ਼ੋਭਾ, ਅਲੰਕਾਰ, ਬਨਾਉ, ਜ਼ੇਬਾਇਸ਼, ਹਾਰਸ਼ਿੰਗਾਰ, ਜ਼ੇਬ, ਜ਼ੀਨਤ, ਸਾਜਸੱਜਾ, ਆਰਾਇਸ਼, ਆਰਾਸਤਗੀ
2. ਤਿਆਰੀ, ਸਲੀਕਾ, ਕਰੀਨਾ, ਵਿਵਸਥਾ, ਪ੍ਰਬੰਧ, ਬੰਦੋਬਸਤ, ਤਰਤੀਬ
3. ਟੀਪ-ਟਾਪ, ਵਿਖਾਵਾ, ਪ੍ਰਦਰਸ਼ਨ, ਨਮੂਦ, ਨੁਮਾਇਸ਼
4. ਤੁਕੱਲੁਫ਼, ਉਚੇਚ, ਵਿਸ਼ੇਸ਼ਤਾ
5. ਚਮਕ, ਦਮਕ, ਆਬਤਾਬ, ਰਮਣੀਕਤਾ, ਭੜਕ, ਦੱਖ, ਭਾ, ਆਭਾ, ਕਾਂਤੀ

ਵਿਪਰਿਆਇ : ਵੇਖੋ ਸਾਦਗੀ

ਸੱਜਾ **ਵਿ.**

1. ਦਹਿਣਾ, ਰਾਸਤ
2. ਨਰਮ-ਖਿਆਲ, ਨਰਮ-ਪਖੀ,

ਵਿਪਰਿਆਇ : ਵੇਖੋ ਖੱਬਾ

ਸੰਜੋਗ **ਪੁ.**

1. ਸੰਯੋਗ, ਸੁਮੇਲ, ਜੋੜ, ਮੇਲ, ਮਿਲਾਪ, ਮਿਲਣ, ਮੇਲਾ, ਸੰਮਿਲਣ, ਸਪਰਸ਼, ਇਤਸਾਰ, ਸੰਗਮ, ਸੰਪਰਕ, ਸੰਸਰਗ
2. ਸਬਬ, ਢੋ, ਇਤਫ਼ਾਕ, ਹਾਦਸਾ, ਦੈਵਨੇਤ
3. ਭਾਵੀ, ਹੋਣੀ, ਰਜ਼ਾ, ਤਕਦੀਰ
4. ਸਮਾਗਮ, ਇਕੱਠ, ਇਕੱਤ੍ਰਤਾ

ਵਪਰਿਆਇ : ਵੇਖੋ ਵਿਜੋਗ

ਸਤਿ **ਪੁ.**

1. ਸੱਚ, ਸਦਾਕਤ, ਹਕੀਕਤ, ਹੱਕ, ਸਚਾਈ, ਸਤਿਤਾ, ਸਚਿਆਈ, ਅਸਲੀਅਤ
2. ਹੋਂਦ, ਹਸਤੀ, ਅਸਤਿਤ੍ਵ, ਭਵ, ਵਜੂਦ, ਸ਼ਹੂਦ, ਆਵਿਰਭਾਵ, ਪ੍ਰਾਦੁਰਭਾਵ, ਸੰਭਵ
3. ਜੌਹਰ, ਅਸਲ, ਤੱਤ, ਤੱਥਤਾ, ਸਾਰ

ਵਿਪਰਿਆਇ : ਵੇਖੋ ਅਸਤਿ

ਸੰਤੋਖ ਪੁ.

1. ਸੰਤੋਸ਼, ਸਬਰ, ਕਦਾਇਤ, ਸਬੂਰੀ, ਜੇਰਾ, ਜਰਾਦ, ਸਹਣਸ਼ੀਲਤਾ
2. ਸੰਤੁਸ਼ਟੀ, ਇਤਮੀਨਾਨ, ਰੱਜ, ਧੀਰਜ, ਤਸੱਲੀ, ਤ੍ਰਿਪਤੀ
3. ਸੰਜਮ, ਜ਼ਬਤ, ਨਿਯੰਤ੍ਰਣ, ਸਿਦਕ
4. ਵਿਸ਼੍ਰਾਮ, ਆਰਾਮ, ਸ਼ਾਂਤੀ, ਚੈਨ

ਸੰਤੋਖੀ ਵਿ. ਸੰਜਮੀ, ਧੀਰਜਵਾਨ, ਸਾਬਿਰ, ਸਬੂਰ, ਤ੍ਰਿਪਤ, ਸਿਦਕੀ

ਵਿਪਰਿਆਇ : ਵੇਖੋ ਲੋਭ

ਸਥਾਈ ਵਿ.

1. ਸਥਿਰ, ਸਦੀਵੀ, ਚਿਰਕਾਲੀਨ, ਦਾਇਮ, ਕਾਇਮ, ਦਵਾਮੀ, ਮਦਾਮੀ, ਚਿਰਜੀਵੀ
2. ਮੁਸਤਕਿਲ, ਦ੍ਰਿੜ੍ਹ, ਪੱਕਾ, ਮਜ਼ਬੂਤ, ਠੋਸ, ਅਡੋਲ, ਅਹਿੱਲ ਅਚੱਲ, ਅਬਚਲ, ਅਚੂਕ, ਸਥਿਤ

ਵਿਪਰਿਆਇ : ਵੇਖੋ ਅਸਥਾਈ

ਸਥਿਤੀ ਇ.

1. ਸਥਿਰਤਾ, ਟਿਕਾਉ, ਠਹਰਾਓ, ਠਰ੍ਹੰਮਾ, ਬੇਹਰਕਤੀ, ਧੀਰਜ, ਨਿਰਚੇਸ਼ਟਤਾ
2. ਜਮੂਦ, ਸਕੂਨ, ਕਯਾਮ, ਗਤੀਰੋਧ
3. ਕਾਇਮੀ, ਅਟਕ, ਅਟਕਾਓ, ਰੋਕ, ਖਲ੍ਹਾਰ, ਅਡੋਲਤਾ
4. ਬੇਅਮਲੀ, ਕਰਮਹੀਨਤਾ
5. ਅਵਸਥਾ, ਦਸ਼ਾ, ਹਾਲਤ, ਪਰਿਸਥਿਤੀ

ਵਿਪਰਿਆਇ : ਵੇਖੋ ਗਤੀ

ਸਥੂਲ ਵਿ.

1. ਮੋਟਾ, ਭਾਰਾ, ਵਜ਼ਨੀ, ਬੋਝਲ
2. ਸਾਕਾਰ, ਦ੍ਰਿਸ਼ਟ, ਸਮੂਰਤ, ਗੋਚਰ, ਜ਼ਾਹਰਾ, ਮੌਜੂਦ, ਮੂਰਤੀਮਾਨ, ਵਿਅਕਤ, ਦ੍ਰਿਸ਼ਮਾਨ, ਰੂਪਮਾਨ, ਪ੍ਰਗਟ, ਰੂਪਾਤਮਕ
4. ਸਰੀਰੀ, ਮੁਜੱਸਮ, ਬਦਨੀ, ਜਿਸਮੀ
5. ਲੌਕਿਕ, ਪਾਰਥਿਵ, ਮਾਨਸਲ, ਭੌਤਿਕ, ਸੰਸਾਰਕ
6. ਨਿਕਟੀ, ਕਰੀਬੀ, ਸਮੀਪ, ਨਜ਼ਦੀਕ

7. ਮਹਸੂਸ, ਇੰਦਰਿਆਵੀ

ਵਿਪਰਿਆਇ : ਵੇਖੋ ਸੂਖਮ

ਸਦਾਚਾਰ ਪੁ.

1. ਸ਼ਿਸ਼ਟਾਚਾਰ, ਸੁਸ਼ਟਾਚਾਰ, ਸਭਿਆਚਾਰ, ਅਖ਼ਲਾਕ, ਨੇਕਚਲਣੀ, ਖੁਸ਼ਖੁਲਕੀ, ਸਦਵਿਵਹਾਰ, ਨੇਕਵਰਤਾਰਾ
2. ਉਦਾਰਤਾ, ਸ਼ਰਾਫ਼ਤ, ਸਾਊਪੁਣਾ, ਸੱਜਨਤਾ, ਨੇਕੀ, ਸ਼ਾਇਸਤਗੀ, ਸ਼ਿਸਟਤਾ, ਸੁਭਦ੍ਰਤਾ, ਸੁਸ਼ੀਲਤਾ

—ਸਦਾਚਾਰੀ ਵਿ.

1. ਨੇਕ, ਖੁਸ਼ਖੁਲਕ, ਸ਼ਿਸ਼ਟਾਚਾਰੀ, ਸਦਵਿਵਹਾਰੀ, ਸੁਕਰਮੀ, ਸਤਕਰਮੀ, ਨੇਕਅਵਤਾਰ, ਨੇਕਖ਼ਸਲਤ, ਨੇਕਸੀਰਤ
2. ਉਦਾਰ, ਸ਼ਰੀਫ਼, ਭਲਾਮਾਣਸ, ਸ਼ਾਇਸਤਾ, ਸਾਊ, ਅਸੀਲ, ਸ਼ਿਸ਼ਟ, ਸੁਸਭਯ

ਵਿਪਰਿਆਇ : ਵੇਖੋ ਦੁਰਾਚਾਰ

ਸੰਧਿਆ ਇ. ਮੰਝ, ਤ੍ਰਿਕਾਲਾ, ਆਥਣ, ਸ਼ਾਮ, ਸਾਂਝ, ਗਰੂਬ, ਅਸਤ

ਵਿਪਰਿਆਇ : ਵੇਖੋ ਊਸ਼ਾ

ਸਨਮੁਖਤਾ ਇ. ਹਾਜ਼ਰੀ, ਹਜ਼ੂਰੀ, ਮੌਜੂਦਗੀ, ਉਪਸਥਿਤੀ, ਵਿਦਮਾਨਤਾ, ਪ੍ਰਸਤੁਤੀ, ਪ੍ਰਤੱਖਤਾ, ਅਭਿਮੁਖਤਾ, ਸਮੱਖਤਾ

ਵਿਪਰਿਆਇ : ਵੇਖੋ ਓਟ

ਸਨਾਥ ਵਿ. ਸ਼ਰਣਾਰਥੀ, ਸਰਣਾਗਤ, ਸਤਾਣਾ, ਸਧਿਰ, ਪਾਲਿਤ, ਆਸ਼ਿਤ, ਪਨਾਹਗੁਜ਼ੀਨ, ਪ੍ਰਣਤ, ਪ੍ਰਪੰਨ, ਮਰਬੂਬ

ਵਿਪਰਿਆਇ : ਵੇਖੋ ਅਨਾਥ

ਸਫਲ ਵਿ :

1. ਜੇਤੂ, ਵਿਜੇਈ, ਵਿਜੇਤਾ
2. ਕਾਮਯਾਬ, ਕਾਮਰਾ, ਕਾਮਗਾਰ
3. ਸਾਰਥਕ, ਫਲਦਾਇਕ, ਫਲੀਭੂਤ

ਸਫਲਤਾ ਇ. ਕਾਮਯਾਬੀ, ਜਿਤ, ਵਿਜੈ, ਫ਼ਤਿਹ, ਸਾਰਥਕਤਾ, ਪ੍ਰਾਪਤੀ,

ਉਪਲਭਦੀ, ਯਾਫ਼ਤ

ਵਿਪਰਿਆਇ : ਵੇਖੋ ਅਫਲ

ਸਫਾਈ ਇ.

1. ਸ਼ੁੱਧਤਾ, ਪਵਿਤ੍ਰਤਾ, ਨਿਰਮਲਤਾ, ਸ੍ਵੱਛਤਾ, ਪਾਕੀਜ਼ਗੀ, ਉੱਜ੍ਵਲਤਾ
2. ਸਚਿਆਈ, ਈਮਾਨਦਾਰੀ
3. ਬੇਗੁਨਾਹੀ, ਨਿਰਦੋਸ਼ਤਾ, ਬੇਕਸੂਰੀ,
4. ਸਫਾਇਆ, ਸਰਵਨਾਸ, ਉਨਮੂਲਣ, ਤਬਾਹੀ, ਬਰਬਾਦੀ

ਸਾਫ਼ ਵਿ.

1. ਸ੍ਵੱਛ, ਨਿਰਮਲ, ਵਿਮਲ, ਉੱਜਲ
2. ਪਾਕ, ਪਾਕੀਜ਼ਾ, ਸ਼ੁਧ
3. ਖਾਲਿਸ, ਖਰਾ, ਸੱਚਾ, ਸੁੱਚਾ
4. ਈਮਾਨਦਾਰ, ਸਚਿਆਰ
5. ਬੇਗੁਨਾਹ, ਨਿਰਦੋਸ਼, ਨਿਰ-ਪਰਾਧ, ਬੇਕਸੂਰ
6. ਪ੍ਰਗਟ, ਸਪਸ਼ਟ, ਕੋਰਾ

ਵਿਪਰਿਆਇ : ਵੇਖੋ ਗੰਦਗੀ

ਸਫੈਦੀ ਇ.

1. ਚਟਿਆਈ, ਸ੍ਵੇਤਤਾ, ਧਵਲਤਾ, ਬੱਗ
2. ਉੱਜਲਤਾ, ਸ੍ਵੱਛਤਾ, ਸਫਾਈ, ਨਿਰਮਲਤਾ
3. ਬੱਗਾਪਨ, ਗੋਰਾਪਨ
4. ਗੁਣ, ਚੰਗਿਆਈ, ਸਿਫ਼ਤ, ਵਸਫ਼, ਵਿਸ਼ੇਸ਼ਤਾ, ਖ਼ੂਬੀ

—ਸਫ਼ੈਦ ਵਿ.

1. ਚਿੱਟਾ, ਬਗਲਾ, ਧਵਲ, ਧੌਲਾ, ਸ੍ਵੇਤ
2. ਗੋਰਾ, ਬੱਗਾ
3. ਉੱਜਲ, ਸ੍ਵਛ, ਸਾਫ਼, ਨਿਰਮਲ

—ਸਫ਼ੈਦ-ਪੋਸ਼ ਵਿ. ਇੱਜ਼ਤਦਾਰ, ਪ੍ਰਤਿਸ਼ਠਿਤ, ਮਾਨਨੀਯ, ਸਰਕਰਦਾ, ਅਸੀਲ, ਖ਼ਾਨਦਾਨੀ, ਭਲਾਮਾਣਸ, ਸਾਊ, ਭਲਾ, ਸ਼ਰੀਫ਼

ਵਿਪਰਿਆਇ : ਵੇਖੋ ਸਿਆਹੀ

ਸੰਭਵ : ਵਿ.

ਪਰਿਆਇ : ਵੇਖੋ ਮੁਮਕਿਨ

ਵਿਪਰਿਆਇ : ਵੇਖੋ ਅਸੰਭਵ

ਸਭਜਤਾ **ਇ.** ਸਾਊਪੁਣਾ, ਤਹਜ਼ੀਬ, ਸੰਸਕ੍ਰਿਤੀ, ਅਦਬ, ਸ਼ਾਇਸਤਗੀ, ਸ਼ਿਸ਼ਟਾਚਾਰ, ਸ਼ਿਸ਼ਟਤਾ, ਸੁਭਦ੍ਰਤਾ, ਤਮੱਦੁਨ, ਸੁਚੱਜਤਾ, ਸੁਘੜਤਾ, ਸਲੀਕਾਮੰਦੀ, ਤਮੀਜ਼

2. ਸ਼ਰਾਫ਼ਤ, ਨਜਾਬਤ, ਸੁਸ਼ੀਲਤਾ

—ਸਭਜ **ਵਿ.** ਸਾਊ, ਮੁਹੱਜ਼ਬ, ਸੁਘੜ, ਸ਼ਾਇਸਤਾ, ਸੁਚੱਜਾ, ਸ਼ਿਸ਼ਟਾਚਾਰੀ, ਸੱਜਨ, ਅਸੀਲ, ਨਜੀਬ, ਸੁਸੰਸਕ੍ਰਿਤ, ਸ਼ਰੀਫ਼, ਸੁਸ਼ੀਲ, ਸੁਧੀਰ

ਵਿਪਰਿਆਇ : ਵੇਖੋ ਅਸਭਜਤਾ

ਸਮਰਥ **ਵਿ.**

1. ਬਲਵਾਨ, ਬਲਵੰਤ, ਬਲਸ਼ਾਲੀ, ਸਬਲ, ਸ਼ਕਤੀਮਾਨ, ਸ਼ਕਤੀ-ਸ਼ਾਲੀ, ਜ਼ੋਰਾਵਰ, ਤਾਕਤਵਰ, ਜ਼ੋਰਮੰਦ
2. ਯੋਗ, ਕਾਬਿਲ, ਸੁਯੋਗ, ਕੁਸ਼ਲ, ਲਾਇਕ, ਪ੍ਰਵੀਣ, ਨਿਪੁੰਣ, ਚਤੁਰ, ਸੁਜਾਨ, ਮਾਹਿਰ, ਕਾਮਿਲ, ਉਸਤਾਦ, ਤਾਕ, ਪ੍ਰਵਰ
3. ਪੁੱਜਦਾ, ਸਰਦਾ, ਅਮੀਰ, ਸੰਪੰਨ, ਸਮ੍ਰਿਧ

—ਸਮਰਥਾ **ਵਿ.**

1. ਤਾਕਤ, ਜ਼ੋਰ, ਬਲ, ਸ਼ਕਤੀ, ਸਾਹਸ, ਹਿੰਮਤ, ਮਜਾਲ
2. ਪੁੱਜ, ਪੁੱਜਤ, ਹੈਸੀਅਤ, ਪਾਇਆ, ਹੌਸਲਾ, ਵਿਤ, ਜ਼ਰਫ਼, ਕ੍ਸ਼ਮਤਾ

ਵਿਪਰਿਆਇ : ਵੇਖੋ ਅਸਮਰਥ

ਸਮਰਥਨ **ਪੁ.** ਪੁਸ਼ਟੀ, ਪ੍ਰੌੜ੍ਹਤਾ, ਤਸਦੀਕ, ਤਾਈਦ, ਪ੍ਰਮਾਣੀਕਰਣ, ਸਤਿਆਪਨ, ਗਵਾਹੀ

ਵਿਪਰਿਆਇ : ਵੇਖੋ ਨਿਸ਼ੇਧ

ਸਮਾਨ **ਵਿ.**

1. ਤੁਲ, ਸਮ, ਬਰਾਬਰ, ਵਰਗਾ, ਵਾਗਰ, ਨਿਆਂਈਂ, ਸਦ੍ਰਿਸ਼ ਅਨੁਰੂਪ
2. ਸਮਤਲ, ਹਮਵਾਰ, ਮੁਸਾਵੀ, ਪੱਧਰਾ, ਸਮਰੂਪ
3. ਸੰਤੁਲਿਤ, ਮੁਤਵਾਜ਼ਨ, ਵੱਤਰਾ, ਸਗਵਾਂ

—ਸਮਾਨਤਾ **ਇ.** 1. ਸਮਤਾ, ਬਰਾਬਰੀ, ਤੁਲਤਾ

2. ਸੰਤੁਲਨ, ਮੁਸਾਵਾਤ, ਤਵਾਜ਼ਨ
3. ਸਦ੍ਰਿਸ਼ਤਾ, ਸਮਰੂਪਤਾ

4. ਪੱਧਰ, ਵੱਤਰ

ਵਿਪਰਿਆਇ : ਵੇਖੋ ਅ-ਸਮਾਨ

ਸਮਾਪਤੀ ਇ. ਖਾਤਮ, ਅਖੀਰ, ਅੰਤ, ਬਸ, ਅੰਜਾਮ, ਇੰਤਹਾ, ਇਤਿ, ਇਖ਼ਤ-ਤਾਮ, ਤਮ, ਇਤਮਾਮ

ਵਿਪਰਿਆਇ : ਵੇਖੋ ਆਰੰਭ

ਸਮੁਦਾਯ ਪੁ.

1. ਦਲ, ਜਮਾਤ, ਗੁੱਹ, ਝੁੰਡ, ਮਜਮਾ, ਸੰਮੇਲਨ, ਇਕੱਠ, ਸਮੂਹ, ਜੱਥਾ, ਸਮਾਜ, ਵਰਗ, ਸ਼੍ਰੇਣੀ, ਸੰਗ੍ਰਹਿ
2. ਜਾਤੀ, ਵਰਣ, ਤਬਕਾ, ਫ਼ਿਰਕਾ, ਸੰਪ੍ਰਦਾਯ
3. ਸਮਗ੍ਰਤਾ, ਅਖਿਲਤਾ, ਸਮਸ਼ਟੀ, ਸਾਮੂਹਿਕਤਾ, ਕੁਲੀਅਤ, ਲੋਕਤਾ

ਵਿਪਰਿਆਇ : ਵੇਖੋ ਵਿਅਕਤੀ

ਸਰਸ ਵਿ.

1. ਰਸੀਲਾ, ਹਰਿਆ ਭਰਿਆ, ਰਸਾਤਮਿਕ, ਰਸਮਈ, ਰਸਭਰਪੂਰ, ਰਸਪੂਰਣ
2. ਸਰਸਬਜ਼, ਵਧੀਆ, ਖਰਾ, ਚੰਗਾ
3. ਸੁੰਦਰ, ਮਨੋਹਰ ਸੋਹਣਾ, ਆਨੰਦਮਈ
4. ਦਿਲਕਸ਼, ਦਿਲਪਜ਼ੀਰ, ਆਕਰਸ਼ਕ
5. ਸਵਾਦੀ, ਲਜ਼ੀਜ਼, ਮਜ਼ੇਦਾਰ, ਲੱਜ਼ਤਬਖਸ਼, ਸ੍ਵਾਦਿਸ਼ਟ
6. ਉੱਤਮ, ਸ੍ਰੇਸ਼ਟ, ਵਾਫ਼ਿਰ, ਅਧਿਕ, ਪ੍ਰਮੁੱਖ
7. ਸਾਰਪੂਰਣ, ਠੋਸ, ਨਿੱਗਰ, ਖਰਾ, ਵਜ਼ਨੀ, ਭਾਰਾ, ਗੌਰਵਮਈ, ਮਹੱਤ੍ਵਪੂਰਣ, ਅਹਮ, ਪੁਰਮਗਜ਼

ਵਿਪਰਿਆਇ : ਵੇਖੋ ਨੀਰਸ

ਸਰਦ ਵਿ.

1. ਠੰਡਾ, ਸੀਤ, ਸੀਤਲ
2. ਬੇਨਿਆਜ਼, ਬੇਪਰਵਾਹ, ਸਰਦ-ਮਿਹਰ, ਬੇਲਿਹਾਜ਼, ਤੋਤਾ-ਚਸ਼ਮ
3. ਗ਼ੈਰ-ਹਸਾਸ, ਭਾਵ-ਹੀਣ, ਬੇਇਹਸਾਸ

—ਸਰਦੀ ਵਿ. ਠੰਡ, ਸਿਆਲਾ, ਪਾਲਾ, ਸੀਤਲਤਾ, ਠੰਡਕ, ਸੀਤਕਾਲ, ਸਰਦ-ਰੁਤ ਜਾੜਾ, ਸ਼ਿਸ਼ਰ

ਵਿਪਰਿਆਇ : ਵੇਖੋ ਗਰਮ

ਸਰਲ **ਵਿ.**
1. ਸੌਖਾ, ਸਹਲ, ਆਸਾਨ, ਸੁਗਮ, ਸੁਖਾਲਾ
2. ਸਾਦਾ, ਸਾਧਾਰਣ, ਸਿੱਧਾਸਾਦਾ, ਪਧਰਾ
3. ਨਿਸ਼ਕਪਟ, ਨਿਰਛਲ, ਸਾਫ਼ਦਿਲ
4. ਸਹਜ, ਸੁਭਾਵਿਕ

—ਸਰਲਤਾ ਇ. ਸੌਖ, ਸੁਗਮਤਾ
1. ਆਸਾਨੀ, ਸੁਖਾਲਾਪਣ
2. ਸਾਦਗੀ, ਸਾਧਾਰਣਤਾ
3. ਨਿਸ਼ਕਪਟਤਾ, ਨਿਰਛਲਤਾ, ਸਾਫ਼-ਦਿਲੀ
4. ਮਾਸੂਮੀਅਤ, ਸਹ
5. ਸਹਜਤਾ, ਸੁਭਾਵਿਕਤਾ

ਵਿਪਰਿਆਇ : ਵੇਖੋ ਕੁਟਿਲ

ਸਰਵੱਗ **ਵਿ.**
1. ਸਰਬਗਿਆਤਾ, ਸਰਬਗਿਆਨੀ, ਬਹੁ-ਵਿਗ, ਹਮਾਦਾਨ, ਹਰਫ਼ਨਮੌਲਾ, ਬਹੁ-ਗਿਆਤਾ, ਬਹੁਵੇਤਾ
2. ਪੰਡਿਤ, ਆਲਿਮ, ਫ਼ਾਜ਼ਿਲ, ਦਾਨਾ, ਸਿਆਣਾ, ਵਿਸ਼ੇਸ਼ਗ, ਪ੍ਰਤਿਭਾਸ਼ਾਲੀ
3. ਨਿਪੁੰਨ, ਪ੍ਰਬੀਨ, ਨਿਪੁੰਣ, ਕੁਸ਼ਲ, ਮਾਹਿਰ, ਕਾਮਿਲ, ਵਿਸ਼ਾਰਦ, ਪਰਿਪੂਰਣ, ਵਿਚੱਖਣ, ਪਾਰਗਾਮੀ, ਪਾਰਗ

ਵਿਪਰਿਆਇ : ਵੇਖੋ ਅਲਪੱਗ

ਸਰਾਹ **ਪੁ.**
ਸਿਫ਼ਤ, ਸਰਾਹਨਾ, ਸ਼ਲਾਘਾ, ਪ੍ਰਸ਼ੰਸਾ, ਉਸਤਤਿ, ਸਲਾਹੁਤ, ਮਦਹ, ਸਨਾ, ਤਾਰੀਫ਼, ਤੌਸੀਫ਼, ਮਹਮਾ, ਉਪਮਾ, ਜਸ, ਵ੍ਰਿਦਾਵਲੀ, ਸੋਹਲਾ

ਵਿਪਰਿਆਇ : ਵੇਖੋ ਸਿੱਠ

ਸੁਤੰਤਰ **ਵਿ.** ਆਜ਼ਾਦ, ਸ੍ਵਾਧੀਨ, ਆਤਮਨਿਰਭਰ, ਖੁਲ੍ਹਾ, ਖ਼ੁਦਮੁਖ਼ਤਾਰ ਖ਼ੁਦਸਰ, ਸਰਕਸ਼, ਸ੍ਵਛੰਦ, ਨਿਰੰਕੁਸ਼

—ਸੁਤੰਤ੍ਰਤਾ ਇ. ਖੁਲ੍ਹ, ਆਜ਼ਾਦੀ, ਖ਼ੁਦਮੁਖ਼ਤਾਰੀ, ਸ੍ਵਾਧੀਨਤਾ, ਹੁਰੀਅਤ, ਸ੍ਵਛੰਦਤਾ, ਖ਼ੁਦਸਰੀ, ਨਿਰੰਕੁਸ਼ਤਾ, ਸਰਕਸ਼ੀ

ਵਿਪਰਿਆਇ : ਵੇਖੋ ਅਧੀਨ

ਸੁਰੂਪ ਪੁ.

1. ਰੂਪ, ਸ਼ਕਲਸੂਰਤ, ਆਕਾਰ
2. ਸੁੰਦਰਤਾ, ਸੁਹਣੱਪ, ਸੁਹਜ, ਖ਼ੂਬਸੂਰਤ, ਸੌਂਦਰਜ, ਸੁਹੱਪਣ, ਸੁਨੱਖਾਪਣ, ਸੁਡੌਲਤਾ

—ਰੂਪ ਪੁ.

1 ਆਕਾਰ, ਸਰੀਰ, ਸ਼ਕਲ, ਸੂਰਤ, ਮੂਰਤ
2. ਸੁਹੱਪਣ, ਜੋਬਨ, ਜਵਾਨੀ, ਖ਼ੂਬਸੂਰਤਾ, ਹੁਸਨ, ਜਮਾਲ, ਸੁੰਦਰਤਾ, ਸੋਹਣਾਪਣ, ਸੁਹਣੱਪ

ਵਿਪਰਿਆਇ : ਵੇਖੋ ਅਰੂਪ

ਸੁਾਰਥ ਪੁ.

1 ਗ਼ਰਜ਼, ਖੁਦਗ਼ਰਜ਼ੀ, ਗ਼ਰਜ਼ਮੰਦੀ
2. ਗੌਂ, ਮਤਲਬ, ਆਤਮਪ੍ਰਯੋਜਨ, ਕੰਮ
3 ਇਬਨੁਲਵਕਤੀ, ਅਵਸਰਵਾਦ, ਖ਼ੁਦੀ, ਆਤਮੀਅਤਾ, ਅਨਾਨੀਅਤ
4. ਕਮੀਨਗੀ, ਖ਼ਿੱਸਤ, ਰਜ਼ਾਲਤ, ਤੁੱਛਤਾ, ਅਨੁਦਾਰਤਾ
5. ਲੋਭ, ਲਾਲਚ, ਹਿਰਸ, ਤਮ੍ਹਾ, ਤੰਗਨਜ਼ਰੀ, ਤੰਗਦਿਲੀ, ਸੰਕੀਰਣਤਾ
6. ਅਹੰਭਾਵ, ਅਹੰਬੁੱਧ
7. ਆਤਮਭਗਤੀ, ਆਤਮਰਤੀ, ਖ਼ੁਦਪ੍ਰਸਤੀ, ਆਤਮਪ੍ਰੀਤੀ, ਨਿਜਪਰਕਤਾ

—ਸੁਾਰਥੀ ਵ.

1. ਗ਼ਰਜ਼ਮੰਦਾ, ਖ਼ੁਦਗ਼ਰਜ਼, ਮਤਲਬ
2. ਗੌਂ-ਕੱਢ, ਖ਼ੁਦਪ੍ਰਸਤ, ਗ਼ਰਜ਼ੀ
3. ਖ਼ੁਦਪ੍ਰਸਤ, ਆਤਮਭਗਤ, ਆਤਮਰਤ
4. ਤੁੱਛ, ਕਮੀਨਾ, ਰਜ਼ੀਲ, ਖਸੀਸ, ਖਬੀਸ, ਹੋਛਾ
5. ਤੰਗਨਜ਼ਰ, ਤੰਗ-ਦਿਲ, ਸੰਕੀਰਣ, ਅਨੁਦਾਰ, ਤੰਗ-ਚਸ਼ਮ
6. ਲੋਭੀ, ਲਾਲਚੀ, ਹਰੀਸ, ਹਿਰਸੀ

ਵਿਪਰਿਆਇ : ਵੇਖੋ ਪਰਮਾਰਥ

ਸਵਾਲ ਪੁ.

1. ਪ੍ਰਸ਼ਨ, ਪੁੱਛ, ਵਿਸ਼ਾ
2. ਸਮਸਿਆ, ਸ਼ੰਕਾ, ਆਸ਼ੰਕਾ
3. ਮੰਗ, ਮਤਾਲਬਾ

4. ਪਖ, ਪਹਲੂ, ਜ਼ਾਵੀਆ, ਦ੍ਰਿਸ਼ਟੀਕੋਣ

—ਸਵਾਲੀ ਵਿ.

1. ਮੰਗਤਾ, ਯਾਚਕ, ਫ਼ਕੀਰ, ਦਰਵੇਸ਼
2. ਤਾਲਿਬ, ਤਲਬਗਾਰ, ਇੱਛਕ, ਖਾਹਿਸ਼ਮੰਦ, ਅਭਿਲਾਸ਼ੀ, ਗ਼ਰਜ਼ਮੰਦ, ਹਾਜਤਮੰਦ, ਆਕਾਂਖੀ

ਵਿਪਰਿਆਇ : ਵੇਖੋ ਜਵਾਬ

ਸਵਰ ਇ.

ਪਰਿਆਇ : ਵੇਖੋ ਊਸ਼ਾ
ਵਿਪਰਿਆਇ : ਵੇਖੋ ਆਥਣ

ਸਾਕਾਰ ਵਿ.

1. ਸਰੂਪ, ਸਮੂਰਤ, ਮੂਰਤੀਮਾਨ, ਰੂਪਮਾਨ, ਰੂਪਵੰਤ
2. ਦ੍ਰਿਸ਼ਟ, ਵਿਅਕਤ, ਪ੍ਰਗਟ, ਪ੍ਰਤੱਖ, ਅਪ੍ਰੱਖ, ਜ਼ਾਹਰ
3. ਸਗੁਣ, ਸਰਗੁਣ, ਸਾਖਿਆਤ, ਸਾਮਰਤੱਖ

ਵਿਪਰਿਆਇ : ਵੇਖੋ ਨਿਰਾਕਾਰ

ਸਾਂਝਾ ਵਿ. ਇਕੱਠਾ, ਮੁਸ਼ਤਰਕਾ, ਸੰਮਿਲਿਤ, ਮਿਲਵਾਂ, ਸਮੂਹਕ, ਸਮੂਹੀ

ਵਿਪਰਿਆਇ : ਵੇਖੋ ਅਡਰਾ

ਸ਼ਾਂਤੀ ਇ.

1. ਅਮਨ, ਚੈਨ, ਕਰਾਰ, ਟਿਕਾਉ, ਠਰ੍ਹੰਮਾ, ਤਸਕੀਨ, ਠੰਢ, ਸਥਿਰਤਾ, ਸਕੂਨ, ਸੰਤੋਖ, ਤ੍ਰਿਪਤੀ, ਮੰਗਲ, ਸੀਤਲਤਾ, ਧੀਰਜ, ਸਬਰ, ਸਿਦਕ, ਤਸੱਲੀ, ਇਤਮੀਨਾਨ, ਗੰਭੀਰਤਾ, ਸੰਜੀਦਗੀ
2. ਅਡੋਲਤਾ, ਸੰਤੁਲਨ, ਠਹਰਾਉ, ਸਾਵਾਂਪਣ, ਸਮਤਾ
3. ਨਿਰਵਾਨ, ਨਿਜਾਤ, ਛੁਟਕਾਰਾ, ਨਿਸਤਾਰਾ

—ਸ਼ਾਂਤ ਵਿ.

1. ਤ੍ਰਿਪਤ, ਸੰਤੁਸ਼ਟ, ਸੰਤੋਖੀ, ਧੀਰਜਵਾਨ, ਸਾਬਿਰ, ਸਿਦਕੀ
2. ਅਡੋਲ, ਸਾਵਾਂ, ਸਥਿਰ, ਗਹਰਗੰਭੀਰ, ਚੁਪ, ਮੋਨੀ, ਸੰਜੀਦਾ

ਵਿਪਰਿਆਇ : ਵੇਖੋ ਉੱਤੇਜਨਾ

ਸਾਦਗੀ ਇ.

1. ਸਰਲਤਾ, ਭੋਲਾਪਣ, ਮਾਸੂਮੀਅਤ, ਨਿਸ਼ਕਪਟਤਾ, ਨਿਰਛਲਤਾ,

ਨਿਰਮਾਨਤਾ, ਨਮ੍ਰਤਾ, ਹਲੀਮੀ
2. ਸਾਧਾਰਣਤਾ, ਸੂਛਤਾ
3. ਸੁਭਾਵਕਤਾ, ਸਹਜਤਾ
4. ਕੋਰਾਪਨ, ਰੁੱਖਾਪਨ, ਨਿਰਲੇਪਤਾ

—ਸਾਦਾ ਵਿ.
1. ਸਿੱਧਾ, ਸਰਲ, ਅਭੋਲ, ਸਾਧਾਰਣ, ਭੋਲਾ, ਨਿਰਛਲ, ਨਿਸ਼ਕਪਟ, ਸ਼ਰੀਫ਼, ਸਾਊ, ਮਾਸੂਮ, ਭਲਾਮਾਣਸ, ਬੇਐਬ
2. ਪੱਧਰਾ, ਸੁੱਛ, ਸਾਫ਼
3. ਸੁਭਾਵਕ, ਸਹਜ, ਪ੍ਰਾਕ੍ਰਿਤਿਕ, ਆਮ
4. ਨਿਰੋਲ, ਸ਼ੁੱਧ, ਖਾਲਿਸ, ਅਮਿਸ਼੍ਰਤ
5. ਕੋਰਾ, ਰੁੱਖਾ
6. ਸਪਸ਼ਟ
7. ਭੋਲੂ, ਬੁੱਧੂ

ਵਿਪਰਿਆਇ : ਵੇਖੋ ਸਜਾਵਟ

ਸਾਧਾਰਣ ਵਿ.
1. ਮਾਮੂਲੀ, ਸਾਦਾ, ਸਰਲ, ਆਮ, ਜਨਤਕ
2. ਸਿੱਧਾ ਸਾਦਾ, ਸਾਫ਼, ਨਿਸ਼ਕਪਟ, ਨਿਰਛਲ
3. ਸੌਖਾ, ਸੁਗਮ, ਆਸਾਨ, ਸਹਲ, ਸੁਖਾਲਾ, ਆਮਫ਼ਹਮ, ਸਬੋਧ

ਵਿਪਰਿਆਇ : ਵੇਖੋ ਨਿਰਾਲਾ

ਸਾਰਥਕ ਵਿ.
1. ਅਰਥ ਭਰਪੂਰ, ਸਾਰਪੂਰਣ, ਬਾਮਾਅਨੀ, ਪੁਰਮਗਜ਼, ਪੁਰਮਫ਼ਹੂਮ
2. ਮਹੱਤ੍ਵਪੂਰਣ, ਅਹਮ, ਮਾਕੂਲ, ਵਿਸ਼ੇਸ਼, ਜ਼ਰੂਰੀ, ਉਚਿਤ, ਯੋਗ, ਮੁਨਾਸਬ, ਠੀਕ, ਸਮੀਚੀਨ
3. ਲਾਭਦਾਇਕ, ਸਫਲ, ਫਲਦਾਇਕ, ਫ਼ਾਇਦਾਮੰਦ, ਸੂਦਮੰਦ, ਲਾਹੇਵੰਦ, ਨਤੀਜਾਬਖ਼ਸ਼

ਵਿਪਰਿਆਇ : ਵੇਖੋ ਨਿਰਾਰਥਕ

ਸਾਵਾਂਪਣ ਪੁ. ਸਮਤੋਲ, ਵੱਤਰ, ਪੱਧਰ, ਸੰਤੁਲਨ, ਸਮਤਾ, ਤਵਾਜ਼ਨ, ਸਮਭਾਵ
2. ਸਿਹਤ, ਦਰੁਸਤੀ, ਸੁਾਸਥ

ਵਿਪਰਿਆਇ : ਵੇਖੋ ਉਲਾਰ

ਸਿਆਹੀ ਈ.

1. ਕਾਲਖ, ਕਲਿਤਣ, ਕਾਲਾਪਨ, ਕਲਮਸ਼, ਕਾਲਿਮਾ
2. ਅੰਨ੍ਹੇਰਾ, ਤਿਮਰ, ਅੰਧਕਾਰ, ਅੰਨ੍ਹੇਰ, ਜ਼ੁਲਮਤ, ਤਾਰੀਕੀ
3. ਧੁੰਧ, ਗ਼ੁਬਾਰ, ਧੁੰਧੂਕਾਰ, ਧੁੰਧਲਾਹਟ, ਘਸਮੈਲ
4. ਮਲ, ਮਲਿਨਤਾ, ਗ਼ਿਲਾਜ਼ਤ, ਗੰਦਗੀ, ਮੈਲਾਪਣ, ਪਲੀਤੀ, ਪਲੀਦੀ
5. ਪਾਪ, ਕੁਕਰਮ, ਦੁਰਾਚਾਰ, ਜਹਾਲਤ
6. ਕੜ. ਕੁਸੱਤ, ਬਾਤਿਲ, ਝੂਠ, ਅਧਰਮ

—ਸਿਆਹ ਵਿ.

1. ਕਾਲਾ, ਕਲਿਤਰ
2. ਮਟਿਆਲਾ, ਧੁੰਧਲਾ, ਤਾਰੀਕ
3. ਗੰਦਾ, ਮਲਿਨ, ਗ਼ਲੀਜ਼, ਪਲੀਤ
4. ਪਾਪੀ, ਕੁਕਰਮੀ, ਦੁਰਾਚਰੀ, ਜਾਹਿਲ
5. ਕੂੜਾ, ਝੂਠਾ, ਕੁਸੱਤੀ, ਅਧਰਮੀ
6. ਜ਼ਾਲਿਮ, ਅਨਿਆਈ, ਬੇਦਾਦਗਰ, ਸਿਤਮਗਰ, ਅਤਵਾਦੀ

ਵਿਪਰਿਆਇ : ਵੇਖੋ ਸਫ਼ੈਦੀ

ਸਿਆਣਾ ਵਿ.

1. ਦਾਨਾ, ਬੁੱਧੀਵਾਨ, ਸਮਝਦਾਰ, ਸੂਝਵਾਨ, ਅਕਲਮੰਦ
2. ਹੁਸ਼ਿਆਰ, ਚਤੁਰ, ਸੁਘੜ, ਸੁਜਾਨ, ਚੇਤੰਨਾ, ਚੌਕਸ, ਸੁਚੱਜਾ
3. ਬਾਲਿਗ਼, ਪ੍ਰੌੜ, ਜਵਾਨ, ਯੁਵਕ, ਗਭਰੂ
4. ਹੋਸ਼ਮੰਦ, ਸੁਚੇਤ, ਸਾਵਧਾਨ, ਜਾਗਰੂਕ, ਬੇਦਾਰ, ਚੇਤੰਨ, ਸਜੱਗ
5. ਨਿਪੁੰਨ, ਪ੍ਰਬੀਣ, ਮਾਹਰ, ਵਿਸ਼ਾਰਦ, ਕੁਸ਼ਲ, ਕਾਮਿਲ, ਅਨੁਭਵੀ, ਸਿੱਧ

—ਸਿਆਣਪ ਇ.

1. ਬੁੱਧੀ, ਸਮਝ, ਅਕਲ, ਬੂਝ, ਸੋਚਵਿਚਾਰ, ਦਾਨਿਸ਼, ਦਾਨਾਈ, ਦਾਨਿਸ਼ਮੰਦੀ, ਅਕਲਮੰਦੀ
2. ਚਤਰਤਾ, ਚਤੁਰਾਈ, ਚਾਲਾਕੀ, ਹੁਸ਼ਿਆਰੀ
3. ਹੋਸ਼ਮੰਦੀ, ਸਜੱਗਤਾ, ਸਾਵਧਾਨੀ, ਚੇਤੰਨਤਾ, ਬਿਬੇਕ
4. ਨਿਪੁੰਨਤਾ, ਪ੍ਰਬੀਣਤਾ, ਮਹਾਰਤ, ਕੁਸ਼ਲਤਾ, ਕੌਸ਼ਲ, ਵਿਚੱਖਣਤਾ, ਜਾਗਰੂਕਤਾ, ਸਜੱਗਤਾ, ਚੌਕਸੀ, ਸੁਘੜਤਾ, ਸੁਚੱਜ

ਵਿਪਰਿਆਇ : ਵੇਖੋ ਅੰਞਾਣਾ

ਸਿਆਲ ਪੁ. ਸਰਦੀ, ਠੰਡ, ਸੀਤ, ਜਾੜਾ, ਸ਼ਿਸ਼ਰ, ਪਾਲਾ, ਸ਼ੀਤਕਾਲ, ਸਿਆਲਾ

ਵਿਪਰਿਆਇ : ਵੇਖੋ ਹੁਨਾਲ

ਸਿੱਠ ਇ.

1. ਉਪਹਾਸ, ਠੱਠਾ, ਮਖੌਲ, ਹਾਸੀ, ਹਾਸਾ, ਸਿੱਠਣੀ
2. ਮਜ਼ਾਕ, ਦਿਲਲਗੀ
3. ਨਿੰਦਾ, ਬੁਰਾਈ, ਮੁਜ਼ੱਮਤ, ਭੰਡੀ, ਹਜਵ, ਚੁਗਲੀ
4. ਤਾਹਨਾ, ਮੇਹਨਾ, ਕਟਾਖ, ਤਨਜ਼, ਵਿਅੰਗ

ਵਿਪਰਿਆਇ : ਵੇਖੋ ਸਰਵਾਰ

ਸਿੱਧਾ ਵਿ.

1. ਰਾਸਤ, ਵਲਵਿੰਗ-ਰਹਿਤ
2. ਸਰਲ, ਸਾਫ਼, ਸਪਸ਼ਟ
3. ਸੌਖਾ, ਆਸਾਨ, ਸੁਗਮ, ਸੁਖਾਲਾ, ਸਾਧਾਰਣ
4. ਸੱਚਾ, ਸਾਫ਼, ਖਰਾ
5. ਨਿਰਛਲ, ਭੋਲਾ, ਨਿਹਕਪਟੀ ਭੋਲਾਭਾਲਾ, ਸਿੱਧੜ, ਪੱਧਰਾ, ਨਿਸ਼ਕਪਟ
6. ਸੱਜਾ, ਦਹਣਾ, ਯਮੀਨ

ਵਿਪਰਿਆਇ: ਵੇਖੋ ਪੁੱਠਾ

ਸੁਆਦਲਾ ਵਿ.

1. ਸੁਆਦੀ, ਸੁਆਦਿਸ਼ਟ, ਰਸੀਲਾ, ਰਸਦਾਰ, ਰਸਦਾਇਕ, ਸਰਸ, ਲਜ਼ੀਜ਼, ਲੱਜ਼ਤਦਾਰ, ਜ਼ਾਇਕੇਦਾਰ, ਮਜ਼ੇਦਾਰ
2. ਦਿਲਕਸ਼, ਮਧੁਰ, ਮਨੋਰਮ, ਮਨੋਹਰ, ਦਿਲਚਸਪ, ਪ੍ਰਭਾਵਸ਼ਾਲੀ ਪੁਰਅਸਰ, ਅਸਰਦਾਰ, ਆਕਰਸ਼ਕ, ਮਨਪਸੰਦ, ਮਨਭਾਉਂਦਾ, ਦਿਲਪਜ਼ੀਰ

ਵਿਪਰਿਆਇ : ਵੇਖੋ ਫਿੱਕਾ

ਸੁਆਮੀ ਵਿ. ਸਾਈਂ, ਮਾਲਿਕ, ਪਤੀ, ਖ਼ਸਮ, ਭਰਤਾ, ਆਕਾ, ਪ੍ਰਭੂ, ਨਾਥ, ਗੁਰੂ, ਪੀਰ, ਮੁਰਸ਼ਿਦ, ਸਾਹਿਬ, ਵਾਲੀ, ਰਾਖਾ, ਰਖਿਅਕ, ਪਾਲਕ, ਪਾਲਣਹਾਰ

ਵਿਪਰਿਆਇ : ਵੇਖੋ ਸੇਵਕ

ਸੁਸਤ ਵਿ.

1. ਆਲਸੀ, ਢਿੱਲਾ, ਮੱਠਾ, ਸ਼ਿਥਲ, ਦਰਮਾਂਦਾ, ਖ਼ਸਤਾ, ਅਫ਼ਸੁਰਦਾ

2. ਕਾਹਿਲ, ਅਲਪੱਗ, ਅਸਮਰਥ, ਕਮਜ਼ੋਰ
3. ਅਸਾਵਧਾਨ, ਪ੍ਰਮੱਤ, ਗ਼ਾਫ਼ਿਲ, ਬੇਪਰਵਾਹ
4. ਨਿਰਚੇਸ਼ਟ, ਅਕਰਮੀ, ਕੰਮ-ਚੋਰ, ਘੌਲੀ
5. ਨਿਪੁੰਸਕ, ਨਾਮਰਦ, ਕਲੀਵ
6. ਨਿਮੋਝੂਣਾ, ਉਦਾਸ, ਉਪਰਾਮ, ਵਿਸ਼ਾਦ-ਗ੍ਰਸਤ, ਉਦਾਸੀਨ, ਮਾਯੂਸ, ਰੰਜੀਦਾ, ਗ਼ਮਗੀਨ, ਸ਼ੋਕਾਕੁਲ, ਵਿਆਕੁਲ, ਆਤੁਰ, ਆਜਿਜ਼

—ਸੁਸਤੀ ਇ.

1. ਆਲਸ, ਢਿਲ, ਢਹਿੰਦੀਕਲਾ, ਸ਼ਿਥਲਤਾ, ਪ੍ਰਮਾਦ, ਦਰਮਾਂਦਗੀ
2. ਖਸਤਗੀ, ਅਫ਼ਸੁਰਦਗੀ, ਕਾਹਿਲੀ, ਗ਼ਾਫ਼ਲੀ
3. ਅਸਾਵਧਾਨਤਾ, ਗ਼ਫ਼ਲਤ, ਬੇਪਰਵਾਹੀ,
4. ਘੌਲ, ਢਿੱਲ-ਮੱਠ
5. ਨਿਪੁੰਸਕਤਾ, ਕਲੀਵਤਾ, ਨਾਮਰਦੀ, ਕਮਜ਼ੋਰੀ
6. ਉਦਾਸੀ, ਮਾਯੂਸੀ, ਗ਼ਮ, ਰੰਜੀਦਗੀ, ਸ਼ੋਕ
7. ਵਿਆਕੁਲਤਾ, ਆਜਜ਼ੀ, ਆਤੁਰਤਾ

ਵਿਪਰਿਆਇ : ਵੇਖੋ ਚੁਸਤ

ਸੁਹਾਗ ਪੁ.

1. ਸੰਜੋਗ, ਸੁਭਾਗ, ਖਸਮਾਨਾ, ਸਨਾਥਤਾ
2. ਭਰਤਾ, ਪਤੀ, ਖਾਵੰਦ, ਸ਼ੌਹਰ, ਖ਼ਸਮ, ਨਾਥ, ਸੁਆਮੀ, ਸਾਈਂ, ਮਾਲਕ

—ਸੁਹਾਗਣ ਵਿ. ਭਾਗਭਰੀ, ਸੁਭਾਗ, ਸਨਾਥ, ਵਿਆਹੁਤਾ, ਵਹੁਟੀ, ਬਹੂ, ਪਤਨੀ, ਮੋਹਿਨ

ਵਿਪਰਿਆਇ : ਵੇਖੋ ਰੰਡੇਪਾ

ਸੁੱਕਾ ਵਿ.

1. ਖੁਸ਼ਕ, ਬੇਨਮ, ਰੁੱਖਾ
2. ਖਾਲੀ, ਨੀਰਸ, ਸੱਖਣਾ
3. ਵਾਂਝਾ, ਵੰਚਿਤ, ਨਾਕਾਮ, ਮਹਰੂਮ
4. ਅਭਿਜ, ਅਪ੍ਰਭਾਵਿਤ, ਬੇਦਾਗ, ਨਿਸ਼ਕਲੰਕ, ਘਾਉ-ਰਹਿਤ, ਅਨਾਹਤ

ਵਿਪਰਿਆਇ : ਵੇਖੋ ਗਿੱਲਾ

ਸੁਖ ਪੁ.
1. ਆਰਾਮ, ਸ਼ਾਂਤੀ, ਅਨੰਦ, ਚੈਨ, ਖੁਸ਼ੀ, ਹਰਸ, ਪ੍ਰਮੋਦ, ਵਿਲਾਸ, ਪ੍ਰਸੰਨਤਾ, ਉੱਲਾਸ, ਆਹਲਾਦ
2. ਖ਼ੈਰ, ਖ਼ੈਰੀਅਤ, ਕੁਸ਼ਲਤਾ, ਖੇਮ, ਸੰਤੋਖ, ਇਤਮੀਨਾਨ, ਕਰਾਰ, ਸੰਤੁਲਨ
3. ਸਵਾਦ, ਲੱਜ਼ਤ, ਉਪ-ਭੋਗ, ਮਜ਼ਾ
4. ਖੁਸ਼ਹਾਲੀ, ਸਮ੍ਰਿਧੀ, ਉੱਨਤੀ, ਬਹੁਲਤਾ, ਆਸੂਦਗੀ, ਸਕੂਨ

—ਸੁਖੀ ਵਿ.
1. ਸ਼ਾਂਤ, ਰਾਜ਼ੀ, ਖੁਸ਼, ਆਨੰਦੀ, ਪ੍ਰਸੰਨ
2. ਖੁਸ਼ਹਾਲ, ਸਮ੍ਰਿਧ, ਆਸੂਦਾ
3. ਸੰਤੋਖੀ

ਵਿਪਰਿਆਇ : ਵੇਖੋ ਦੁਖ

ਸੁਚੱਜਾ ਵਿ.
ਸੁਘੜ, ਸਿਆਣਾ, ਹੁਸ਼ਿਆਰ, ਸੁਜਾਨ, ਚਤੁਰ, ਪ੍ਰਵੀਣ, ਮਾਹਿਰ, ਕਾਮਿਲ, ਸੂਝਵਾਨ, ਵਿਸ਼ਿਸ਼ਟ, ਸਿੱਧਹਸਤ, ਅਭਿਆਸੀ, ਸਾਧਕ, ਕੁਸ਼ਲ, ਸਲੀਕੇਦਾਰ

—ਸੁਚੱਜ ਪੁ.
ਚੱਜ, ਆਚਾਰ, ਸੁਘੜਤਾ, ਸ਼ਊਰ, ਸਲੀਕਾ, ਢੰਗ, ਵਿਧੀ, ਤਰੀਕਾ, ਵਿਸ਼ਿਸ਼ਟਤਾ, ਸ਼ਾਇਸਤਗੀ

ਵਿਪਰਿਆਇ : ਵੇਖੋ ਕੁਚੱਜਾ

ਸੁਚੇਤ ਵਿ.
1. ਚੁਕੰਨਾ, ਸਾਵਧਾਨ, ਹੁਸ਼ਿਆਰ, ਚੌਕਸ, ਸਜੱਗ, ਜਾਗਰੂਕ, ਬੇਦਾਰ
2. ਵਿਚਾਰਸ਼ੀਲ, ਹਸਾਸ, ਸੰਵੇਦਨਸ਼ੀਲ, ਹਾਜ਼ਰ-ਦਿਮਾਗ਼
3. ਗਿਆਨਵਾਨ, ਸੂਝਵਾਨ, ਪ੍ਰਗਿਆਵਾਨ, ਚਿੰਤਨਸ਼ੀਲ

ਵਿਪਰਿਆਇ : ਵੇਖੋ ਅਚੇਤ

ਸੁਜਾਖਾ ਵਿ.
1. ਬੀਨਾ, ਦ੍ਰਿਸ਼ਟਾ, ਦੇਖਣਹਾਰ, ਦਰਸ਼ਕ, ਨਾਜ਼ਿਰ, ਬਸੀਰ
2. ਸਾਖੀ, ਸ਼ਾਹਿਦ

ਵਿਪਰਿਆਇ : ਵੇਖੋ ਅੰਨ੍ਹਾ

ਸ਼ੁਧ ਵਿ.

1. ਪਵਿਤ੍ਰ, ਸਾਫ਼, ਨਿਰਮਲ
2. ਠੀਕ, ਦਰੁਸਤ, ਸਹੀ
3. ਮੁਨਾਸਿਬ, ਜਾਇਜ਼, ਮੌਜ਼ੂੰ, ਸਮੀਚੀਨ

ਵਿਪਰਿਆਇ : ਵੇਖੋ **ਅਸ਼ੁਧ**

ਸੁਧਾਰ ਪੁ.

ਉੱਧਾਰ, ਸੁਧਾਈ, ਸੋਧ, ਇਸਲਾਹ, ਦਰੁਸਤੀ, ਤਰਮੀਮ, ਸੰਸ਼ੋਧਣ, ਸ਼ੁੱਧੀ, ਸਫ਼ਾਈ, ਪਰਿਵਰਤਨ, ਤਬਦੀਲੀ, ਤਜਦੀਦ

ਵਿਪਰਿਆਇ : ਵੇਖੋ **ਵਿਗਾੜ**

ਸੁਵੇਲਾ ਪੁ.

ਸੁਵਕਤ, ਸੁਅਵਸਰ, ਸੁਦਿਨ, ਸੁਸਗਨ, ਨੇਕਸਾਇਤ

ਵਿਪਰਿਆਇ : ਵੇਖੋ **ਕੁਵੇਲਾ**

ਸ਼ੁਭ ਵਿ.

1. ਮੰਗਲ, ਮੁਬਾਰਕ, ਨੇਕ, ਸੁਲੱਖਣਾ, ਸੁਭਾਗਾ
2. ਅੱਛਾ, ਭਲਾ, ਚੰਗਾ, ਉੱਤਮ, ਸ੍ਰੇਸ਼ਟ

—ਸ਼ੁਭ ਚਿੰਤਕ ਵਿ. ਖ਼ੈਰ ਖ਼੍ਵਾਹ, ਹਿਤੈਸ਼ੀ

1. ਹਿਤੂ, ਹਿਤਚਿੰਤਕ, ਖ਼ੈਰਅੰਦੇਸ਼
2. ਮੁਖ਼ਲਿਸ, ਮਿਤ੍ਰ, ਦੋਸਤ, ਹਮਦਰਦ, ਸਾਥੀ, ਰਫ਼ੀਕ

ਵਿਪਰਿਆਇ : ਵੇਖੋ **ਅਸ਼ੁਭ**

ਸੁਭਾਗ ਪੁ.

ਖ਼ੁਸ਼ਕਿਸਮਤੀ, ਖ਼ੁਸ਼ਨਸੀਬੀ, ਖ਼ੁਸ਼ਬਖ਼ਤੀ

—ਸੁਭਾਗਾ ਵਿ.

ਖ਼ੁਸ਼ਕਿਸਮਤ, ਖ਼ੁਸ਼ਨਸੀਬ, ਖ਼ੁਸ਼ਬਖ਼ਤ, ਨੇਕਬਖ਼ਤ, ਨੇਕ ਸਾਇਤ, ਸ਼ੁਭ ਨਛੱਤ੍ਰ

ਵਿਪਰਿਆਇ : ਵੇਖੋ **ਦੁਰਭਾਗ**

ਸੁਭਾਗਾ ਵਿ.

ਭਾਗਵਾਨ, ਖ਼ੁਸ਼ਨਸੀਬ, ਖ਼ੁਸ਼ਕਿਸਮਤ, ਖ਼ੁਸ਼ਬਖ਼ਤ, ਭਾਗਸ਼ਾਲੀ,

ਸੁਲੱਖਣਾ, ਨੇਕਬਖ਼ਤ, ਸ਼ੁਭ, ਮੁਬਾਰਿਕ, ਮੰਗਲਮਈ, ਖ਼ੁਸ਼ਗਵਾਰ

ਵਿਪਰਿਆਇ : ਵੇਖੋ **ਅਭਾਗਾ**

ਸ਼ੁਰੂ ਪੁ.

ਪਰਿਆਇ : ਵੇਖੋ **ਆਰੰਭ**

ਵਿਪਰਿਆਇ : ਵੇਖੋ **ਅਖੀਰ**

ਸੂਖਮ ਵਿ.

1. ਬਰੀਕ, ਮਹੀਨ, ਗੂੜ੍ਹ, ਨਾਜ਼ਕ, ਕੋਮਲ, ਮਲੂਕ, ਪਤਲਾ
2. ਲਤੀਫ਼, ਨਿਸ਼ਚਿਤ, ਠੀਕ, ਸਹੀ, ਦਰੁਸਤ, ਮੁਕੱਰਰ
3. ਉੱਦਾਤ, ਆਤਮਿਕ, ਰੂਹਾਨੀ, ਆਤ੍ਰਿਕ
4. ਅਛੋਹ, ਅਦ੍ਰਿਸ਼ਟ, ਪ੍ਰੋਖ, ਗ਼ਾਇਬ, ਅਪ੍ਰਸਤੁਤ, ਗ਼ੈਰ ਹਾਜ਼ਰ, ਅਨੁਪਸਥਿਤ

—ਸੂਖਮਤਾ ਇ.

ਕੋਮਲਤਾ, ਨਜ਼ਾਕਤ, ਲਤਾਫ਼ਤ, ਉੱਦਾਤਤਾ, ਆਤਮਿਕਤਾ, ਅਦ੍ਰਿਸ਼ਤਾ, ਪ੍ਰੋਖਤਾ

ਵਿਪਰਿਆਇ : ਵੇਖੋ **ਸਥੂਲ**

ਸੂਤ ਵਿ.

1. ਰਾਸ, ਮੁਆਫ਼ਕ, ਅਨੁਕੂਲ, ਸਾਜ਼ਗਾਰ, ਉਚਿਤ, ਮੁਨਾਸਿਬ
2. ਸਰਲ, ਸਿੱਧਾ, ਪੱਧਰਾ, ਠੀਕ
3. ਚੰਗਾ, ਯੋਗ, ਸੁਚੱਜਾ, ਸਲੀਕੇਦਾਰ, ਭਲਾ, ਸਾਊ, ਸ਼ਰੀਫ਼

ਵਿਪਰਿਆਇ : ਵੇਖੋ **ਕਸੂਤ/ਕਸੂਤਾ**

ਸੇਵਕ ਵਿ.

1. ਸੇਵਾਦਾਰ, ਖ਼ਾਦਿਮ, ਟਹਲੂਆ, ਖ਼ਿਦਮਤਗਾਰ, ਨੌਕਰ, ਚਾਕਰ, ਨਫ਼ਰ, ਦਾਸ, ਤਾਬਿਆਦਾਰ, ਆਗਿਆਪਾਲਕ, ਫ਼ਰਮਾਂਬਰਦਾਰ,
2. ਚੇਲਾ, ਸ਼ਿਸ਼, ਚਾਟੜਾ, ਸ਼ਾਗਿਰਦ, ਮੁਰੀਦ
3. ਸ਼ਰਧਾਲੂ, ਭਗਤ, ਅਨੁਯਾਈ, ਅਨੁਗਾਮੀ, ਅਨੁਸਾਰੀ, ਪੈਰੋਕਾਰ

—ਸੇਵਕੀ ਇ. ਭਗਤ ਟੋਲਾ, ਸਿਖੀਸੇਵਕੀ

—ਸੇਵਾ ਇ. ਖ਼ਿਦਮਤ, ਟਹਲ, ਭਗਤੀ, ਬੰਦਗੀ, ਨੌਕਰੀ, ਚਾਕਰੀ, ਪੂਜਾ, ਇਬਾਦਤ, ਤਾਬਿਆਦਾਰੀ

—ਸੇਵਾਦਾਰ ਵਿ. ਸੇਵਕ

ਵਿਪਰਿਆਇ : ਵੇਖੋ ਸੁਆਮੀ

ਸੋਹਣਾ ਵਿ.

1. ਸੁੰਦਰ, ਸਰੂਪ, ਖ਼ੂਬਸੂਰਤ, ਆਕਰਸ਼ਕ, ਦਿਲਕਸ਼, ਮਧੁਰ, ਮਨੋਹਰ, ਮਨੋਰਮ, ਮੰਜੁਲ, ਹੁਸੀਨ, ਜਮੀਲ

2. ਚੰਗਾ, ਉੱਤਮ, ਖ਼ੂਬ, ਸ਼ਾਨਦਾਰ, ਉੱਦਾਤ

—ਸੁਹੱਣਪ } ਇ. ਸੁੰਦਰਤਾ, ਖ਼ੂਬਸੂਰਤੀ, ਹੁਸਨ
—ਸੁਹੱਪਣ } ਪੁ. ਜਮਾਲ, ਆਕਰਸ਼ਣ, ਦਿਲਕਸ਼ੀ, ਮਨੋਹਰਤਾ, ਮਨੋਰਮਤਾ, ਮ੍ਰਿਦੁਲਤਾ, ਮੰਜੁਲਤਾ, ਸੌਂਦਰਜ, ਚੰਗਿਆਈ, ਖ਼ੂਬੀ, ਸ਼ਾਨ, ਜੋਬਨ

ਵਿਪਰਿਆਇ : ਵੇਖੋ ਕੋਝਾ

ਸ਼ੋਕ ਪੁ.

1. ਸੋਗ, ਗ਼ਮ, ਅਫ਼ਸੋਸ, ਦੁਖ, ਦਰਦ, ਰੰਜ, ਤਕਲੀਫ਼, ਮਾਤਮ, ਵੈਣ, ਕਰੁਣ, ਕ੍ਰੰਦਨ

—ਸ਼ੋਕਮਈ ਵਿ. ਅਫ਼ਸੋਸਨਾਕ, ਸੋਗੀ, ਗ਼ਮਨਾਕ, ਦੁਖਮਈ, ਦੁਖਾਤਮਕ, ਦੁਖਪੂਰਣ

ਵਿਪਰਿਆਇ : ਵੇਖੋ ਹਰਸ਼

ਸੋਫ਼ੀ ਵਿ. ਪਰਹੇਜ਼ਗਾਰ, ਸੰਜਮੀ, ਵਿਰੱਕਤ, ਅਤੀਤ, ਵੀਤਰਾਗ, ਨੇਕ

ਵਿਪਰਿਆਇ : ਵੇਖੋ ਵੈਲੀ

ਸੌਖ ਪੁ.

1. ਸੁਖਾਲਾਪਨ, ਆਰਾਮ, ਸੁਖ, ਖ਼ੁਸ਼ਹਾਲੀ, ਅਮੀਰੀ, ਸਰਲਤਾ, ਸਮ੍ਰਿਧੀ, ਸੁਖਿਆਈ

2. ਸਹੂਲਤ, ਆਸਾਨੀ, ਨਿਰਵਿਘਨਤਾ, ਸੁਗਮਤਾ

—ਸੌਖਾ ਵਿ.

1. ਆਸਾਨ, ਸਹਲ, ਸਰਲ, ਸੁਗਮ

2. ਖੁਸ਼ਹਾਲ, ਸੁਖੀ, ਰਜਿਆਪੁਜਿਆ, ਸੰਪੰਨ, ਅਮੀਰ

ਵਿਪਰਿਆਇ : ਵੇਖੋ ਔਖ

ਸੌੜਾ ਵਿ.

ਤੰਗ, ਭੀੜਾ, ਸੁੰਗੜਵਾਂ, ਸੰਕੁਚਿਤ, ਸੰਕੀਰਣ

ਵਿਪਰਿਆਇ : ਵੇਖੋ ਚੌੜਾ

ਹਸਰਤ ਇ.

ਚਾਹਤ, ਖ਼ਾਹਸ਼, ਇੱਛਾ, ਚਾਹ, ਚੇਸ਼ਟਾ, ਆਕਾਂਕਸ਼ਾ

ਵਿਪਰਿਆਇ : ਵੇਖੋ **ਉਮੰਗ**

ਹਯਾਤ ਇ.

1. ਜ਼ਿੰਦਗੀ, ਜੀਵਨ, ਵਜੂਦ, ਹਯਾਤੀ, ਹਸਤੀ, ਹੋਂਦ, ਅਸਤਿਤ੍ਵ, ਸਥਿਤੀ, ਸੱਤ
2. ਉਮਰ, ਆਯੂ, ਆਰਜਾ, ਆਰਬਲਾ, ਅਉਧ, ਅਵਧੀ
3. ਪ੍ਰਾਣ, ਜ਼ਿਘ, ਜਾਨ

ਵਿਪਰਿਆਇ : ਵੇਖੋ **ਮੌਤ**

ਹਰਸ਼ ਪੁ.

ਹਰਖ, ਖ਼ੁਸ਼ੀ, ਪ੍ਰਸੰਨਤਾ, ਸ਼ਾਦੀ, ਆਹਲਾਦ, ਮੁਸੱਰਤ, ਖੇੜਾ, ਸ਼ਗੁਫਤਗੀ, ਆਨੰਦ, ਸੁਖ, ਉੱਲਾਸ, ਚਾਉ, ਸਰੂਰ, ਵਜਦ, ਮਸਤੀ

ਵਿਪਰਿਆਇ : ਵੇਖੋ **ਸ਼ੋਕ**

ਹਾਜ਼ਰ ਵਿ.

1. ਮੌਜੂਦ, ਸਨਮੁਖ, ਉਪਸਥਿਤ, ਪ੍ਰਸਤੁਤ
2. ਵਰਤਮਾਨ, ਸਾਖਿਆਤ, ਪ੍ਰਤੱਖ, ਪ੍ਰਗਟ, ਵਿਅਕਤ, ਜ਼ਾਹਿਰ, ਵਿਦਮਾਨ, ਅਪ੍ਰੱਖ

– **ਹਾਜ਼ਰੀ ਇ.** ਉਪਸਥਿਤੀ, ਮੌਜੂਦਗੀ, ਵਰਤਮਾਨਤਾ, ਹਜ਼ੂਰੀ

ਵਿਪਰਿਆਇ : ਵੇਖੋ **ਗ਼ਾਇਬ**

ਹਾਨੀ ਇ.

1. ਨੁਕਸਾਨ, ਹਾਣ, ਘਾਟਾ, ਹਰਜ

2. ਤ੍ਰੁਟੀ, ਘਾਟ, ਤੋਟ, ਥੁੜ, ਕਸਰ, ਕਮੀ
3. ਅਵਗੁਣ, ਦੋਸ਼, ਐਬ, ਦਾਗ, ਕਲੰਕ, ਕਸੂਰ, ਖੋਟ

—ਹਾਨੀਕਾਰਕ ਵਿ.

1. ਨੁਕਸਾਨਦਿਹ, ਕਸਰਵੰਦਾ, ਘਾਟੇਵੰਦਾ, ਤ੍ਰੁਟੀਪੂਰਣ
2. ਐਬਦਾਰ, ਦੋਸ਼-ਪੂਰਣ, ਦਾਗੀ, ਕਲੰਕਤ, ਦਾਗਦਾਰ

ਵਿਪਰਿਆਇ : ਵੇਖੋ **ਲਾਭ**

ਹਿੰਸਾ **ਇ.**

1. ਬਧ, ਘਾਤ, ਹਨਨ, ਹੱਤਿਆ, ਤਸ਼ੱਦਦ, ਸਖ਼ਤੀ, ਵਧੀਕੀ, ਜ਼ਿਆਦਤੀ
2. ਜ਼ੁਲਮ, ਜਬਰ, ਅਤਿਆਚਾਰ, ਕਠੋਰਤਾ, ਬੇਰਹਮੀ, ਸੰਗ-ਦਿਲੀ, ਪੱਥਰ-ਦਿਲੀ
3. ਕਤਲ, ਖ਼ੂਨ, ਮਾਰ, ਘਾਉ, ਮਾਰ ਕੁਟਾਈ

—ਹਿੰਸਕ, ਵਿ. ਘਾਤਕ, ਹੱਤਿਆਰਾ, ਹਿੰਸਾ, ਕਾਤਿਲ, ਖ਼ੂਨੀ, ਮਾਰਖੰਡ, ਜ਼ਾਲਿਮ, ਜਾਬਿਰ, ਅਤਿਆਚਾਰੀ, ਕਠੋਰ, ਸਖ਼ਤ, ਪੱਥਰ-ਦਿਲ

ਵਿਪਰਿਆਇ : ਵੇਖੋ **ਅਹਿੰਸਾ**

ਹੁਸ਼ਿਆਰ **ਵਿ.** ਸਾਵਧਾਨ, ਚੌਕਸ, ਚੌਕੰਨਾ

1. ਜਾਗਰੂਕ, ਸਜੱਗ, ਬਾਖ਼ਬਰ, ਬਾਹੋਸ਼, ਹੋਸ਼ਮੰਦ
2. ਚਾਲਾਕ, ਚਤੁਰ, ਸੁਜਾਨ, ਚਾਤੁਰ, ਸਿਆਣਾ, ਸੂਝਵਾਨ, ਜਾਣਕਾਰ
3. ਢੰਗੀ, ਔਜ਼ਾਰ, ਜੁਗਤੀ
4. ਮਾਹਿਰ, ਨਿਪੁੰਨ, ਪ੍ਰਵੀਣ, ਸਿੱਧਹਸਤ
5. ਸਲੀਕੇਦਾਰ, ਬਾਸ਼ਊਰ
6. ਤਤਪਰ, ਤਿਆਰ

- ਹੁਸ਼ਿਆਰੀ ਇ.

1. ਚਾਲਾਕੀ, ਚੌਕਸੀ, ਤਤਪਰਤਾ, ਹੋਸ਼ਮੰਦੀ
2. ਸਲੀਕਾ, ਸ਼ਊਰ, ਇਹਸਾਸ, ਚੇਤਨਾ, ਅਕਲ, ਫ਼ਹਮ, ਇਦਰਾਕ, ਸੂਝ, ਸਿਆਣਪ, ਸਮਝ, ਪ੍ਰੱਗਿਆ
3. ਮਹਾਰਤ, ਪ੍ਰਵੀਣਤ, ਚਾਤੁਰੀ, ਚਤੁਰਤਾ
4. ਕਾਮਉੱਤੇਜਨਾ, ਇਸ਼ਤਿਆਲ

ਵਿਪਰਿਆਇ : ਵੇਖੋ **ਗ਼ਾਫ਼ਿਲ**

ਹੈਵਾਨ ਪੁ.

1. ਜਾਨਵਰ, ਪਸ਼ੂ, ਢੋਰ, ਡੰਗਰ, ਮਾਲਡੰਗਰ
2. ਮੂਰਖ, ਮੁਗਧ, ਬੇਅਕਲ, ਅਹਮਕ, ਜਾਹਿਲ, ਉਮੀ, ਨਿਰੱਖਰ, ਬੇਵਕੂਫ਼, ਅਨਪੜ੍ਹ, ਬੇਇਲਮ, ਮੂੜ੍ਹ
3. ਗੰਵਾਰ, ਬਦਤਮੀਜ਼, ਬਦਤਹਜ਼ੀਬ, ਅਸਭ੍ਯ, ਅਸ਼ਿਸ਼ਟ, ਅਭੱਦ੍ਰ, ਪਤਿਤ, ਪਾਪੀ
4. ਕਮੀਨਾ, ਸਿਫਲਾ, ਅਦਨਾ, ਤੁੱਛ, ਖਬੀਸ, ਰਜ਼ੀਲ, ਹੋਛ, ਹੀਨ

ਵਿਪਰਿਆਇ : ਵੇਖੋ **ਇਨਸਾਨ**

ਹੋਸ਼ ਇ.

1. ਸੁਰਤ, ਖ਼ਬਰ, ਸੁਰਤੀ, ਹੋਸ਼ਮੰਦੀ, ਚੇਤਨਾ, ਬੁੱਧੀ, ਧਿਆਨ, ਤਵੱਜੋ
2. ਅਕਲ, ਸਮਝ, ਬੁੱਧ, ਸੋਚ, ਖ਼ਿਆਲ
3. ਸਾਵਧਾਨੀ, ਚੇਤੰਨਤਾ, ਇਹਸਾਸ, ਅਨੁਭਵ, ਜਾਗਰੂਕਤਾ, ਬੋਧ, ਗਿਆਨ, ਸੂਝ

—ਹੋਸ਼ਮੰਦ ਵਿ.

1. ਬਾਖ਼ਬਰ, ਹੁਸ਼ਿਆਰ, ਸਚੇਤ, ਸਾਵਧਾਨ, ਚੌਕਸ, ਚੌਕੰਨਾ
2. ਅਕਲਮੰਦ, ਸਮਝਦਾਰ, ਸਿਆਣਾ, ਦਾਨਿਸ਼ਵਰ, ਦਾਨਾ, ਬੁੱਧੀਮਾਨ, ਸੂਝਵਾਨ, ਚੇਤੰਨ

—ਹੋਸ਼ਮੰਦੀ ਇ. ਹੋਸ਼, ਹੁਸ਼ਿਆਰੀ, :ਸਮਝ, ਸੂਝ, ਅਕਲ, ਸਿਆਣਪ, ਇਲਮ, ਬੋਧ, ਇਹਸਾਸ, ਸ਼ਊਰ, ਬਾਖ਼ਬਰੀ, ਧਿਆਨ

ਵਿਪਰਿਆਇ : ਵੇਖੋ **ਮਸਤੀ**

ਹੋਛਾ ਵਿ.

ਓਛਾ, ਊਰਾ, ਊਣਾ, ਹਲਕਾ, ਤੌਲਾ, ਥੋਥਾ, ਸੱਖਣਾ, ਖ਼ਾਲੀ, ਆਰੀ, ਬੋਦਾ, ਰਿਕਤ, ਰੀਤਾ, ਕਮੀਨਾ, ਕਮਜ਼ਰਫ਼, ਥੁੜ-ਵਿਤਾ, ਟੁੱਟਪੂੰਜੀਆ, ਤੁੱਛ, ਛੁਦ੍ਰ, ਨਿਗੂਣਾ, ਘੁਮੰਡੀ, ਹੰਕਾਰੀ, ਬੜਬੋਲਾ, ਗੁਮਾਨੀ, ਅਭਿਮਾਨੀ, ਹੈਂਕੜ-ਬਾਜ਼, ਮਾਣਮੱਤਾ, ਹੈਂਕੜੀ

ਵਿਪਰਿਆਇ ; ਵੇਖੋ **ਗੰਭੀਰ**

ਹੌਲਾ ਵਿ.

1. ਹਲਕਾ, ਕਮਵਜ਼ਨ

2. ਓਛਾ, ਹੋਛਾ, ਸੱਖਣਾ, ਖਾਲੀ, ਊਣਾ
3. ਲਘੂ, ਛੋਟਾ, ਨਿੱਕਾ
4. ਘੋੜਵਿੱਤਾ, ਕਮਜ਼ਰਫ਼, ਅਦਨਾ, ਤੁੱਛ, ਹੇਚ, ਹੀਨ, ਕੀਰਾ

ਵਿਪਰਿਆਇ : ਵੇਖੋ ਭਾਰਾ

ਕਸੂਤ
ਕਸੂਤਾ } ਵਿ.

1. ਵਿੰਗਾ, ਟੇਢਾ, ਵਿਗੜਿਆ, ਉਲਟਾ, ਗ਼ਲਤ, ਵਿਪਰੀਤ, ਵਿਰੁੱਧ, ਖ਼ਿਲਾਫ਼, ਨਾਮੁਆਫ਼ਕ
2. ਬੁਰਾ, ਮੰਦਾ, ਭੈੜਾ, ਕੁਚੱਜਾ, ਕਢੱਬਾ
3. ਅੜਬ, ਕਠੋਰ, ਅਵੱਤਾ, ਅੱਖੜ, ਉਜੱਡ, ਅਨਾੜੀ, ਅਸਭ੍ਯ ਅਸ਼ਿਸ਼ਟ, ਬਦਤਮੀਜ਼, ਬਦਜ਼ਬਾਨ, ਬਦਮਿਜ਼ਾਜ, ਜ਼ਿੱਦੀ

ਵਿਪਰਿਆਇ : ਵੇਖੋ ਸੂਤ

ਕਹਰ ਪੁ.

1. ਕ੍ਰੋਧ, ਗ਼ਜ਼ਬ, ਗੁੱਸਾ, ਕੋਪ
2. ਬਿਪਤਾ, ਬੇਲਾ, ਫ਼ਿਤਨਾ, ਆਫ਼ਤ, ਜ਼ੁਲਮ, ਬਿੱਜ, ਮੁਸੀਬਤ
3. ਹੱਦ, ਸ਼ਿੱਦਤ, ਅਤ
4. ਵਧੀਕੀ, ਜ਼ੁਲਮ, ਜਬਰ, ਸਿਤਮ, ਬੇਦਾਦ, ਅੱਤਿਆਚਾਰ, ਯਾਤਨਾ, ਅਨਿਆਇ, ਬੇਇਨਸਾਫ਼ੀ

ਵਿਪਰਿਆਇ : ਵੇਖੋ ਮਿਹਰ

ਕੱਚਾ ਵਿ.

1. ਅੱਲਾ, ਅਣਪੱਕ, ਖ਼ਾਮ
2. ਅਨਾੜੀ, ਅਲ੍ਹੜ, ਨਾਤਜਰਬੇਕਾਰ, ਅਨਅਭਿਆਸੀ
3. ਕਮਜ਼ੋਰ, ਬੋਦਾ, ਨਰਮ, ਮੁਲਾਇਮ, ਲਵਾ, ਕੂਲਾ
4. ਫਿੱਕਾ, ਸ਼ਰਮਿੰਦਾ, ਬੇਸਮਝ, ਸ਼ਰਮਸਾਰ, ਲੱਜਿਤ
5. ਨਾਬਾਲਿਗ਼, ਅਪ੍ਰੌੜ੍ਹ
6. ਆਰਜ਼ੀ, ਅਸਥਾਈ, ਗ਼ੈਰ ਮੁਸਤਕਿਲ

—ਕੱਚ ਪੁ.

1. ਕਚਿਆਈ, ਕੱਚਾਪਨ
2. ਨਾਤਜਰਬੇਕਾਰੀ, ਕਮਜ਼ੋਰੀ

3. ਖ਼ਾਮੀ, ਤ੍ਰੁਟੀ, ਕਸਰ, ਘਾਟ, ਥੁੜ, ਨਾਪੁਖ਼ਤਗੀ, ਅਪ੍ਰੋੜ੍ਹਤਾ, ਅਪੂਰਣਤਾ, ਨੁਕਸ, ਐਬ, ਦੋਸ਼
4. ਖੋਟ

ਵਿਪਰਿਆਇ : ਵੇਖੋ **ਪੱਕਾ**

ਕਠੋਰ **ਵਿ.**

1. ਕਰੜਾ, ਸਖ਼ਤ, ਕਾਠਾ, ਕਰੂਰ
2. ਨਿਰਦਈ, ਬੇਦਰਦ, ਪੱਥਰਦਿਲ, ਦਯਾ-ਹੀਣ, ਸੰਗਦਿਲ, ਬੇਰਹਮ, ਬੇਤਰਸ
3. ਜ਼ਾਲਿਮ, ਜਾਬਿਰ, ਅਤਿਆਚਾਰੀ
4. ਦ੍ਰਿੜ੍ਹ, ਮਜ਼ਬੂਤ, ਪੱਕਾ, ਪੀਡਾ, ਪ੍ਰਚੰਡ
5. ਅੱਖੜ, ਰੁੱਖਾ, ਖਰ੍ਹਵਾ, ਉਜੱਡ

—ਕਠੋਰਤਾ ਇ.

1. ਕਰੜਾਈ, ਸਖ਼ਤੀ, ਜ਼ੁਲਮ, ਸਿਤਮ, ਅਤਿਆਚਾਰ
2. ਬੇਦਾਦ, ਵਧੀਕੀ, ਬੇਰਹਮੀ, ਸੰਗਦਿਲੀ, ਕਰੂਰਤਾ
3. ਪਕਿਆਈ, ਮਜ਼ਬੂਤੀ, ਦ੍ਰਿੜ੍ਹਤਾ

ਵਿਪਰਿਆਇ : ਵੇਖੋ **ਕੋਮਲ**

ਕਦੀਮ **ਵਿ.**

1. ਪੁਰਾਣਾ, ਪ੍ਰਾਚੀਨ, ਪੁਰਾਤਨ, ਸਨਾਤਨ, ਚਿਰੰਤਨ
2. ਅਜ਼ਲੀ, ਅਨਾਦਿ

—ਕਦਾਮਤ ਇ. ਪੁਰਾਤਣਤਾ, ਸਨਾਤਨਤਾ, ਪ੍ਰਾਚੀਨਤਾ

—ਕਦੀਮੀ ਵਿ. ਕਦੀਮ

ਵਿਪਰਿਆਇ : ਵੇਖੋ **ਜਦੀਦ**

ਕਬੂਲ **ਵਿ.**

1. ਪਰਵਾਨ, ਸ੍ਵੀਕਾਰ, ਮਨਜ਼ੂਰ, ਪਸੰਦ, ਅੰਗੀਕਾਰ

—ਕਬੂਲੀਅਤ ਇ. ਮਨਜ਼ੂਰੀ, ਪਰਵਾਨਗੀ, ਇਕਬਾਲ, ਸ੍ਵੀਕ੍ਰਿਤੀ, ਪਸੰਦੀਦਗੀ

2. ਹਰਦਿਲਅਜ਼ੀਜ਼, ਪ੍ਰੀਯਤਾ, ਮਕ਼ਬੂਲੀਅਤ

ਵਿਪਰਿਆਇ : ਵੇਖੋ **ਰੱਦ**

ਕਮਾਊ **ਵਿ.** ਕਮਾਉਣ ਵਾਲਾ, ਕਾਮਾ, ਕਿਰਤੀ, ਮਿਹਨਤੀ, ਖੱਟੂ

—ਕਮਾਈ ਇ. 1, ਘਾਲ, ਕ੍ਰਿਤ, ਮਿਹਨਤ, ਮਜ਼ਦੂਰੀ, ਖੱਟੀ
2. ਨਫ਼ਾ, ਲਾਭ, ਪ੍ਰਾਪਤੀ, ਉਪਾਰਜਨ, ਯਾਫ਼ਤ, ਲਾਹਾ, ਉਪਲਬਧੀ
3. ਸਾਧਨਾ, ਅਭਿਆਸ, ਧਿਆਨ, ਤਪ, ਇਸਗ਼ਰਾਕ, ਇਬਾਦਤ, ਭਗਤੀ, ਜ਼ੁਹਦ

ਵਿਪਰਿਆਇ : ਵੇਖੋ ਨਿਖੱਟੂ

ਕਾਇਰਤਾ ਇ.
1. ਬੁਜ਼ਦਿਲੀ, ਡਰਪੋਕਤਾ, ਕਲੀਣਤਾ
2. ਬੇਹੌਸਲਗੀ, ਬੇਹਿੰਮਤੀ
3. ਕਮਜ਼ੋਰੀ, ਬੇਦਿਲੀ, ਢਹਿੰਦੀਕਲਾ

—ਕਾਇਰ ਵਿ.
1. ਡਰਪੋਕ, ਡਰਾਕਲ, ਬੇਹੌਸਲਾ, ਬੁਜ਼ਦਿਲ
2. ਬੇਹਿੰਮਤ, ਕਮਜ਼ੋਰ, ਬੇਦਿਲ

ਵਿਪਰਿਆਇ : ਵੇਖੋ ਵੀਰਤਾ

ਕਾਹਲ ਇ.
1. ਕਾਹਲੀ, ਛੇਤੀ, ਜਲਦੀ, ਸ਼ੀਘਰਤਾ, ਤੇਜ਼ੀ, ਫੁਰਤੀ, ਸ਼ਤਾਬੀ
2. ਬੇਚੈਨੀ, ਬੇਕਰਾਰੀ, ਘਬਰਾਹਟ, ਪਰੇਸ਼ਾਨੀ, ਅਸ਼ਾਂਤੀ, ਅਧੀਰਤਾ

—ਕਾਹਲੀ ਇ. ਕਾਹਲ

ਵਿਪਰਿਆਇ : ਵੇਖੋ ਢਿੱਲ

ਕਾਫ਼ੀ ਵਿ.
1. ਬਹੁਤਾ, ਬਹੁਤੇਰਾ, ਬਥੇਰਾ, ਬਹੁਤ, ਚੋਖਾ, ਢੇਰ, ਅਧਿਕ, ਜ਼ਿਆਦਾ
2. ਖਾਸਾ, ਪ੍ਰਯਾਪਤ

ਵਿਪਰਿਆਇ : ਵੇਖੋ ਨਾਕਾਫ਼ੀ

ਕਾਬਿਲ ਵਿ.
ਲਾਇਕ, ਯੋਗ, ਸਮਰਥਾ, ਆਲਿਮ, ਫ਼ਾਜ਼ਿਲ, ਅਹਿੱਲ, ਹੁਸ਼ਿਆਰ, ਤਜਰਬੇਕਾਰ, ਚਤੁਰ, ਪ੍ਰਵੀਣ, ਨਿਪੁੰਨ, ਮਾਹਿਰ, ਵਿਚੱਖਣ, ਵਿਸ਼ਾਰਦ

—ਕਾਬਲੀਅਤ ਇ.

1. ਲਿਆਕਤ, ਯੋਗਤਾ, ਵਿਸ਼ੇਸ਼ਤਾ, ਅਕਲਮੰਦੀ, ਦਾਨਿਸ਼ਵਰੀ
2. ਸਮਰਥਾ, ਗੁਣ, ਖ਼ੂਬੀ, ਵਸਫ਼, ਕ੍ਸ਼ਮਤਾ
3. ਸਲੀਕਾ, ਚੱਜ
4. ਪ੍ਰਵੀਣਤਾ, ਮਹਾਰਤ, ਨਿਪੁੰਨਤਾ, ਵਿਸ਼ਾਰਦਤਾ, ਵਿਚੱਖਣਤਾ, ਕਮਾਲ

ਵਿਪਰਿਆਇ : ਵੇਖੋ **ਨਾਕਾਬਿਲ**

ਕ੍ਰਿਤੱਗ ਵਿ.

ਧੰਨਵਾਦੀ, ਇਹਸਾਨਮੰਦ, ਆਭਾਰੀ, ਸ਼ੁਕਰਗੁਜ਼ਾਰ, ਮਮਨੂਨ, ਉਪਕ੍ਰਿਤ

ਵਿਪਰਿਆਇ : ਵੇਖੋ **ਕ੍ਰਿਤਘਣ**

ਕ੍ਰਿਤਘਣ ਵਿ.

1. ਨਾਸ਼ੁਕਰਾ, ਇਹਸਾਨਫ਼ਰਾਮੋਸ਼, ਨਾਸ਼ੁਕਰਗੁਜ਼ਾਰ, ਗ਼ੈਰਮਮਨੂਨ

ਵਿਪਰਿਆਇ : ਵੇਖੋ **ਕ੍ਰਿਤੱਗ**

ਕੁਚੱਜਾ ਵਿ.

1. ਬੇਢਬਾ, ਬਦਸ਼ਊਰ, ਕੁਢੱਬਾ, ਅਨਾੜੀ, ਬੇਜੁਗਤਾ, ਉਜੱਡ, ਅਵੱਤਾ, ਅਵੱਲਾ
2. ਬਦਤਮੀਜ਼, ਅਸਭਯ, ਨਿਰਗੁਣੀਆ, ਨਾਤਜਰਬੇਕਾਰ, ਨਾਕਿਸ, ਐਬਦਾਰ, ਖ਼ਤਾਕਾਰ

—ਕੁਚੱਜ ਪੁ. ਬੇਢਬਾਪਨ, ਬਦਸ਼ਊਰੀ, ਅਨਾੜੀਪਨ, ਬੇਜੁਗਤੀ, ਐਬ, ਨਾਤਜਰਬੇਕਾਰ, ਖ਼ਤਾ, ਨੁਕਸ, ਦੋਸ਼

ਵਿਪਰਿਆਇ : ਵੇਖੋ **ਸੁਚੱਜਾ**

ਕੁਟਿਲ ਵਿ.

1. ਕਪਟੀ, ਖੋਟਾ, ਛਲੀ, ਛਲੀਆ, ਦੰਭੀ, ਧੋਹੀ, ਫ਼ਰੇਬੀ, ਧੋਖੇਬਾਜ਼, ਮੱਕਾਰ, ਰਯਾਕਾਰ
2. ਦੁਸ਼ਟ, ਖਲ, ਬਦਖ਼ਾਹ
3. ਵਿੰਗਾ, ਵਕ੍ਰ, ਖੱਬਾ, ਟੇਢਾ, ਅਨਾੜੀ, ਕਸੂਤਾ, ਵਿਪਰੀਤਗਾਮੀ, ਕੁਰਾਹੀਆ, ਉਲਟਾ, ਕੁਵਾਦੀ, ਕੁਪੱਤਾ, ਕੁਚਾਲਾ, ਪੁੱਠਾ, ਹੁੱਜਤੀ,

ਘੁੰਤਰੀ

ਵਿਪਰਿਆਇ : ਵੇਖੋ ਸਰਲ

ਕੁਫ਼ਰ ਪੁ.

ਨਾਸਤਕਤਾ, ਇਨਕਾਰ, ਉਪੇਖਿਆ, ਨਾਸ਼ੁਕਰਾਪਣ, ਨਾਸ਼ੁਕਰਗੁਜ਼ਾਰੀ, ਕ੍ਰਿਤਘਣਤਾ, ਬੇਦੀਨੀ, ਅਧਰਮ, ਅਨਿਸ਼ਠਾ, ਅਨਾਸਤਾ, ਅਵਿਸ਼ਵਾਸ

—ਕਾਫ਼ਿਰ ਵਿ.

ਨਾਸਤਿਕ, ਮੁਨਕਿਰ, ਬੇਦੀਨ, ਅਧਰਮੀ

ਵਿਪਰਿਆਇ : ਵੇਖੋ ਈਮਾਨ

ਕੁਲ ਪੁ.

1. ਪਰਮ, ਪਰਾਤਪਰ
2. ਸਮੱਗ੍ਰਤਾ, ਅਖਿਲਤਾ, ਸਰਵਾਤਮਕਤਾ

—ਕੁਲ ਵਿ. ਸਾਰਾ, ਸਮੂਹ, ਸੰਪੂਰਣ, ਅਖਿਲ, ਤਮਾਮ, ਸਮੱਗ੍ਰ, ਸਰਵ

ਵਿਪਰਿਆਇ : ਵੇਖੋ ਜੁਜ਼

ਕੁਵੇਲਾ ਪੁ.

1. ਕੁਵਕਤਾ, ਕੁਸਮਾਂ, ਕੁਅਵਸਰ, ਕੁਵਕਤ, ਕੁਵਾਰ, ਕੁਦਿਨ, ਅਵੇਰ, ਅਪਸਗਨ, ਕੁਸਗਨ

ਵਿਪਰਿਆਇ : ਵੇਖੋ ਸੁਵੇਲਾ

ਕੋਝਾ ਵਿ.

1. ਕੁਰੂਪ, ਬਦਸ਼ਕਲ, ਬਦਸੂਰਤ, ਮਕਰੂਹ, ਭੱਦਾ
2. ਭੈੜਾ, ਮੰਦਾ, ਮਾੜਾ, ਬੁਰਾ, ਦੋਸ਼-ਪੂਰਣ, ਐਬਦਾਰ, ਨਾਕਿਸ, ਲਗਵ, ਮੁਹਮਲ, ਦਾਗ਼ਦਾਰ, ਦਾਗ਼ੀ, ਕਲੰਕਿਤ

—ਕੋਝ ਪੁ. ਬਦਸੂਰਤੀ, ਬਦਸ਼ਕਲੀ, ਭੈੜ, ਮੰਦ, ਬੁਰਿਆਈ, ਦੋਸ਼, ਐਬ, ਨੁਕਸ, ਦਾਗ਼, ਤ੍ਰੁਟੀ

ਵਿਪਰਿਆਇ : ਵੇਖੋ ਸੋਹਣਾ

ਕੋਪ ਪੁ.

1. ਕ੍ਰੋਧ, ਕ੍ਹਹਰ, ਗ਼ਜ਼ਬ, ਗੁੱਸਾ, ਖਸ਼ਮ

2. ਸਖ਼ਤੀ, ਕਠੋਰਤਾ, ਕਹਾਰੀ

—ਕੋਪਵਾਨ ਵਿ.

1. ਕਹਰਵਾਨ, ਕ੍ਰੋਧਵਾਨ, ਗੁਸੈਲਾ, ਖ਼ਸ਼ਮਨਾਕ

2. ਸਖ਼ਤ, ਕਠੋਰ, ਕਹਾਰ, ਕ੍ਰੁਧ

ਵਿਪਰਿਆਇ : ਵੇਖੋ ਦਯਾ

ਕੋਮਲ ਵਿ.

1. ਨਰਮ, ਕੂਲਾ, ਮੁਲਾਇਮ, ਨਾਜ਼ੁਕ, ਸੋਹਲ

2. ਸੁੰਦਰ, ਮਨੋਹਰ, ਮ੍ਰਿਦੁਲ, ਮੰਜੁਲ

—ਕੋਮਲਤਾ ਇ.

1. ਨਰਮੀ, ਕੂਲਾਪਨ, ਨਜ਼ਾਕਤ, ਮ੍ਰਿਦੁਲਤਾ, ਮੰਜੁਲਤਾ

2. ਸੁੰਦਰਤਾ, ਮਨੋਹਰਤਾ, ਮਨੋਰਮਤਾ, ਖ਼ੂਬਸੂਰਤੀ

ਵਿਪਰਿਆਇ : ਵੇਖੋ ਕਠੋਰ

ਕੋਰਾ ਵਿ.

1. ਰੁੱਖਾ, ਨਾਮਿਲਣਸਾਰ, ਬੇਲਿਹਾਜ਼

2. ਸੱਖਣਾ, ਖ਼ਾਲੀ, ਥੋਥਾ, ਆਰੀ

3. ਨਵਾਂ, ਅਣਲਗ, ਨਵਾਂ ਨਕੋਰ, ਅਛੂਹ

ਵਿਪਰਿਆਇ : ਵੇਖੋ ਲਿੱਘਾ

ਕੌੜਾ ਵਿ.

1. ਤਲਖ਼, ਕਟੂ, ਬਦਮਜ਼ਾ, ਖਾਰਾ, ਬਕਬਕਾ, ਕਸੈਲਾ

2. ਗੁਸੈਲਾ, ਮਾਰਖੰਡ, ਢੁੱਡਮਾਰ, ਹਿੰਸਕ, ਵੱਢ-ਖਾਣਾ, ਈਰਖਾਲੂ, ਵਿਹੁਲਾ, ਜ਼ਹਰੀਲਾ, ਵਿਸੈਲਾ, ਖੋਰੀ, ਕ੍ਰੋਧੀ, ਤੱਤਾ, ਕੋਪਵਾਨ

—ਕੌੜ ਪੁ. ਤਲਖ਼ੀ, ਕਟੁਤਾ, ਸਖ਼ਤੀ, ਗਰਮੀ

—ਕੌੜਾਪਨ ਗੁੱਸਾ, ਈਰਖਾ, ਕਰੜਾਈ, ਕੀਨਾ, ਬੁਗ਼ਜ਼, ਦ੍ਵੈਖ, ਰੋਸ

ਵਿਪਰਿਆਇ : ਵੇਖੋ ਮਿੱਠਾ

ਖੰਡਨ ਪੁ.

1. ਨਿਸ਼ੇਧ, ਤਰਦੀਦ, ਨਿਖੇਧੀ, ਵਿਰੋਧ, ਮੁਖ਼ਾਲਫ਼ਤ, ਮੁਜ਼ੱਮਤ, ਮਨਸੂਖ਼ੀ, ਟੀਕਾਟਿਪਣੀ, ਨੁਕਤਾਚੀਨੀ, ਐਬਜੋਈ, ਕਟਾਖ

ਖੰਡਿਤ ਵਿ. ਟੁਟਿਆ, ਸ਼ਕਸਤਾ, ਜੀਰਣ, ਛਿੱਦਾ, ਛਿਦ੍ਰਤ, ਛਿੰਨਭਿੰਨ, ਭਗਨ, ਟੁਟਿਆ ਫੁਟਿਆ

—ਖੰਡ ਹਿੱਸਾ, ਭਾਗ, ਟੁਕੜਾ, ਟੋਟਾ, ਜੁਜ਼, ਅੰਸ਼, ਘਟਕ, ਕਾਂਡ, ਸਰਗ, ਅਧਿਆਇ, ਬਾਬ, ਫ਼ਸਲ, ਪਰਬ

ਵਿਪਰਿਆਇ : ਵੇਖੋ ਮੰਡਨ

ਖਚਿਤ ਵਿ.

ਰੁਝਿਆ, ਖੁਭਿਆ, ਫਸਿਆ, ਮਸ਼ਗੂਲ, ਮਸਰੂਫ਼, ਮਹਵ, ਲੀਨ, ਮਗਨ, ਲਿਪਤ

ਵਿਪਰਿਆਇ : ਵੇਖੋ ਵਿਰੱਕਤ

ਖੱਬਾ ਵਿ.

1. ਬਾਵਾਂ, ਬਾਇਆ, ਵਾਮ, ਚਪ, ਯਸਾਰ
2. ਗਰਮ-ਖਿਆਲੀਆ, ਵਿਰੋਧ-ਪੱਖੀ, ਵਿਪਰੀਤਗਾਮੀ, ਪ੍ਰਤਿ-ਪੱਖੀ, ਵਿਪੱਖੀ, ਹਰੀਫ਼, ਮੁਖ਼ਾਲਿਫ਼, ਪ੍ਰਤਿਕ੍ਰਿਆਵਾਦੀ

—ਖਬਚੂ ਵਿ. ਵਾਮ-ਪਥੀ, ਖੱਬਾ

ਵਿਪਰਿਆਇ : ਵੇਖੋ ਸੱਜਾ

ਖਰਚ ਪੁ.

1. ਖਪਤ, ਲਾਗਤ, ਕੀਮਤ, ਮੁੱਲ, ਰਕਮ, ਤੋਸ਼ਾ
2. ਖਰਚਾ, ਗੁਜ਼ਾਰਾ

ਵਿਪਰਿਆਇ : ਵੇਖੋ ਆਮਦਨੀ

ਖਰਾ ਵਿ.

1. ਅਸਲੀ, ਖ਼ਾਲਿਸ, ਸੁੱਚਾ, ਸ਼ੁੱਧ
2. ਚੰਗਾ, ਵਧੀਆ
3. ਈਮਾਨਦਾਰ, ਦਿਆਤਨਦਾਰ, ਨਿਸ਼ਕਪਟ, ਸਿਦਕੀ, ਸਦੀਕ, ਸਾਦਿਕ
4. ਨਿਝੱਕ, ਸਾਫ਼ਗੋ, ਸਪਸ਼ਟਵਕਤਾ
5. ਸੁਸੀਲ, ਨਜੀਬ, ਕੁਲੀਨ, ਕੁਲਵੰਤ
6. ਨਿਰਮਲ, ਨਿੰਬਲ, ਸਾਫ, ਸੂਛ
7. ਚੋਖਾ, ਜ਼ਿਆਦਾ, ਸ਼ਦੀਦ, ਬਹੁਤਾ, ਬਹੁ, ਅਧਿਕ

ਵਿਪਰਿਆਇ : ਵੇਖੋ ਖੋਟਾ

ਖ਼ਰਾਬ ਵਿ.

1. ਕਸੂਤਾ, ਵਿਗੜਿਆ, ਵਿਚਲਿਆ, ਵਿਕ੍ਰਿਤ, ਵਿਕਾਰੀ
2. ਮੰਦਾ, ਭੈੜਾ, ਬੁਰਾ, ਗੰਦਾ, ਮਾੜਾ
3. ਬਦਚਲਨ, ਬਦਕਾਰ, ਦੁਰਾਚਾਰੀ, ਭ੍ਰਿਸ਼ਟ, ਲੁੱਚਾ, ਬਦਮਾਸ਼
4. ਸ਼ਰਾਰਤੀ, ਇਲਤੀ, ਆਵਾਰਾ, ਅਸੰਜਮੀ
5. ਉਜਾੜ, ਵੀਰਾਨ, ਬਰਬਾਦ, ਤਬਾਹ, ਵਿਨਸ਼ਟ, ਬਦਹਾਲ, ਖੱਜਲ-ਖਵਾਰ
6. ਨਾਸਾਜ਼, ਨਾਦਰੁਸਤ, ਰੋਗੀ, ਸੋਗੀ, ਬੀਮਾਰ, ਉਲਾਰ, ਅਸੁਸਥ

ਵਿਪਰਿਆਇ : ਵੇਖੋ ਰਾਸ

ਖਾਸ ਵਿ.

1. ਵਿਸ਼ੇਸ, ਉਚੇਚਾ, ਵਿਸ਼ਿਸ਼ਟ, ਅਸਾਧਾਰਣ
2. ਵਧੀਆ, ਅੱਛਾ, ਉੱਤਮ, ਸ੍ਰੇਸ਼ਟ, ਚਗਾ, ਸੁਭਦ੍ਰ
3. ਸਿਰਕੱਢ, ਸਿਰੋਮਣੀ, ਪ੍ਰਮੁਖ, ਸਰਕਰਦਾ, ਬਰਗੁਜ਼ੀਦਾ, ਮਐਜ਼ਜ਼, ਸੁਸਭਜ, ਮੁਕੱਰਮ, ਪ੍ਰਤਿਸਠਿਤ, ਮਹੰਤ
4. ਗੁਪਤ, ਖੁਫ਼ੀਆ, ਗੁੱਝਾ

ਵਿਪਰਿਆਇ : ਵੇਖੋ ਆਮ

ਖ਼ਾਮੀ ਇ.

1. ਕੱਚਾਪਨ, ਕੱਚ, ਨਾਪੁਖ਼ਤਗੀ
2. ਅਵਗੁਣ, ਦੋਸ਼, ਐਬ, ਨੁਕਸ, ਤ੍ਰੁਟੀ, ਕਮੀ, ਘਾਟ, ਕਸਰ, ਕਮਜ਼ੋਰੀ, ਨਿਊਨਤਾ, ਊਣ, ਊਣਤਾਈ

3. ਅਪ੍ਰੌੜ੍ਹਤਾ, ਨਾਤਜਰਬਾਕਾਰੀ, ਅਨੁਭਵਹੀਣਤਾ
4. ਨੁਕਸਾਨ, ਘਾਟਾ, ਹਾਨੀ
5. ਗ਼ਲਤੀ, ਅਸ਼ੁੱਧੀ, ਭੁੱਲ, ਉਕਾਈ, ਚੂਕ, ਭੁਲਚੁਕ, ਖ਼ਤਾ

—ਖ਼ਾਮ ਵਿ.

1. ਕੱਚਾ, ਅਪੱਕ, ਹਰਾ
2. ਨਾਪੁਖਤਾ, ਨਾਬਾਲਗ, ਅਪ੍ਰੌੜ੍ਹ, ਅਨਾੜੀ, ਨਾਤਜਰਬਾਕਾਰ, ਅਨੁਭਵਹੀਣ, ਅਲਪੱਗ, ਗ਼ੈਰਮੁਸਤਕਿਲ
3. ਘਟ, ਛੋਟਾ, ਐਬਦਾਰ, ਨਾਕਿਸ
4. ਨਾਸ਼ਮਾਨ, ਬਿਨਸਣਹਾਰ, ਨਸ਼ਵਰ, ਫ਼ਾਨੀ, ਅਸਾਰ, ਅਸਥਿਰ, ਨਾਪਾਇਦਾਰ, ਚਲਾਇਮਾਨ, ਆਰਜ਼ੀ
5. ਗ਼ਲਤ, ਅਸ਼ੁਧ, ਅਪੂਰਣ, ਨਾਮੁਕੰਮਲ

ਵਿਪਰਿਆਇ : ਵੇਖੋ ਖ਼ੂਬੀ

ਖ਼ਿਆਨਤ ਇ.

ਬਦਦਿਆਨਤੀ, ਬੇਈਮਾਨੀ, ਬਦਨੀਤੀ, ਗ਼ਬਨ, ਹੇਰ-ਫੇਰ

ਵਿਪਰਿਆਇ : ਵੇਖੋ ਅਮਾਨਤ

ਖ਼ੁਸ਼ਬੂ ਇ.

1. ਮਹਿਕ, ਸੁਗੰਧ, ਸੁਗੰਧੀ
2. ਸੋਭਾ, ਕੀਰਤੀ, ਜਸ, ਨਾਮਣਾ, ਖਿਆਤੀ, ਸ਼ੁਹਰਤ, ਨਾਮਵਰੀ, ਮਹਮਾ, ਵਡਿਆਈ, ਤਾਰੀਫ਼, ਸਿਫ਼ਤ
3. ਪ੍ਰਭਾਵ, ਅਸਰ, ਰਸੂਖ

—ਖ਼ੁਸ਼ਬੂਦਾਰ ਵਿ. ਸੁਗੰਧਮਈ, ਮਹਕਦਾਰ, ਮੁਅੱਤਰ, ਸੁਗੰਧਿਤ

ਵਿਪਰਿਆਇ : ਵੇਖੋ ਬਦਬੂ

ਖ਼ੁਸ਼ੀ ਇ.

1. ਪ੍ਰਸੰਨਤਾ, ਆਹਲਾਦ, ਉੱਲਾਸ, ਹਰਸ, ਆਨੰਦ, ਮੁਸੱਰਤ, ਸਰੂਰ, ਸੁਖ, ਆਰਾਮ
2. ਰਜ਼ਾਮੰਦੀ, ਮਰਜ਼ੀ, ਰਜ਼ਾ, ਇੱਛਾ, ਚਾਹ
3. ਖੇੜਾ, ਖਿੜਾਉ, ਰੌਣਕ, ਪ੍ਰਫੁੱਲਤਾ, ਸ਼ਿਗੁਫ਼ਤਗੀ

—ਖ਼ੁਸ਼ ਵਿ. ਪ੍ਰਸੰਨ, ਮਸਰੂਰ, ਆਨੰਦਿਤ, ਸੁਖੀ

ਵਿਪਰਿਆਇ : ਵੇਖੋ ਗ਼ਮ

ਖੁਲ੍ਹ ਇ.

1. ਆਜ਼ਾਦੀ, ਸੁਤੰਤ੍ਰਤਾ, ਸ੍ਵਾਧੀਨਤਾ, ਬੇਤੁਕੱਲਫੀ, ਅਸੰਕੋਚ, ਕੁਸ਼ਾਦਗੀ, ਉਦਾਰਤਾ, ਫ਼ਰਾਖ਼ੀ
2. ਅਸੰਜਮ, ਬੇਜ਼ਾਬਤਗੀ, ਬੇਜ਼ਬਤੀ, ਨਿਰੰਕੁਸ਼ਤਾ ਆਵਾਰਾਪਣ, ਆਵਾਰਗੀ
3. ਇਜਾਜ਼ਤ, ਆਗਿਆ, ਪਰਵਾਨਗੀ
4. ਵਿਹਲ, ਫ਼ੁਰਸਤ, ਛੁੱਟੀ
5. ਵਿਸਤਾਰ, ਫੈਲਾਉ, ਵਿਸ਼ਾਲਤਾ, ਵੁਸਅਤ, ਖਿੜਾਉ, ਖੇੜਾ, ਉਨਮੀਲਨ

—ਖੁਲ੍ਹਾ ਵਿ. ਮੋਕਲਾ, ਢਿੱਲਾ, ਵਸੀਹ, ਸੁਤੰਤਰ, ਵਿਸ਼ਾਲ, ਆਜ਼ਾਦ, ਵਿਆਪਕ, ਵਿਸਤ੍ਰਿਤ, ਲੰਪਾਚੌੜਾ

2. ਆਵਾਰਾ, ਨਿਰੰਕੁਸ਼, ਬੇਕਾਬੂ, ਅਸੰਯਤ, ਬੇਮੁਹਾਰ, ਆਪਮੁਹਾਰਾ
3. ਨਿਸੰਗ, ਬੇਪਰਵਾਹ, ਨਿਸ਼ੱਕ
4. ਅਣ-ਢੱਕਿਆ, ਅਣਸਾਂਭਿਆ, ਖਿਲਰਿਆ, ਖਿੰਡਿਆਪੁੰਡਿਆ,
5. ਚੋਖਾ, ਵਧੇਰਾ, ਕਾਫ਼ੀ, ਖਾਸਾ, ਬਹੁਤਾ, ਜ਼ਿਆਦਾ
6. ਸੌਖਾ, ਖੁਸ਼ਹਾਲ, ਸੁਖੀ, ਧਨਵਾਨ, ਧਨਾਢ, ਧਨੀ

ਵਿਪਰਿਆਇ : ਵੇਖੋ ਬੰਧਨ

ਖੂਬੀ ਇ.

1. ਗੁਣ, ਵਿਸ਼ੇਸ਼ਤਾ, ਵਡਿਆਈ, ਚੰਗਿਆਈ, ਵਾਧਾ, ਖਾਸੀਅਤ, ਖਸੂਸੀਅਤ, ਖਾਸਾ, ਸਿਫ਼ਤ, ਮਹੱਤਵ, ਮਹਾਨਤਾ, ਤਤ
2. ਵਿਲੱਖਣਤਾ, ਵਿਚਿਤ੍ਰਤਾ, ਨਿਆਰਾਪਣ, ਅਡਰਾਪਣ, ਇਮਤਿਆਜ਼, ਸ਼ਾਨ
3. ਭਲਿਆਇ, ਨੇਕੀ, ਵਸਫ਼
4. ਸੁੰਦਰਤਾ, ਸੁਹਣਪ, ਸੁਹਜ, ਸੌਂਦਰਜ, ਪ੍ਰੀਯਤਾ, ਦਿਲਬਰੀ, ਮਨੋਹਰਤਾ, ਮਨੋਰਮਤਾ, ਸੁਹੱਪਣ, ਨਖਰਾ, ਨਾਜ਼, ਨਜ਼ਾਕਤ, ਕਟਾਖ਼

—ਖੂਬ ਵਿ.

1. ਚੰਗਾ, ਸੋਹਣਾ, ਉਮਦਾ, ਨਫ਼ੀਸ, ਸੁੰਦਰ, ਮਨ-ਭਾਉਂਦਾ, ਮਨ-ਪਸੰਦ, ਆਕਰਸ਼ਕ, ਦਿਲਕਸ਼, ਰਮਣੀਕ, ਸ਼ੋਭਨੀਕ, ਸ਼ਾਨਦਾਰ, ਮਨੋਹਰ, ਮਨੋਰਮ

2. ਮਹਾਨ, ਮਹੱਤ੍ਵਪੂਰਣ, ਪ੍ਰਭਾਵਸ਼ਾਲੀ, ਵਰਣਨੀ, ਉਲੇਖਣੀ
3. ਭਲਾ, ਨੇਕ, ਉੱਤਮ, ਉੱਚ, ਉਤਕ੍ਰਿਸ਼ਟ, ਸ੍ਰੇਸ਼ਟ

—ਖ਼ੂਬ ਕ੍ਰਿ. ਵਿ. ਬਹੁਤ, ਨਿਹਾਇਤ, ਅਧਿਕ, ਬੇਹਦ, ਅਤਿਅੰਤ

ਵਿਪਰਿਆਇ : ਵੇਖੋ ਖ਼ਾਮੀ

ਖੋਟਾ ਵਿ.

1. ਨੁਕਸਦਾਰ, ਐਬਦਾਰ, ਦੋਸ਼ੀ, ਦਾਗੀ, ਤ੍ਰੁਟੀਪੂਰਣ
2. ਜਾਅਲੀ, ਨਕਲੀ, ਝੂਠਾ, ਕੂੜਾ, ਨਾਕਿਸ, ਬਨਾਉਟੀ, ਨਿਕੰਮਾ, ਨਕਾਰਾ
3. ਬੇਈਮਾਨ, ਬਦਦਿਆਨਤ, ਮਨਾਫ਼ਿਕ
4. ਭੈੜਾ, ਬੁਰਾ, ਬੇਵਫ਼ਾ, ਗੱਦਾਰ
5. ਕੱਬਾ, ਅਵੈੜਾ, ਕੁਟਿਲ, ਕਠੋਰ, ਅੜਬ, ਈਰਖਾਲੂ

—ਖੋਟ ਇ.

ਨੁਕਸ, ਐਬ, ਦੋਸ਼, ਔਗਣ, ਤ੍ਰੁਟੀ, ਕਸਰ, ਕਮੀ, ਘਾਟ, ਊਣਤਾ, ਊਣਤਾਈ, ਅਸ਼ੁਧਤਾ, ਮੇਲ, ਮਿਲਾਵਟ, ਬਦਨੀਤੀ, ਬਦੀ, ਗੱਦਾਰੀ, ਬਦਅੰਦੇਸ਼ੀ, ਵਿਕਾਰ, ਖ਼ੁਬਸ, ਦੁਰਭਾਵਨਾ, ਕਪਟ, ਕੁਟਿਲਤਾ, ਕੀਨਾ, ਪਾਖੰਡ

ਵਿਪਰਿਆਇ : ਵੇਖੋ ਖਰਾ

ਗਤੀ ਇ.
1. ਚਾਲ, ਰਫ਼ਤਾਰ, ਹਰਕਤ, ਚੇਸ਼ਟਾ, ਕ੍ਰਿਆ, ਗਰਦਸ਼
2. ਹਾਲਤ, ਅਵਸਥਾ, ਦਸ਼ਾ, ਕੈਫ਼ੀਅਤ
3. ਲੀਲ੍ਹਾ, ਮਾਇਆ

ਵਿਪਰਿਆਇ : ਵੇਖੋ ਸਥਿਤੀ

ਗ਼ੱਦਾਰ ਵਿ.
1. ਬਾਗੀ, ਨਿਮਕਹਰਾਮ, ਕ੍ਰਿਤਘਣ, ਬੇਵਫ਼ਾ, ਧੋਖੇਬਾਜ਼, ਧ੍ਰੋਹੀ, ਵਿਦ੍ਰੋਹੀ
2. ਦਗਾਬਾਜ਼, ਮੱਕਾਰ, ਕਪਟੀ, ਕੁਟਿਲ

—ਗ਼ੱਦਾਰੀ ਵਿ. ਵਿਦ੍ਰੋਹ, ਧ੍ਰੋਹ, ਧੋਖਾ, ਬੇਵਫ਼ਾਈ, ਵਿਸਾਹਘਾਤ, ਕ੍ਰਿਤਘਣਤਾ, ਮੱਕਾਰੀ, ਕਪਟ, ਛਲ, ਕੁਟਿਲਤਾ, ਨਿਮਕਹਰਾਮੀ

ਵਿਪਰਿਆਇ : ਵੇਖੋ ਵਫ਼ਾਦਾਰ

ਗੰਦਗੀ ਇ.
1. ਗੰਦ, ਮੈਲ, ਮਲੀਨਤਾ, ਗ਼ਲਾਜ਼ਤ, ਪਲੀਦੀ, ਮਲ
2. ਖੋਟ, ਫ਼ਤੂਰ, ਖ਼ਰਾਬੀ, ਬੁਰਿਆਈ, ਮੰਦ
3. ਸ਼ਰਾਰਤ, ਬੇਜ਼ਾਬਤਗੀ, ਹੁੱਲੜਬਾਜ਼ੀ, ਆਵਾਰਗੀ, ਨਿਰੰਕੁਸ਼ਤਾ

—ਗੰਦਾ ਵਿ.
1. ਮੈਲਾ, ਮਲੀਨ, ਗ਼ਲੀਜ਼, ਪਲੀਤ, ਨਾਪਾਕ, ਅਸ਼ੁਧ
2. ਖੋਟਾ, ਖ਼ਰਾਬ, ਕੁਟਿਲ, ਬੁਰਾ, ਕਪਟੀ, ਮੰਦਾ, ਭੈੜਾ
3. ਸ਼ਰਾਰਤੀ, ਬਦਮਾਸ਼, ਬਦਚਲਣ, ਦੁਰਾਚਾਰੀ, ਪਾਪੀ, ਗੁਨਾਹਗਾਰ, ਲੋਭੀ, ਲਾਲਚੀ, ਔਗਣਹਾਰਾ
4. ਬੇਈਮਾਨ, ਬੇਇਤਬਾਰਾ, ਖ਼ਿਆਨਤੀ

ਵਿਪਰਿਆਇ : ਵੇਖੋ ਸਫ਼ਾਈ

ਗੰਭੀਰ ਵਿ.

1. ਡੂੰਘਾ, ਅਥਾਹ, ਅਗਾਧ, ਅਸਗਾਹ, ਗਹਰਾ
2. ਸੰਜੀਦਾ, ਧੀਰਜਵਾਨ, ਗੂੜ੍ਹ, ਸੁਧੀਰ
3. ਗਹਰ ਗੰਭੀਰ, ਅਮੀਕ, ਅਡੋਲ
4. ਵਿਵੇਕਸ਼ੀਲ, ਚਿੰਤਨਸ਼ੀਲ, ਸੰਜੀਦਾ, ਵਿਚਾਰਸ਼ੀਲ, ਤਰਕਸ਼ੀਲ, ਵਿਵੇਕੀ

—ਗੰਭੀਰਤਾ ਇ. ਸੰਜੀਦਗੀ, ਧੀਰਜ, ਡੂੰਘਿਆਈ, ਅਗਾਧਤਾ, ਗਹਰਾਈ

ਵਿਪਰਿਆਇ : ਵੇਖੋ **ਹੌਛਾ**

ਗ਼ਮ ਪੁ.

1. ਸੋਗ, ਸੋਕ, ਉਦਾਸੀਨਤਾ
2. ਫ਼ਿਕਰ, ਚਿੰਤਾ, ਸੋਚ, ਅਫ਼ਸੋਸ, ਦਿਲਗੀਰੀ, ਮਾਤਮ
3. ਰੰਜ, ਦੁਖ, ਦਰਦ, ਵੇਦਨਾ, ਵਿਥਿਆ, ਉਦਾਸੀ, ਪੀੜਾ
4. ਅਜ਼ਾ, ਸੋਜ਼, ਗੁਦਾਜ਼

— ਗ਼ਮਖ਼੍ਵਾਰ ਵਿ. ਹਮਦਰਦ

—ਗ਼ਮਗੀਨ
—ਗ਼ਮਜ਼ਦਾ } **ਵਿ.** ਦਿਲਗੀਰ, ਚਿੰਤਾਤੁਰ, ਵਿਆਕੁਲ, ਫ਼ਿਕਰਮੰਦ, ਸੋਕਾਕੁਲ ਉਦਾਸ

—ਗ਼ਮਨਾਕ ਵਿ. ਦਰਦਭਰਪੂਰ, ਪੁਰਦਰਦ, ਕਰੁਣਾਮਈ

—ਗ਼ਮਗੀਨਗੀ ਵਿ. ਦਿਲਗੀਰੀ ਉਦਾਸੀ

ਵਿਪਰਿਆਇ : ਵੇਖੋ **ਖ਼ੁਸ਼ੀ**

ਗ੍ਰਹਣ ਪੁ.

1. ਕਬੂਲ, ਪ੍ਰਵਾਨ, ਅੰਗੀਕਾਰ, ਸ੍ਵੀਕਾਰ
2. ਪ੍ਰਾਪਤ, ਉਪਲਬਧ, ਮਨਜ਼ੂਰ, ਕਸਬ, ਇਖ਼ਤਿਆਰ
3. ਜਜ਼ਬ, ਸਮਾਈ, ਪਾਚਨ
4. ਪਕੜ, ਆਦਾਨ, ਅਪਹਰਣ, ਅਨੁਰਕਤੀ
5. ਸੰਚਯ, ਸੰਗ੍ਰਹ, ਸੰਕਲਨ, ਗੁੰਥਣ

—ਗ੍ਰਹਣਯੋਗ ਵਿ. ਪ੍ਰਵਾਨਯੋਗ, ਮੰਨਣਯੋਗ, ਸ੍ਵੀਕਾਰਯੋਗ, ਕਬੂਲੀਯੋਗ, ਕਾਬਿਲ, ਇਖ਼ਤਿਆਰ, ਉਪਯੋਗੀ, ਲਾਭਦਾਇਕ

ਵਿਪਰਿਆਇ : ਵੇਖੋ **ਤਿਆਗ**

ਗਰਮ **ਵਿ.**

1. ਤੱਤਾ, ਨਿੱਘਾ, ਕੋਸਾ
2. ਤੇਜ਼, ਤਲਖ਼, ਤੁੰਦ, ਤਿੱਖਾ, ਪ੍ਰਚੰਡ, ਤਪਤ, ਪ੍ਰਜੁਲਿੱਤ
3. ਉੱਤੇਜਿਤ, ਮੁਸ਼ਤੱਅਲ
4. ਅਤਿਵਾਦੀ, ਅਤਿਚਾਰੀ

—ਗਰਮੀ ਇ.

1. ਤਪਸ਼, ਸੇਕ, ਹਰਾਰਤ, ਉਸ਼ਣਤਾ, ਗਰਮਰੁਤ
2. ਤਾਪ, ਗੁੱਸਾ, ਤੈਸ਼
3. ਤੇਜ਼ੀ, ਤੁੰਦੀ, ਤਲਖ਼ੀ, ਉੱਤੇਜਨਾ
4. ਅਤਿਵਾਦ

ਵਿਪਰਿਆਇ : ਵੇਖੋ ਸਰਦ

ਗ਼ਰੀਬੀ **ਇ.**

1. ਨੰਗ, ਭੁੱਖ, ਥੁੜ, ਕੰਗਾਲੀ, ਨਿਰਧਨਤਾ, ਨਾਦਾਰੀ, ਮੁਫ਼ਲਿਸੀ, ਅਕਿੰਚਿਨਤਾ
2. ਸਾਦਗੀ, ਨਮ੍ਰਤਾ, ਹਲੀਮੀ, ਫ਼ਕਰ, ਫ਼ਕੀਰੀ

—ਗ਼ਰੀਬ **ਵਿ.**

1. ਨਿਰਧਨ, ਕੰਗਾਲ, ਨਾਦਾਰ, ਫ਼ਕੀਰ, ਮੁਫ਼ਲਿਸ
2. ਓਪਰਾ, ਪਰਾਇਆ, ਗ਼ੈਰ, ਪਰਦੇਸੀ, ਅਜਨਬੀ
3. ਵਚਿਤ੍ਰ, ਅਸਾਧਾਰਣ, ਅਲੌਕਿਕ, ਵਿਲੱਖਣ, ਅਜੀਬ

ਵਿਪਰਿਆਇ : ਵੇਖੋ ਅਮੀਰੀ

ਗ਼ਲਤ **ਵਿ.**

1. ਅਸ਼ੁੱਧ, ਨਾਦਰੁਸਤ, ਅਨੁਚਿਤ, ਅਯੁਕਤ
2. ਉਲਟ, ਵਿਪਰੀਤ, ਵਿਰੁੱਧ, ਮੁਖ਼ਾਲਿਫ਼

—ਗ਼ਲਤਫ਼ਹਮੀ ਇ. ਭਰਮ, ਭੁਲੇਖਾ, ਭ੍ਰਾਂਤੀ, ਟਪਲਾ, ਮੁਗ਼ਾਲਤਾ

—ਗ਼ਲਤੀ ਇ. ਅਸ਼ੁੱਧੀ, ਭੁੱਲ, ਚੂਕ, ਤ੍ਰੁਟੀ, ਉਕਾਈ, ਭਰਮ, ਭੁਲੇਖਾ, ਭ੍ਰਾਂਤੀ, ਸ਼ੰਕਾ, ਸੁਬ੍ਹਾ

ਵਿਪਰਿਆਇ : ਵੇਖੋ ਸਹੀ

ਗ਼ਾਇਬ **ਵਿ.**

1. ਗ਼ੈਰਹਾਜ਼ਰ, ਗੁੰਮ, ਅਨੁਪਸਥਿਤ, ਗ਼ੈਰਮੌਜੂਦ, ਅਪ੍ਰਸਤੁਤ, ਅਵਿਦਮਾਨ

2. ਪਰੋਖ, ਅਦ੍ਰਿਸ਼ਟ, ਲੁਪਤ, ਅਪ੍ਰਗਟ, ਅਪ੍ਰਤੱਖ, ਗੁਪਤ, ਗੁੱਝਾ, ਲੁਕਵਾਂ, ਪੋਸ਼ੀਦਾ, ਛੁਪਿਆ

ਵਿਪਰਿਆਇ . ਵੇਖੋ ਹਾਜ਼ਿਰ

ਗ਼ਾਫ਼ਿਲ ਵਿ.

1. ਬੇਖ਼ਬਰ, ਬੇਪਰਵਾਹ, ਗ਼ਫ਼ਲਤੀ, ਲਾਪਰਵਾਹ
2. ਸੁਸਤ, ਆਲਸੀ, ਅਲਗ਼ਰਜ਼, ਕੰਮਚੋਰ
3. ਅਸਾਵਧਾਨ, ਅਣਗਹਲਾ, ਪ੍ਰਮੱਤ, ਅਚੇਤ, ਮੂੜ੍ਹ, ਮੁਗਧ ਅਣਜਾਣ

—ਗ਼ਫ਼ਲਤ ਇ.

1. ਬੇਖ਼ਬਰੀ, ਕੋਤਾਹੀ, ਬੇਪਰਵਾਹੀ, ਅਣਗਹਲੀ, ਬੇ-ਨਿਆਜ਼ੀ
2. ਆਲਸ, ਸੁਸਤੀ, ਪ੍ਰਮਾਦ
3. ਅਸਾਵਧਾਨੀ, ਘੌਲ, ਘੋਸਲ, ਘੇਸ
4. ਮੂਰਖਤਾ, ਮੂੜ੍ਹਤਾ, ਅਣਜਾਣਪੁਣਾ

ਵਿਪਰਿਆਇ : ਵੇਖੋ ਹੁਸ਼ਿਆਰ

ਗਾੜ੍ਹਾ ਵਿ.

1. ਸੰਘਣਾ, ਘਣਾ, ਭਾਰੀ, ਸਥੂਲ, ਕਸੀਫ਼, ਗ਼ਲੀਜ਼, ਗੂੜ੍ਹਾ
2. ਦ੍ਰਿੜ੍ਹ, ਮਜ਼ਬੂਤ, ਪੱਕਾ, ਪਰਪੱਕ, ਮੁਹਕਮ
3. ਕਠੋਰ, ਸਖ਼ਤ, ਕਠਿਨ, ਅਤਿਅੰਤ, ਸ਼ਦੀਦ, ਅਹਮ, ਤੀਬਰ, ਤੀਖਣ, ਪ੍ਰਬਲ, ਪ੍ਰਚੰਡ
4. ਬੇਤੁਕੱਲਫ਼, ਅਭਿੰਨ, ਖੁਲ੍ਹਾ
5. ਮੋਟਾ, ਖਰ੍ਹਵਾ, ਖੁਰਦਰਾ

ਵਿਪਰਿਆਇ : ਵੇਖੋ ਪਤਲਾ

ਗਿਆਨ ਪੁ.

1. ਬੋਧ, ਸਮਝ, ਇਲਮ, ਵਿਦਿਆ, ਇਰਫ਼ਾਨ, ਮਾਰਫ਼ਤ, ਵੇਦ
2. ਜਾਣਕਾਰੀ, ਵਾਕਫ਼ੀਅਤ, ਬਾਖ਼ਬਰੀ

—ਗਿਆਨਵਾਨ
—ਗਿਆਤਾ
—ਗਿਆਨੀ ਵਿ.

ਵਿਦਵਾਨ, ਆਲਿਮ, ਵੇਤਾ, ਪੰਡਿਤ, ਦਾਨਾ ਜਾਣਕਾਰ, ਆਰਿਫ਼, ਸੂਝਵਾਨ, ਸਿਆਣਾ, ਜਾਣਨਹਾਰ, ਬਾਖ਼ਬਰ, ਵਾਕਿਫ਼, ਪ੍ਰੱਗਿਆਵਾਨ, ਫ਼ਾਜ਼ਿਲ

ਵਿਪਰਿਆਇ : ਵੇਖੋ ਅਗਿਆਨ

ਗਿੱਲਾ ਵਿ.
1. ਤਰ, ਨਮਦਾਰ, ਭਿੱਜਾ
2. ਲਿਬੜਿਆ, ਲਿਪਤ, ਮਲੱਵਸ, ਆਲੂਦਾ
3. ਭਿਟੱਜ, ਨਾਪਾਕ, ਅਪਵਿਤ੍ਰ, ਪਲੀਤ, ਪਲੀਦ

ਵਿਪਰਿਆਇ : ਵੇਖੋ ਸੁੱਕਾ

ਗੁੱਸਾ ਪੁ.
1. ਕ੍ਰੋਧ, ਨਾਰਾਜ਼ਗੀ, ਖ਼ਫ਼ਗੀ, ਕ੍ਰੁਪੀ, ਕੋਪ, ਗ਼ਜ਼ਬ, ਖ਼ਸ਼ਮ, ਹਰਖ
2. ਗਰਮੀ, ਤੇਜ਼ੀ, ਤੁੰਦੀ, ਤੈਸ਼, ਖਰ੍ਹਵਾਪਨ, ਤਲਖੀ, ਕਟੁਤਾ, ਜੋਸ਼ ਪ੍ਰਚੰਡਤਾ

—ਗੁਸੈਲਾ ਵਿ. ਕ੍ਰੋਧੀ, ਕੋਪਵਾਨ, ਗਰਮ, ਤੇਜ਼, ਤੁੰਦ, ਤਲਖ, ਜੋਸ਼ੀਲਾ, ਕਟੂ, ਪ੍ਰਚੰਡ, ਛੀਰਖਾਲੂ, ਹਰਖੀ

ਵਿਪਰਿਆਇ : ਵੇਖੋ ਠਰ੍ਹਮਾ

ਗੁੱਝਾ ਵਿ.
1. ਲੁਕਿਆ, ਲੋਪ, ਛੁਪਿਆ, ਗੁਪਤ, ਅਡਿੱਠ, ਲੁਪਤ, ਅਦਿਖ, ਮਖਫ਼ੀ, ਪੋਸ਼ੀਦਾ, ਖੁਫ਼ੀਆ
2. ਵਿਅੰਗਮਈ, ਰਮਜ਼ੀ, ਮਾਰਮਿਕ, ਚਮਤਕਾਰੀ, ਅਚਿੰਤਿਆ

ਵਿਪਰਿਆਇ : ਵੇਖੋ ਪ੍ਰਤੱਖ

ਗੁਣ ਪੁ.
1. ਸਿਫ਼ਤ, ਖਾਸੀਅਤ, ਖਸੂਸੀਅਤ, ਵਿਸ਼ਿਸ਼ਟਤਾ, ਖ਼ੂਬੀ
2. ਸੁਭਾਉ, ਆਦਤ, ਮਿਜ਼ਾਜ, ਪ੍ਰਕ੍ਰਿਤੀ, ਲੱਛਣ, ਇਲਾਮਤ
3. ਧਰਮ, ਕਿਰਦਾਰ, ਚਰਿਤ੍ਰ
4. ਤਾਸੀਰ, ਅਸਰ, ਪ੍ਰਭਾਵ
5. ਲਾਭ, ਉਪਕਾਰ

—ਗੁਣਵਾਨ / ਗੁਣਵੰਤ / ਗੁਣੀ ਵਿ. ਵਿਸ਼ੇਸ਼, ਵਿਸ਼ਿਸ਼ਟ, ਵਿਸ਼ਾਰਦ, ਸਪੰਨ, ਪ੍ਰਵੀਣ, ਨਿਪੁੰਨ, ਮਾਹਿਰ, ਕਾਮਿਲ

—ਗੁਣਕਾਰੀ ਵਿ. ਲਾਭਦਾਇਕ, ਲਾਹੇਵੰਦ, ਫਾਇਦੇਮੰਦ, ਮੁਫ਼ੀਦ, ਉਪਯੋਗੀ, ਪ੍ਰਭਾਵਜਨਕ, ਅਸਰਦਾਰ

ਵਿਪਰਿਆਇ : ਵੇਖੋ ਅਵਗੁਣ

ਗੁਪਤ ਵਿ.

1. ਪੋਸ਼ੀਦਾ, ਲੁਕਵਾਂ, ਗੁੱਝਾ, ਖੁਫ਼ੀਆ, ਮਖ਼ਫ਼ੀ, ਗੂੜ੍ਹ, ਲੁਪਤ, ਪਰੋਖ, ਅਸਪੱਸ਼ਟ, ਅਦ੍ਰਿਸ਼ਟ, ਗ਼ਾਇਬ, ਅਦ੍ਰਿਸ਼ਟਮਾਨੀ, ਗ਼ੈਰ-ਮੌਜੂਦ, ਗੁੰਮ

ਵਿਪਰਿਆਇ : ਵੇਖੋ **ਪ੍ਰਗਟ**

ਗੁਮਨਾਮੀ/ਗੁਮਨਾਮ ਇ.

ਬੇਗਾਨਾਪਣ, ਪਰਾਇਆਪਣ, ਅਜਨਬੀਅਤ, ਨਾਵਾਕਫ਼ੀ

ਵਿਪਰਿਆਇ : ਵੇਖੋ **ਉੱਘ**

ਗੁਲਾਮੀ ਇ.

1. ਗੁਲਾਮਪੁਣਾ, ਗੋਲਾਪੁਣਾ, ਦਾਸਤਾ, ਪਰਾਧੀਨਤਾ, ਪਰਤੰਤ੍ਰਤਾ, ਮਹਕੂਮੀ, ਮਾਤਹਤੀ, ਅਧੀਨਤਾ
2. ਨੌਕਰੀ, ਚਾਕਰੀ, ਮਲਾਜ਼ਮਤ, ਟਹਲ, ਸੇਵਾ, ਖ਼ਿਦਮਤ, ਬੰਦਗੀ,
3. ਖੁਸ਼ਾਮਦ, ਚਾਪਲੂਸੀ,

—ਗੁਲਾਮ ਵਿ. ਦਾਸ, ਸੇਵਕ, ਸੇਵਾਦਾਰ, ਬੰਦਾ, ਖ਼ਾਦਿਮ, ਨੌਕਰ, ਖ਼ਿਦਮਤਗੁਜ਼ਾਰ, ਨਫ਼ਰ, ਟਹਲੂਆ, ਚਾਕਰ, ਗੋਲਾ, ਬਰਦਾ, ਮਾਤਹਤ, ਮਹਕੂਮ

ਵਿਪਰਿਆਇ : ਵੇਖੋ **ਆਜ਼ਾਦੀ**

ਗੂੜ੍ਹਾ ਵਿ.

1. ਗਾੜ੍ਹਾ, ਸੰਘਣਾ, ਗਹਰਾ, ਘਣਾ, ਸੰਘਣਾ
2. ਗੂੜ੍ਹ, ਗੁੱਝਾ, ਗੁਪਤ, ਲੁਕਿਆ, ਛੁਪਿਆ, ਲੁਪਤ, ਖੁਫ਼ੀਆ, ਆਵ੍ਰਿਤ, ਰਹੱਸਮਈ, ਰਮਜ਼ੀਆ, ਲਖਣਿਕ, ਸੰਕੇਤਕ, ਅਗਿਆਤ,
3. ਗੰਭੀਰ, ਡੂੰਘਾ, ਅਸਪਸ਼ਟ, ਅਮੀਕ, ਮੁਬਹਮ, ਅਪ੍ਰਤੱਖ, ਪਰੋਖ, ਅਵਿਅਕਤ, ਅਬੋਧ, ਮੁਸ਼ਕਿਲ, ਦੁਰਬੋਧ
4. ਪੱਕਾ, ਦ੍ਰਿੜ, ਮਜ਼ਬੂਤ, ਪੁਖ਼ਤਾ, ਵਫ਼ਾਦਾਰ, ਅਭਿੰਨ, ਅਨੰਨ, ਅਨਿੱਖੜ
5. ਅਧਿਕ, ਵੱਧ, ਵਾਫ਼ਰ, ਵਧੇਰਾ, ਜ਼ਿਆਦਾ, ਚੋਖਾ, ਖਾਸਾ, ਕਾਫ਼ੀ, ਤੀਬਰ, ਤੀਖਣ, ਪ੍ਰਚੰਡ, ਸ਼ਦੀਦ, ਅਹਮ, ਮਹੱਤ੍ਵਪੂਰਣ, ਤੇਜ਼, ਤਿੱਖਾ, ਸ਼ੋਖ

ਵਿਪਰਿਆਇ : ਵੇਖੋ **ਨਿਮ੍ਹਾ**

ਗੌਰਵ ਪੁ.

1. ਪ੍ਰਤਿਸ਼ਠਾ, ਮਾਨ, ਵਡਿਆਈ, ਮਹੱਤਵ, ਮਹੱਤਾ, ਅਹਮੀਅਤ, ਅਜ਼ਮਤ, ਬਜ਼ੁਰਗੀ, ਸ਼ਾਨ, ਸ਼ੌਕਤ

ਵਿਪਰਿਆਇ : ਵੇਖੋ **ਲਘੁਤਾ**

ਘੱਟ ਵਿ.

1. ਥੋੜਾ, ਕਮ, ਕੱਸਾ, ਅਲਪ, ਨਿਊਣ, ਅਪੂਰਣ, ਅਧੂਰਾ
2. ਲਘੂ, ਸੰਖਿਪਤ, ਮੁਖਤਸਰ

—ਘਟੀਆ ਵਿ.

1. ਤੁਛ, ਹਕੀਰ, ਨਿਕੰਮਾ, ਨੀਚ, ਨਾਕਾਰਾ, ਨੀਵਾਂ, ਪਸਤ, ਹੇਠਲਾ
2. ਭੈੜਾ, ਬਦ, ਕਮੀਨਾ, ਸਿਫਲਾ, ਰਜੀਲ, ਖਬੀਸ, ਜ਼ਲੀਲ, ਅਧਮ
3. ਅਦਨਾ, ਪਤਿਤ, ਭ੍ਰਸ਼ਟ, ਨਿਕ੍ਰਿਸ਼ਟ

—ਘਾਟ ਇ.
—ਘਾਟਾ ਪੁ.

ਨੁਕਸਾਨ, ਹਾਨੀ, ਕਸਰ, ਊਣ, ਘਾਟ, ਥੁੜ, ਕਮੀ, ਤ੍ਰੁਟੀ, ਉਕਾਈ, ਅਣਹੋਂਦ, ਅਭਾਵ, ਨਫੀ, ਖ਼ਾਮੀ, ਐਬ, ਨੁਕਸ, ਦੋਸ਼

ਵਿਪਰਿਆਇ : ਵੇਖੋ ਵੱਧ

ਘਟੀਆ ਵਿ.

1. ਨੁਕਸਦਾਰ, ਐਬਦਾਰ, ਦੂਸ਼ਿਤ, ਨਾਕਿਸ, ਸਦੋਸ਼, ਤ੍ਰੁਟੀਪੂਰਣ, ਖ਼ਾਮ, ਰੱਦੀ, ਫਜ਼ੂਲ, ਦਾਗ਼ਦਾਰ, ਦਾਗ਼ੀ
2. ਨੀਚ, ਹੇਚ, ਕਮੀਨਾ, ਅਦਨਾ, ਸਿਫਲਾ, ਰਜ਼ੀਲ, ਖ਼ਬੀਸ, ਅਧਮ, ਤੁਛ, ਹੀਣ, ਬੇਸ਼ਰਮ, ਨਿਰਲੱਜ, ਥੋਥਾ, ਹੋਛਾ, ਹੌਲਾ, ਕਮ-ਜ਼ਰਫ, ਖੋੜ-ਵਿੜਾ, ਬੇਈਮਾਨ, ਕਪਟੀ, ਕੁਟਿਲ, ਦਗ਼ਾਕਾਰ, ਫਰੇਬੀ, ਕੁੰਠਿਤ, ਬਦਮਾਸ਼, ਵਕ੍ਰ, ਛਲੀਆ, ਵਿੰਗਾ
5. ਪਤਿਤ, ਭ੍ਰਸ਼ਟ, ਕੁਰਾਹੀਆ, ਕੁਪੰਥੀ, ਕੁਮਾਰਗੀ, ਦੁਰਾਚਾਰੀ, ਬਦ, ਬਦਕਾਰ, ਬਦਖਸਲਤ, ਬਦਅਖਲਾਕ, ਭੈੜਾ, ਮੰਦਾ

ਘ੍ਰਿਣਾ ਇ.

1. ਗਿਲਾਨੀ, ਧਿਰਕਾਰ, ਕਚਿਆਣ, ਹਕਾਰਤ, ਜੁਗੁਪਸਾ, ਤ੍ਰਿਸਕਾਰ, ਅਨਾਦਰ, ਹੱਤਕ, ਤੌਹੀਨ
2. ਅਰੁਚੀ, ਨਾਮਨਜ਼ੂਰੀ, ਨਾਂਪਸੰਦੀਦਗੀ, ਅਪਰਵਾਨਗੀ
3. ਹਸਤ, ਈਰਖਾ, ਦੁਸ਼ਮਨੀ, ਵਿਪਖਤਾ, ਦ੍ਵੈਖ [illegible], ਵਿਰੋਧ, ਸ਼ਰੀਕਾ, ਵੈਰ, ਮੁਖਾਲਫਤ

ਵਿਪਰਿਆਇ : ਵੇਖੋ ਪ੍ਰੀਤ

ਚੰਗਾ ਵਿ.

1. ਅੱਛਾ, ਭਲਾ, ਨੇਕ, ਨੇਕਚਲਨ, ਮਨ-ਭਾਉਂਦਾ
2. ਮਨਪਸੰਦ, ਦਿਲਪਸੰਦ
3. ਰੋਚਕ, ਮਨੋਹਰ, ਮਨੋਰਮ, ਸੁੰਦਰ, ਆਕਰਸ਼ਕ, ਦਿਲਕਸ਼
4. ਅਰੋਗ, ਠੀਕ, ਨਰੋਆ, ਸੁਸੱਥ, ਸਕੁਸ਼ਲ
5. ਚੋਖਾ, ਚੰਗਾ ਚੋਖਾ, ਘਣਾ, ਘਣੇਰਾ, ਖਾਸਾ, ਕਾਫ਼ੀ, ਬਹੁਤਾ, ਬਹੁਤੇਰ

—ਚੰਗਿਆਈ ਇ.

1. ਭਲਿਆਈ, ਨੇਕੀ, ਅਛਾਈ, ਗੁਣ
2. ਸੁਹਿਰਦਤਾ, ਖ਼ਲੂਸ, ਨੇਕਨੀਅਤੀ, ਨੇਕਚਲਨੀ, ਖ਼ੂਬੀ, ਵਸਫ਼, ਵਿਸ਼ੇਸ਼ਤਾ, ਵਿਸ਼ਿਸ਼ਟਤਾ
3. ਪੁੰਨ, ਸਵਾਬ, ਸੁਕ੍ਰਿਤੀ, ਉਪਕਾਰ, ਇਹਸਾਨ
4. ਕਲਿਆਣ, ਭਲਾ, ਖ਼ੈਰ, ਬਰਕਤ, ਖੇਮ

ਵਿਪਰਿਆਇ : ਵੇਖੋ ਮੰਦਾ

ਚੰਚਲ ਵਿ.

1. ਚਲਾਕ, ਚੁਲਬੁਲਾ, ਚਤੁਰ, ਚਪਲ
2. ਸ਼ਰਾਰਤੀ, ਗੁਸਤਾਖ਼, ਸ਼ੋਖ਼, ਅਸਥਿਰ, ਅਸਥਾਈ, ਗਤੀਮਾਨ, ਗਤੀਸ਼ੀਲ, ਗਮਨਸ਼ੀਲ
3. ਚਲਾਇਮਾਨ, ਆਰਜ਼ੀ, ਨਾਪਾਇਦਾਰ
4. ਲਹਰੀਆ, ਤਰੰਗਿਤ, ਮੌਜਜ਼ਨ
5. ਬਾਂਕਾ, ਸੁੰਦਰ, ਨਖਰੀਲਾ, ਨਜ਼ਾਕਤੀ
6. ਕਟਾਕਸ਼ੀ, ਉਕਸਾਊ, ਭੜਕਾਊ, ਉੱਤੇਜਕ, ਪ੍ਰੇਰਕ
7. ਮੂੰਹ-ਜ਼ੋਰ, ਤੇਜ਼, ਅਮੋੜ, ਸਰਕਸ਼, ਅਵੈੜਾ, ਅੱਖੜ, ਨਿਰੰਕੁਸ਼

—ਚੰਚਲਤਾ ਇ.

1. ਚਪਲਤਾ, ਚੁਲਬਲਾਪਣ, ਚੌੜ, ਸ਼ੋਖੀ, ਨਾਜ਼ਅਦਾ, ਆਨ,

ਕਟਾਕਸ਼, ਨਖ਼ਰਾ,, ਬਾਂਕਪਨ, ਸਜੀਲਾਪਨ, ਗ਼ਮਜ਼ਾ

2. ਚਾਲਾਕੀ, ਗੁਸਤਾਖ਼ੀ, ਸਰਕਸ਼ੀ, ਨਿਰੰਕੁਸ਼ਤਾ, ਅਮੋੜਤਾ, ਅੱਖੜਪੁਣਾ, ਤੀਖਣਤਾ, ਅਥਰਾਪਣ

ਵਿਪਰਿਆਇ : ਵੇਖੋ **ਨਿਚੱਲਾ**

ਚਤੁਰ ਵਿ.

1. ਸਿਆਣਾ, ਸੁਜਾਨ, ਸਮਝਦਾਰ, ਸੂਝਵਾਨ, ਗਿਆਨਵਾਨ, ਗੁਣਵੰਤ
2. ਚਾਤਰ, ਹੁਸ਼ਿਆਰ, ਚਾਲਾਕ, ਚੰਚਲ
3. ਚੌਕਸ, ਸਾਵਧਾਨ, ਸੁਚੇਤ, ਜਾਗਰੂਕ, ਬੇਦਾਰ, ਸਜੱਗ, ਹੱਸਾਸ, ਬਾਸ਼ਊਰ
4. ਵਿਚੱਖਣ, ਕੁਸ਼ਲ, ਨਿਪੁਣ, ਪ੍ਰਵੀਣ, ਮਾਹਿਰ, ਵਿਸ਼ਾਰਦ, ਕਾਮਿਲ
5. ਸ਼ੋਖ਼, ਚਪਲ, ਸ਼ਰਾਰਤੀ, ਗੁਸਤਾਖ਼

—ਚਤੁਰਤਾ } ਪੁ.
—ਚਤੁਰਾਈ } ਇ.

1. ਹੁਸ਼ਿਆਰੀ, ਚਾਲਾਕੀ, ਚੰਚਲਤਾ, ਸ਼ੋਖ਼ੀ
2. ਸਿਆਣਪ, ਸੂਝ, ਅਕਲ, ਸ਼ਊਰ, ਗਿਆਨ, ਫ਼ਹਮ
3. ਉਸਤਾਦੀ, ਕਮਾਲ, ਮਹਾਰਤ, ਵਿਚੱਖਣਤਾ, ਪ੍ਰਵੀਣਤਾ, ਨਿਪੁਣਤਾ, ਵਿਸ਼ਾਰਦਤਾ, ਕੌਸ਼ਲ
4. ਚੌਕਸੀ, ਸਾਵਧਾਨੀ, ਸਜੱਗਤਾ

ਵਿਪਰਿਆਇ : ਵੇਖੋ **ਮੂੜ੍ਹ**

ਚੜ੍ਹਾਉ ਪੁ.

1. ਚੜ੍ਹਤਾ, ਤਰੱਕੀ, ਉੱਨਤੀ, ਉੱਥਾਨ, ਉਠਾਨ, ਉਭਾਰ, ਅਰੂਜ
2. ਸ਼ਾਨ, ਜਲਾਲ, ਸ਼ੌਕਤ, ਤੇਜੱਸ੍ਵਤਾ, ਪ੍ਰਤਾਪ, ਵਕਾਰ, ਰੁਹਬ, ਦਬਦਬਾ, ਤਮਤਰਾਕ, ਰੁਹਬਦਾਬ, ਸੌਲਤ

ਵਿਪਰਿਆਇ : ਵੇਖੋ **ਉਤਰਾਉ**

ਚਾਨਣ ਪੁ.

1. ਚਾਨਣਾ, ਲੋ, ਜੋਤ, ਪ੍ਰਕਾਸ਼, ਰੋਸ਼ਨੀ, ਨੂਰ, ਤਾਬਿੰਦਗੀ, ਆਭਾ, ਪ੍ਰਭਾ, ਉਜਾਲਾ, ਆਲੋਕ, ਚਮਕ, ਲਿਸ਼ਕ, ਪ੍ਰਦੀਪਤੀ, ਉਲਾਸ,

ਤਾਬ, ਤਾਬਿਸ਼

2. ਗਿਆਨ, ਕਸਫ਼, ਅਨੁਭਵ, ਪ੍ਰਗਿਆ

—ਚਾਨਣੀ ਇ. ਚਾਨਣਾ

—ਚਾਨਣੀ ਵਿ. ਰੋਸ਼ਨ, ਨੂਰੀ, ਨੂਰਾਨੀ, ਪ੍ਰਕਾਸ਼ਮਾਨ, ਪ੍ਰਕਾਸ਼ਮਈ, ਉਜੱਲ

ਵਿਪਰਿਆਇ : ਵੇਖੋ ਅੰਨ੍ਹੇਰਾ

ਚੁਸਤ

1. ਛੁਹਲਾ, ਹੋਸ਼ਿਆਰ, ਤਿੱਖਾ, ਚਲਾਕ, ਫੁਰਤੀਲਾ, ਤੇਜ਼, ਤੱਰਾਰ
2. ਚੌਕਸ, ਚੁਕੰਨਾ, ਸਾਵਧਾਨ, ਤਤਪਰ, ਤਿਆਰ, ਚੇਤੰਨ, ਜਾਗਰੂਕ, ਸਜੱਗ ਬੇਦਾਰ, ਹੱਸਾਸ
3. ਬਾਂਕਾ, ਚਤੁਰ, ਸ਼ੋਖ
4. ਸਜਿਆ ਬਣਿਆ, ਸੁਸੱਜਿਤ, ਸਜੀਲਾ, ਸ਼ੁਕੀਨ

—ਚੁਸਤੀ ਇ.

1. ਚਾਲਾਕੀ, ਹੁਸ਼ਿਆਰੀ, ਤੇਜ਼ੀ, ਤਰਾਰੀ, ਸ਼ੋਖੀ, ਛੁਹਲਾਪਣ, ਫੁਰਤੀ, ਚਤੁਰਤਾ, ਚਤੁਰਾਈ
2. ਚੌਕਸੀ, ਸਾਵਧਾਨੀ, ਸਜੱਗਤਾ, ਜਾਗਰੂਕਤਾ, ਬੇਦਾਰੀ, ਚੇਤੰਨਤਾ, ਸ਼ਊਰ, ਇਹਸਾਸ

ਵਿਪਰਿਆਇ : ਵੇਖੋ ਸੁਸਤ

ਚੁੱਪ ਇ. ਖਾਮੋਸ਼ੀ, ਮੌਨ, ਨੀਰਵਤਾ, ਸ਼ਾਂਤੀ, ਸਕੂਨ, ਸੱਨਾਟਾ, ਸੁੰਨ, ਸਕੂਤ, ਨਿਰਚੇਸ਼ਟਤਾ

—ਚੁਪ ਵਿ.

1. ਖ਼ਾਮੋਸ਼, ਨੀਰਵ, ਮੌਨ, ਨਿਰਸ਼ਬਦ
2. ਬੇਧਿਆਨ, ਬੇਨਿਆਜ਼, ਪ੍ਰਤਿਕਰਮਹੀਣ, ਜੜ੍ਹ, ਨਿਰਚੇਸ਼ਟ, ਬੇਹਿੱਸ

—ਚੁਪਚਾਂਦ ਇ. ਚੁੱਪ

—ਚੁਪਗੁਪ ਵਿ. ਗੁੰਮ ਸੁੰਮ, ਨਿਰੁੱਤਰ, ਚੁੱਪ, ਬੇਆਵਾਜ਼, ਬੇਸੌਤ, ਅਵਾਕ

ਵਿਪਰਿਆਇ : ਵੇਖੋ ਉਧਮ

ਚੇਤ ਵਿ.

ਵੇਖੋ **ਸੁਚੇਤ**

ਵਿਪਰਿਆਇ : ਵੇਖੋ ਅਚੇਤ

ਚੇਤੰਨ ਵਿ.

1. ਬੁਧੀਮਾਨ, ਚੇਤਨਾਸੰਪੰਨ, ਸੁਚੇਤ, ਅਕਲਮੰਦ, ਬਾਸ਼ਊਰ, ਹੱਸਾਸ, ਅਨੁਭਵੀ, ਆਰਿਫ਼, ਵੇਤਾ, ਅਨੁਭਵਸ਼ੀਲ, ਵਿਚਾਰਵਾਨ, ਆਲਿਮ, ਦਾਨਾ
2. ਹੁਸ਼ਿਆਰ, ਸਾਵਧਾਨ, ਖ਼ਬਰਦਾਰ, ਚੌਕਸ, ਬਾਖ਼ਬਰ, ਬਾਹੋਸ਼, ਚੋਕੰਨਾ, ਜਾਗਰੂਕ, ਸਜੱਗ, ਸੰਵੇਦਨਸ਼ੀਲ

—ਚੇਤਨਾ ਇ.

1. ਬੁੱਧੀ, ਹੋਸ਼, ਵਿਚਾਰ, ਸੋਚ, ਫ਼ਿਕਰ, ਫ਼ਹਮ, ਇਹਸਾਸ, ਇਰਫ਼ਾਨ, ਇਲਮ, ਪ੍ਰੱਗਿਆ, ਅਨੁਭੂਤੀ, ਸੂਝ, ਸਮਝ, ਵੇਦ, ਅਭਿਗਿਅਤਾ
2. ਸਾਵਧਾਨੀ, ਚੌਕਸੀ, ਬੇਦਾਰੀ, ਖ਼ਬਰਦਾਰੀ, ਹੋਸ਼ਮੰਦੀ, ਬਾਖ਼ਬਰੀ, ਜ਼ੀਰਕੀ, ਸ਼ਊਰ

ਵਿਪਰਿਆਇ : ਵੇਖੋ ਜੜ੍ਹ

ਚੌੜਾ ਵਿ.

1. ਖੁਲ੍ਹਾ, ਮੋਕਲਾ, ਵਿਸ਼ਾਲ, ਵਸੀਹ, ਵਿਸਤ੍ਰਿਤ
2. ਚਪਟਾ, ਚੁਪਾਟ, ਚੁਫਾਲ

—ਚੌੜਾਈ ਇ. ਚੌੜਾਪਣ, ਅਰਜ਼, ਬਰ

—ਚੌੜਾ ਲੰਮਾ ਵਿ. ਲੰਮਾਚੌੜਾ, ਖੁਲ੍ਹਾ, ਵਿਸ਼ਾਲ, ਵਸੀਹ, ਦੀਰਘ-ਆਕਾਰ, ਵਿਰਾਟ

2. ਤਵੀਲ, ਦੀਰਘ, ਵਿਆਪਕ

ਵਿਪਰਿਆਇ : ਵੇਖੋ ਸੌੜਾ

ਛੀੜ ਇ.

1. ਛਿੜਨ, ਖਿੰਡਾਉ, ਖਲਾਰਾ
2. ਇਨਤਸ਼ਾਰ, ਵਿਸਰਜਨ, ਖਿੰਡਾਰ
3. ਘਟੌਤ, ਤਕਲੀਲ, ਵਿਘੱਟਣ

ਵਿਪਰਿਆਇ : ਵੇਖੋ ਭੀੜ

ਛੋਟਾ ਵਿ.

1. ਨਿੱਕਾ, ਅਲਪ, ਲਘੂ, ਕੋਤਾਹ, ਬੌਣਾ, ਬਾਵਨ
2. ਤੁੱਛ, ਹਕੀਰ, ਅਦਨਾ, ਮਾਮੂਲੀ, ਨੀਵਾਂ, ਨੀਚ, ਅਧਮ, ਹਲਕਾ, ਬੌਣਾ, ਕੋਰਾ, ਸੱਖਣਾ, ਕਮ-ਜ਼ਰਫ, ਥੁੜ-ਵਿਤਾ
3. ਨਾਬਾਲਿਗ, ਕੱਚਾ, ਕਚੇਰਾ, ਅਲ੍ਹੂਆਂ, ਲਵਾ, ਸਗੀਰ, ਕਮਸਿਨ, ਕਮ-ਉਮਰ, ਅਲਪਾਯੂ

—ਛੁਟਪਣ **ਪੁ.** ਬਚਪਣ, ਬਾਲਪਣ, ਬਾਲਅਵਸਥਾ

—ਛੋਟਾਪਣ **ਪੁ.** ਲਘੂਤਾ, ਤੁਛਤਾ, ਨੀਚਤਾ, ਥੋੜ੍ਹਾਪਣ, ਅਧਮਤਾ, ਕਮੀਨਗੀ, ਸਿਫਲਗੀ

ਵਿਪਰਿਆਇ : ਵੇਖੋ ਵੱਡਾ

ਜ

ਜੰਗ ਪੁ.
1. ਲੜਾਈ, ਯੁੱਧ, ਸੰਗ੍ਰਾਮ, ਰਜ਼ਮ, ਰਣ, ਪੈਕਾਰ, ਭੇੜ, ਸੰਘਰਸ਼
2. ਝਗੜਾ, ਫ਼ਸਾਦ, ਦੰਗਾ, ਮੁਠਭੇੜ

—ਜੰਗਜੂ / —ਜੰਗਬਾਜ਼ ਵਿ. ਯੋਧਾ, ਸੰਗ੍ਰਾਮੀ, ਜੰਗਬਾਜ਼, ਸੈਨਿਕ, ਫ਼ਸਾਦੀ, ਦੰਗਾਬਾਜ਼, ਝਗੜਾਲੂ, ਸੂਰਾ, ਸਿਪਾਹੀ, ਸੂਰਮਾ, ਰਣਜੋਧ, ਰਣਬੀਰ, ਸੂਰਬੀਰ, ਰਣਧੀਰ

ਵਿਪਰਿਆਇ : ਵੇਖੋ **ਅਮਨ**

ਜਦੀਦ ਵਿ.
1. ਨਵਾਂ, ਨਵੀਨ, ਨੂਤਨ, ਨਵਲ
2. ਆਧੁਨਿਕ, ਅਜੋਕਾ, ਵਰਤਮਾਨ, ਸਾਂਪ੍ਰਤਿਕ

ਵਿਪਰਿਆਇ : ਵੇਖੋ **ਕਦੀਮ**

ਜਨਮ ਪੁ.
1. ਉਤਪੱਤੀ, ਉਦਭਵ, ਉਦਗਮ, ਆਵਿਰਭਾਵ, ਪ੍ਰਾਦੁਰਭਵ, ਜ਼ਹੂਰ, ਵਲਾਦਤ, ਤੌਲੀਦ, ਮੀਲਾਦ, ਪੈਦਾਇਸ਼
2. ਮੁੱਢ, ਆਗਾਜ਼, ਇਬਤਦਾ
3. ਜੂਨ, ਜੀਵਨ, ਜ਼ਿੰਦਗੀ, ਹੱਯਾਤ
4. ਆਯੂ, ਉਮਰ, ਅਉਧ, ਆਰਜਾ

ਵਿਪਰਿਆਇ : ਵੇਖੋ **ਮਰਣ**

ਜਫ਼ਾ ਇ.
1. ਜ਼ੁਲਮ, ਸਖ਼ਤੀ, ਜ਼ਬਰਦਸਤੀ, ਕਠੋਰਤਾ, ਵਧੀਕੀ, ਨਿਸ਼ਠੁਰਤਾ
2. ਤਕਲੀਫ਼, ਰੰਜ, ਦੁਖ, ਪੀੜ, ਕਸ਼ਟ, ਦਰਦ, ਔਖ
5. ਮਿਹਨਤ, ਰਿਆਜ਼ਤ, ਅਭਿਆਸ

—ਜਫ਼ਾਕਸ਼ ਵਿ.
1. ਮਿਹਨਤੀ, ਅਭਿਆਸੀ, ਸਾਧਨਾਸ਼ੀਲ

2. ਦੁਖੀ, ਦੁਖਿਤ, ਦੁਖੀਆ, ਮਜਬੂਰ, ਮਜ਼ਲੂਮ, ਮਾਜ਼ੂਰ

—ਜਫ਼ਾਕਸ਼ੀ ਇ.

1. ਸਹਨਸ਼ੀਲਤਾ, ਬੁਰਦਬਾਰੀ, ਤਹੱਮਲ
2. ਦ੍ਰਿੜ੍ਹਤਾ, ਇਸਤਕਲਾਲ, ਸਾਬਤਕਦਮੀ

ਵਿਪਰਿਆਇ : ਵੇਖੋ **ਵਫ਼ਾ**

ਜਵਾਬ ਪੁ.

1. ਉੱਤਰ, ਹੁੰਗਾਰਾ, ਪ੍ਰਤਿਕਰਮ, ਪ੍ਰਤਿਕ੍ਰਿਆ, ਪ੍ਰਤਿਉਤਰ
2. ਇਨਕਾਰ, ਨਾਂਹ

—ਜਵਾਬੀ ਵਿ. ਮੋੜਵਾਂ, ਉਲਟ, ਪਰਤਵਾਂ

ਵਿਪਰਿਆਇ : ਵੇਖੋ **ਸਵਾਲ**

ਜੜ੍ਹ ਇ. ਤਤ੍ਵ, ਭੂਤ, ਮਾਦਾ, ਜਮਾਦਾਤ

—ਜੜ੍ਹ ਵਿ.

1. ਮੂਰਖ, ਮੁਗਧ, ਬੇਅਕਲ, ਬੇਹਿੱਸ, ਬਸਊਰ, ਬੇਖ਼ਬਰ, ਬੇਸਮਝ ਅਸੂਝ, ਬੇਵਕੂਫ਼, ਜਾਹਿਲ, ਬੇਧਿਆਨ
2. ਅਪ੍ਰਭਾਵਤ ਗ਼ੈਰ ਮੁਤਾਸਰ, ਨਿਸਚੇਸ਼ਟ

— ਜੜ੍ਹਤਾ ਇ:

1. ਭੌਤਿਕਤਾ, ਨਿਸਚੇਸਟਤਾ, ਬੇਸ਼ਊਰੀ, ਮਾਦੀਅਤ
2. ਮੂਰਖਤਾ, ਬੇਅਕਲੀ, ਬੇਸਮਝੀ, ਮੁਗਧਤਾ, ਬੇਹਿੱਸੀ, ਬੇਵਕੂਫ਼ੀ, ਹਮਾਕਤ, ਜਹਾਲਤ.

ਵਿਪਰਿਆਇ : ਵੇਖੋ **ਚੇਤੰਨ**

ਜਾਗ ਇ.

1. ਜਾਗ੍ਰਿਤੀ, ਬੇਦਾਰੀ, ਜਾਗਾ, ਜਗ੍ਰਾਤਾ, ਉਣੀਂਦਾ
2. ਪ੍ਰਬੁਧਤਾ, ਹੋਸ਼, ਹੋਸ਼ਮੰਦੀ, ਚੇਤੰਨਤਾ ਸਚੇਤਤਾ, ਚੇਤਨਾ, ਹੁਸ਼ਿਆਰੀ, ਚੌਕਸੀ, ਜਾਗਰੂਕਤਾ, ਸਜੱਗਤਾ, ਖ਼ਬਰਦਾਰੀ, ਇਹਤਿਆਤ

ਵਿਪਰਿਆਇ : ਵੇਖੋ **ਨੀਂਦਰ**

ਜਾਚਕ ਵਿ.

1. ਸਵਾਲੀ, ਭਿਖਾਰੀ, ਮੰਗਤਾ
2. ਤਾਲਿਬ, ਇੱਛਕ, ਖ਼ਵਾਸਤਗਾਰ ਅਭਿਲਾਸ਼ੀ, ਤਲਬਗਾਰ
3. ਆਰਿਜ਼, ਆਕਾਂਖੀ, ਪ੍ਰਾਰਥਕ, ਪ੍ਰਾਰਥੀ

—ਜਾਚਨਾ ਇ.

1. ਮੰਗ, ਪ੍ਰਾਰਥਨਾ, ਬਿਨੈ, ਬੇਨਤੀ, ਯਾਚਨਾ, ਅਭਿਲਾਸ਼ਾ, ਆਕਾਂਖਿਆ, ਦਰਖਾਸਤ, ਤਲਬ, ਅਰਜ਼, ਇੱਛਾ
2. ਭਿਖਿਆ, ਭੀਖ
3. ਅਰਚਾ, ਪੂਜਾ, ਆਰਾਧਨਾ

ਵਿਪਰਿਆਇ : ਵੇਖੋ ਦਾਤਾ

ਜਾਣੂ ਵਿ.

1. ਵਾਕਿਫ਼, ਵਾਕਿਫ਼ਕਾਰ, ਜਾਣਕਾਰ, ਪ੍ਰੀਚਤ, ਗਿਆਤ, ਵਿਦਤ, ਜਾਣਿਆ ਪਛਾਣਿਆ
2. ਜਾਨਣਹਾਰ, ਗਿਆਤਾ, ਵੇਤਾ, ਦਾਨਾ, ਮਾਹਰ, ਸਿਆਣਾ, ਪਰਪੱਕ ਪ੍ਰਵੀਣ, ਆਲਿਮਾ, ਵਿਚੱਖਣ, ਵਿਸ਼ਾਰਦ, ਪਾਰਗਾਮੀ, ਨਿਪੁੰਨ, ਉਸਤਾਦ, ਤਾਕ, ਆਰਿਫ਼, ਗਿਆਨੀ, ਗਿਆਨਵਾਨ, ਵਿਦਵਾਨ

ਵਿਪਰਿਆਇ : ਵੇਖੋ ਓਪਰਾ

ਜਾਨ ਇ.

1. ਜ਼ਿੰਦਗੀ, ਜੀਵਨ, ਹਯਾਤ, ਜਿੰਦ
2. ਰੂਹ, ਆਤਮਾ, ਪ੍ਰਾਣ, ਨਫ਼ਸ, ਜੀਵ, ਜੀਅੜਾ
3. ਬਲ, ਜ਼ੋਰ, ਤਾਕਤ, ਤ੍ਰਾਣ
4. ਮਾਸ਼ੂਕ, ਪਿਆਰਾ, ਮਹਬੂਬ, ਪ੍ਰਯ, ਪ੍ਰੇਮਪਾਤਰ

—ਜਾਨੀ ਵਿ.

1. ਗੰਭੀਰ, ਬੇਹੱਦ, ਜ਼ਿਆਦਾ
2. ਜਿਗਰੀ, ਪਿਆਰਾ
3. ਜਾਨਦਾਰ

ਵਿਪਰਿਆਇ : ਵੇਖੋ ਜਿਸਮ

ਜ਼ੁਲਮ ਪੁ.

1. ਜਬਰ, ਅਤਿਆਚਾਰ, ਕਹਰ, ਸਖ਼ਤੀ ਜ਼ੋਰਾਵਰੀ, ਸਿਤਮ, ਬੇਦਾਦ, ਨਾਇਨਸਾਫ਼ੀ, ਅਨਿਆਇ, ਬੇਇਨਸਾਫ਼ੀ
2. ਅਤ, ਹਤਿਆ, ਤਸ਼ਦੱਦ, ਹਿੰਸਾ, ਧਿੰਙੋਜ਼ੋਰੀ, ਮਾਰਕੁੱਟ
3. ਪੱਥਰ-ਦਿਲੀ, ਸੰਗਦਿਲੀ, ਕਠੋਰਤਾ

—ਜ਼ਾਲਿਮ ਵਿ.

1. ਜਾਬਿਰ, ਅਤਿਆਚਾਰੀ, ਕਾਹਿਰ, ਕਰੂਰ, ਸਿਤਮਗਰ, ਅਨਿਆਈ, ਨਿਸ਼ਕਰੁਣ
2. ਅਤਿਵਾਦੀ, ਹਤਿਆਰਾ, ਹਿੰਸਕ, ਮਾਰਖੋਰਾ
3. ਸੰਗਦਿਲ, ਪਾਸ਼ਾਨ-ਚਿਤ, ਪੱਥਰ-ਦਿਲ

ਵਿਪਰਿਆਇ : ਵੇਖੋ ਰਹਮ

ਜਿਸਮ ਪੁ.

1. ਸਰੀਰ, ਤਨ, ਦੇਹ, ਬਦਨ, ਜੁੱਸਾ, ਕਾਇਆ, ਵਜੂਦ, ਆਕਾਰ

—ਜਿਸਮਾਨੀ ਵਿ. ਸਰੀਰਕ, ਬਦਨੀ

ਵਿਪਰਿਆਇ : ਵੇਖੋ ਜਾਨ

ਜ਼ਿੰਦਗੀ ਇ.

1. ਜੀਵਨ, ਹੱਯਾਤੀ, ਜ਼ਿੰਦਗਾਨੀ, ਹਯਾਤ, ਜ਼ੀਸਤ
2. ਜਾਨ ਜਿੰਦ, ਹਸਤੀ, ਵਜੂਦ, ਅਸਤਿਤ੍ਵ, ਹੋਂਦ
3. ਆਯੂ, ਉਮਰ, ਅਉਧ, ਆਰਜਾ, ਆਰਬਲਾ

—ਜ਼ਿੰਦਾ ਵਿ. ਜੀਵਤ, ਜਾਨਦਾਰ, ਸਜਿੰਦ, ਜਿਉਂਦਾ, ਸਪ੍ਰਾਣ, ਜੀਵੰਤ, ਪ੍ਰਾਣੀ, ਪ੍ਰਾਣਵੰਤ

—ਜ਼ਿੰਦਾ-ਦਿਲ ਵਿ. ਖੁਸ਼-ਦਿਲ, ਖੁਸ਼-ਤਬੀਅਤ, ਪ੍ਰਸੰਨ-ਚਿਤ, ਹਸਮੁਖ, ਵਿਨੋਦੀ, ਪ੍ਰਮੋਦੀ, ਰਸਿਕ, ਸ਼ੌਕੀਨ, ਰੰਗੀਨ ਮਿਜ਼ਾਜ

ਵਿਪਰਿਆਇ : ਵੇਖੋ ਮੌਤ

ਜ਼ੁਅਫ਼ ਪੁ.

1. ਕਮਜ਼ੋਰੀ, ਨਾਤਾਕਤ, ਨਿਰਬਲਤਾ, ਅਸਮੱਰਥਾ
2. ਸ਼ਿਥਲਤਾ, ਨਕਾਹਤ
3. ਜਰਾ, ਬੁਢਾਪਾ
4. ਨੁਕਸਾਨ, ਹਾਨੀ, ਕਸਰ, ਤਕਲੀਫ਼ ਸੱਟ, ਠੋਕਰ, ਮਾਰ, ਜ਼ਰਬ

—ਜ਼ਈਫ਼ ਵਿ.

1. ਕਮਜ਼ੋਰ, ਦੁਰਬਲ, ਨਾਤਾਕਤ, ਨਿਰਬਲ, ਅਸ਼ਕਤ, ਅਸੱਮਰਥ
2. ਸ਼ਿਥਲ, ਨਾਤਵਾ
3. ਬੁੱਢਾ, ਬ੍ਰਿਧ, ਬਜ਼ੁਰਗ

4. ਜੀਰਣ, ਸ਼ੀਰਣ

ਵਿਪਰਿਆਇ : ਵੇਖੋ ਜੋਸ਼

ਜੁਜ਼ ਪੁ.

1. ਟੋਟਾ, ਭਾਗ, ਹਿੱਸਾ, ਟੁਕੜਾ, ਬਖਰਾ
2. ਸਰਗ, ਕਾਂਡ, ਪਰਵ, ਬਾਬ, ਫਸਲ, ਅਧਿਆਇ
3. ਜੀਵਾਤਮਾ, ਅੰਸ਼, ਜੀਵ

ਵਿਪਰਿਆਇ : ਵੇਖੋ ਕੁਲ

ਜੁਰੱਅਤ ਇ.

1. ਦਲੇਰੀ, ਜਸਾਰਤ, ਤਤਪਰਤਾ
2. ਨਿਡਰਤਾ, ਨਿਰਭੀਕਤਾ

ਵਿਪਰਿਆਇ : ਵੇਖੋ ਝਿੱਜਕ

ਜ਼ੋਰ ਪੁ.

1. ਤਾਕਤ, ਬਲ, ਤ੍ਰਾਣ, ਸ਼ਕਤੀ, ਕੁਵੱਤ, ਸਮਰਥਾ, ਪੌਰੁਸ਼, ਤਾਬ, ਤਵਾਨਾਈ
2. ਯੋਗਤਾ, ਕਾਬਲੀਅਤ, ਅਹਲੀਅਤ, ਹੈਸੀਅਤ, ਪੁੱਜਤਾ, ਪੁੱਜ, ਪਹੁੰਚ, ਵਿਤ, ਰਸਾਈ, ਪਰਿਮਾਨ, ਖਸਮਤਾ, ਜ਼ਰਫ, ਪਾਇਆ,
3. ਹੀਲਾ, ਉਪਾ, ਉਪਰਾਲਾ, ਢੋ, ਚਾਰਾ, ਜਤਨ, ਕੋਸ਼ਿਸ਼, ਪ੍ਰਯਤਨ, ਪ੍ਰਯਾਸ, ਹੰਭਲਾ, ਟਿਲ, ਤਾਣ, ਵਾਹ
4. ਦਲੇਰੀ, ਸੂਰਮਤਾ, ਵੀਰਤਾ, ਬਹਾਦਰੀ, ਦਿਲਾਵਰੀ, ਸ਼ੁਜਾਅਤ, ਪਰਾਕ੍ਰਮ, ਮਰਦਾਨਗੀ, ਸੂਰਮਗਤੀ
5. ਜਬਰ, ਵਧੀਕੀ, ਜ਼ਿਆਦਤੀ, ਜ਼ੁਲਮ, ਤਅੱਦੀ, ਕਹਰ, ਅਤਿਆ-ਚਾਰ, ਸਿਤਮ, ਬੇਦਾਦ, ਅਨਿਆਇ ਧਿੰਙੋਜ਼ੋਰੀ, ਬੇਇਨਸਾਫ਼ੀ, ਧੱਕੇਸ਼ਾਹੀ, ਜਬਰਦੱਸਤੀ
6. ਤੀਬ੍ਰਤਾ, ਪ੍ਰਬਲਤਾ, ਪ੍ਰਚੰਡਤਾ, ਤੁੰਦੀ, ਤੇਜ਼ੀ, ਤਲਖ਼ੀ

—ਜ਼ੋਰਾਵਰ ਵਿ.

1. ਤਕੜਾ, ਤਾਕਤਵਰ, ਜ਼ੋਰਮੰਦ, ਡਾਢਾ, ਬਲੀ, ਬਲਵਾਨ, ਜ਼ਬਰਦਸਤ, ਬਲਵੰਤ, ਸ਼ਕਤੀਸ਼ਾਲੀ, ਸਬਲ, ਸਸ਼ਕਤ, ਸਮਰੱਥ, ਸ਼ਕਤੀਮਾਨ, ਪਰਾਕ੍ਰਮੀ
2. ਬੀਰ, ਬਹਾਦਰ, ਦਿਲਾਵਰ, ਦਲੇਰ, ਯੋਧਾ, ਰਣਧੀਰ, ਰਣਬੀਰ, ਰਣਜੋਧ

—ਜ਼ੋਰਾਵਰੀ } ਇ.
—ਜ਼ੋਰਾਮੰਦੀ }

ਵਧੀਕੀ, ਜ਼ਬਰਦਸਤੀ, ਜ਼ਿਆਦਤੀ, ਧਿੰਙੋਜ਼ੋਰੀ

ਵਿਪਰਿਆਇ : ਵੇਖੋ ਜੁਅਫ਼

ਜੋੜ ਪੁ.

1. ਮੇਲ, ਸੰਗ, ਏਕਾ, ਸਾਝ, ਸੰਪਰਕ, ਭਿਆਲੀ
2. ਟਾਂਕਾ, ਗਠ, ਗੰਢ, ਸੰਢ
3. ਮੀਜ਼ਾਨ, ਜਮ੍ਹਾਜੋੜ, ਜੋਗ
4. ਬਰਾਬਰੀ, ਸਮਤਾ, ਸਮਾਨਤਾ, ਤੁਲਿਅਤਾ
5. ਸੰਬੰਧ, ਰਿਸ਼ਤਾ, ਨਾਤਾ, ਸਾਕ, ਤਅੱਲਕ, ਰਬਤ
6. ਭੇੜ, ਮੁਕਾਬਲਾ, ਅਜ਼ਮਾਇਸ਼, ਟਾਕਰਾ

ਵਿਪਰਿਆਇ : ਵੇਖੋ ਵਿਥ

ਜੂਠਾ ਵਿ.

1. ਭਿਟੜ, ਭਿੱਟਿਆ, ਭ੍ਰਸ਼ਟ, ਅਪਵਿਤ੍ਰ, ਨਾਪਾਕ, ਪਲੀਤ, ਮੈਲਾ, ਮਲੀਨ, ਗ਼ਲੀਚ, ਗੰਦਾ
2. ਅਣਮਾਂਜਿਆ, ਰਹਿੰਦ-ਖੂੰਹਦ, ਬਚਿਆ ਖੁਚਿਆ, ਮੂੰਹ ਲਾਇਆ

—ਜੂਠ ਇ. ਜੂਠੀ ਵਸਤ, ਅਪਵਿਤ੍ਰਤਾ, ਗੰਦ

—ਜੂਠ ਵਿ. ਭੈੜਾ, ਖਚ, ਅਧਮ, ਨੀਚ, ਪਤਿਤ, ਨਾਕਾਰਾ, ਰਦੀ, ਬਦਕਾਰ

ਵਿਪਰਿਆਇ : ਵੇਖੋ ਸੁੱਚਾ

ਝ

ਝੂਠ ਪੁ.

1. ਕੂੜ, ਕੁਸੱਤ, ਬਾਤਿਲ, ਦਰੋਗ, ਕਿਜ਼ਬ
2. ਤੁਹਮਤ, ਬਹੁਤਾਨ, ਇਲਜ਼ਾਮ, ਦੂਸ਼ਨ, ਦੋਸ਼
3. ਅਪ੍ਰਾਧ, ਗ਼ਲਤੀ, ਕਸੂਰ, ਪਾਖੰਡ, ਫਰੇਬ, ਅਡੰਬਰ, ਖੋਟ, ਮਲ਼, ਸਾਜ਼ਿਸ਼

—ਝੂਠਾ ਵਿ.

1. ਕੂੜਾ, ਅਸੱਤਵਾਦੀ, ਦਰੋਗਗੋ, ਕਾਜ਼ਿਬ
2. ਪਖੰਡੀ, ਫ਼ਰੇਬੀ, ਸਾਜ਼ਸ਼ੀ, ਦਗ਼ੇਬਾਜ਼, ਧੋਖੇਬਾਜ਼, ਜਾਅਲਸਾਜ਼
3. ਨਕਲੀ, ਬਣਾਵਟੀ, ਖੋਟਾ, ਮਸਨੂਈ, ਕ੍ਰਿਤ੍ਰਿਮ

ਵਿਪਰਿਆਇ : ਵੇਖੋ **ਸੱਚ**

ਝਿਜਕ ਇ.

1. ਸੰਗ, ਸ਼ਰਮ, ਸੰਕੋਚ, ਹਿਚਕਚਾਹਟ
2. ਦੁਬਿਧਾ, ਦੁਚਿੱਤੀ, ਦ੍ਵੰਦ
3. ਅਟਕ, ਰੁਕਾਵਟ, ਰੋਕ
4. ਡਰ, ਸਹਮ

ਵਿਪਰਿਆਇ : ਵੇਖੋ **ਜੁਰਅਤ**

ਠ

ਠੰਡਾ ਵਿ. ਵੇਖੋ-ਸਰਦ

ਵਿਪਰਿਆਇ : ਵੇਖੋ ਤਤਾ

ਠਰੰਮਾ ਪੁ.

ਧੀਰਜ, ਟਿਕਾਉ, ਠਹਰਾਉ, ਸਕੂਨ, ਸ਼ਾਂਤੀ, ਚੈਨ, ਕਰਾਰ, ਸੰਤੋਖ, ਸਿਦਕ, ਸਬਰ, ਹਿਲਮ, ਇਸਤਕਲਾਲ, ਸਬਾਤ, ਸਾਬਤਕਦਮੀ, ਦ੍ਰਿੜਤਾ, ਅਡੋਲਤਾ, ਮੁਸਤਕਿਲਮਿਜ਼ਾਜੀ

ਵਿਪਰਿਆਇ : ਵੇਖੋ ਗੁੱਸਾ

ਡੋਲਵਾਂ ਵਿ.

1. ਕੰਬਦਾ, ਡੋਲਦਾ, ਚੰਚਲ, ਚਪਲ, ਚਲਣਸ਼ੀਲ, ਗਤੀਮਾਨ, ਗਤੀਸ਼ੀਲ, ਮੁਤਹੱਰਕ, ਜੁੰਬਾ, ਰਵਿਦਾ, ਰਵਾਂ, ਪ੍ਰਵਾਹਮਾਨ, ਕੰਪਨਸ਼ੀਲ
2. ਅਸਥਿਰ, ਅਸਥਾਈ, ਨਾਪਾਇਦਾਰ, ਫ਼ਾਨੀ, ਆਰਜ਼ੀ, ਖਿਣਕ, ਹੰਗਾਮੀ, ਗੈਰਮੁਸਤਕਿਲ, ਚਲਣਹਾਰ, ਚਲਾਇਮਾਨ, ਚਲੰਤ, ਅਟਿਕਵਾਂ
3. ਦੋਚਿਤਾ, ਦੁਬਧਾਗ੍ਰਸਤ

ਵਿਪਰਿਆਇ : ਵੇਖੋ ਅਡੋਲ

ਢਿੱਲ ਇ.

ਢਿੱਲਾਪਨ, ਸੁਸਤੀ, ਆਲਸ, ਕਾਹਿਲੀ ਕੌਤਾਹੀ, ਅਸਾਵਧਾਨਤਾ, ਦੇਰ, ਅਣਗਹਿਲੀ, ਘੌਲ, ਅਵੇਸਲਾਪਨ, ਘੇਸ, ਢਿੱਲ-ਮੱਠ

—ਢਿੱਲਾ
—ਢਿਲੜ } ਵਿ.

1. ਸੁਸਤ, ਆਲਸੀ, ਅਵੇਸਲਾ, ਕਾਹਿਲ, ਕੋਤਾਹ, ਕਮਚੋਰ, ਘੌਲੀ, ਅਸਾਵਧਾਨ
2. ਨਰਮ, ਖੁਲ੍ਹਾ
3. ਬੀਮਾਰ, ਕਮਜ਼ੋਰ, ਅਸੁੱਖ, ਢਿੱਲਾ-ਮੱਠਾ

ਵਿਪਰਿਆਇ : ਵੇਖੋ ਕਾਹਲੀ

ਤਸ਼ਵੀਸ਼ **ਇ.**

1. ਚਿੰਤਾ, ਘਬਰਾਹਟ, ਵਿਆਕੁਲਤਾ, ਅਤੁਰਤਾ, ਤੌਖਲਾ, ਅਧੀਰਤਾ, ਬੇਕਰਾਰੀ, ਪਰੇਸ਼ਾਨੀ, ਫ਼ਿਕਰ, ਫ਼ਿਕਰਮੰਦੀ, ਧੁਖਧੁਖੀ

—ਤਸ਼ਵੀਸ਼ਨਾਕ ਵਿ.

ਚਿੰਤਾਜਨਕ, ਵਿਕਰਾਲ, ਭਿਆਨਕ, ਦੁਖਦਾਈ, ਦੁਖਾਤਮਕ, ਦਰਦਨਾਕ, ਦਿਲਗੁਦਾਜ਼

ਵਿਪਰਿਆਇ : ਵੇਖੋ ਇਤਮੀਨਾਨ

ਤਕੜਾ **ਵਿ.**

1. ਤਾਕਤਵਰ, ਬਲਵਾਨ, ਬਲਵੰਤ, ਸ਼ਕਤੀਸ਼ਾਲੀ, ਡਾਢਾ, ਜ਼ੋਰਾਵਰ, ਜ਼ੋਰਮੰਦ, ਸ਼ਸ਼ਕਤ, ਸਮੱਰਥ, ਦ੍ਰਿੜ, ਮਜ਼ਬੂਤ, ਮੁਹਕਮ
2. ਵੱਡਾ, ਸਿਰਕੱਢ, ਪ੍ਰਮੁਖ, ਸਰਕਰਦਾ
3. ਮੋਟਾ, ਤਾਜ਼ਾ, ਰਿਸ਼ਟਪੁਸ਼ਟ
4. ਸੁਸਥ, ਅਰੋਗ, ਰਾਜ਼ੀਖੁਸ਼, ਚੰਗਾ ਭਲਾ,
5. ਬੀਰ, ਬਹਾਦਰ, ਦਿਲਾਵਰ, ਦਲੇਰ, ਯੋਧਾ, ਰਣਧੀਰ, ਰਣਬੀਰ, ਰਣਜੋਧ

—ਤਕੜਾਈ ਇ.

1. ਤਾਕਤ, ਤਾਕੀਦ
2. ਸਖ਼ਤੀ, ਧਮਕੀ

ਵਿਪਰਿਆਇ: ਵੇਖੋ ਮਾੜਾ

ਤੱਤਾ **ਵਿ.** ਵੇਖੋ — ਗਰਮ

ਵਿਪਰਿਆਇ : ਵੇਖੋ ਠੰਡਾ

ਤਰਤੀਬ **ਇ.**

1. ਕ੍ਰਮ, ਸਿਲਸਿਲਾ,

2. ਅਨੁਬੰਧ, ਸੰਗਠਣ
3. ਵਿਵਸਥਾ, ਗੁੰਫਨ

ਵਿਪਰਿਆਇ : ਵੇਖੋ ਬੇਤਰਤੀਬੀ

ਤਰਦੀਦ ਇ.
ਵਿਰੋਧ, ਮੁਖ਼ਾਲਫ਼ਤ, ਨਫ਼ੀ, ਨਿਸ਼ੇਧ, ਖੰਡਨ, ਨਿਖੇਧ

ਵਿਪਰਿਆਇ : ਵੇਖੋ ਤਾਈਦ

ਤਾਈਦ ਇ.
1. ਪੁਸ਼ਟੀ, ਪਕਿਆਈ, ਪ੍ਰੌੜਤਾ, ਸਮਰਥਨ
2. ਹਮਾਇਤ, ਸਹਾਇਤਾ, ਇਮਦਾਦ, ਮਦਦ

ਵਿਪਰਿਆਇ ; ਵੇਖੋ ਤਰਦੀਦ

ਤਾਕਤ ਇ.
1. ਸ਼ਕਤੀ, ਜ਼ੋਰ, ਬਲ, ਖ਼ਸਮਤਾ, ਤਕੜਾਈ, ਸਮਰਥਾ, ਤਵਾਨਾਈ, ਤ੍ਰਾਣ, ਜ਼ੋਰਮੰਦੀ
2. ਵਿਤ, ਵਸ, ਜ਼ਰਫ਼, ਪਾਇਆਂ, ਔਕਾਤ
3. ਹਿੰਮਤ, ਸਾਹਸ, ਜਿਗਰਾ, ਪ੍ਰਾਕ੍ਰਮ, ਮਰਦਾਨਗੀ, ਮਰਦਊਪੁਣਾ, ਦਲੇਰੀ, ਜੁਰਅੱਤ, ਵੀਰਤਾ, ਬਹਾਦਰੀ, ਸੁਜਾਅਤ
4. ਮਜਾਲ, ਹੀਆ, ਪਹੁੰਚ, ਰਸਾਈ

—ਤਾਕਤਵਰ ਵਿ. ਬਲਵਾਨ, ਤਾਕਤਵਰ, ਜ਼ੋਰਮੰਦ, ਸ਼ਕਤੀਸ਼ਾਲੀ; ਬਲਸਾਲੀ, ਬਲਵੰਤ, ਤਵਾਨਾ, ਸਮਰਥ
2. ਹਿੰਮਤੀ, ਸਾਹਸੀ, ਪ੍ਰਾਕ੍ਰਮੀ, ਦਲੇਰ, ਬਹਾਦਰ, ਵੀਰ

ਵਿਪਰਿਆਇ : ਵੇਖੋ ਨਜ਼ਾਕਤ

ਤਿਆਗ ਪੁ. 1. ਤਰਕ, ਛੋਟ, ਤਜਣ
2. ਵੈਰਾਗ, ਵਿਰਕਤੀ, ਉਦਾਸੀਨਤਾ, ਉਪਰਾਮਤਾ, ਉਦਾਸੀ

ਵਿਪਰਿਆਇ : ਵੇਖੋ ਗ੍ਰਹਣ

ਤ੍ਰਿਖਾ ਇ.
1. ਤ੍ਰੇਹ, ਪਿਆਸ, ਤਸ਼ਨਗੀ
2. ਇੱਛਾ, ਤਲਬ, ਚਾਹਨਾ, ਖ਼ਾਹਿਸ਼, ਆਰਜ਼ੂ, ਕਾਮਨਾ, ਲਾਲਸਾ,

3. ਲਾਲਚ, ਲੋਭ
4. ਲੋੜ, ਹਾਜਤ, ਜ਼ਰੂਰਤ, ਆਵੱਸ਼ਕਤਾ

—ਤ੍ਰਿਖਾਵੰਤ ਵਿ.

ਪਿਆਸਾ, ਹਾਜਤਮੰਦ, ਤਿਹਾਇਆ, ਤਲਬਗਾਰ, ਮੁਸ਼ਤਾਕ, ਆਕਾਂਖੀ, ਇੱਛਕ

ਵਿਪਰਿਆਇ : ਵੇਖੋ ਤ੍ਰਿਪਤੀ

ਤ੍ਰਿਪਤੀ **ਇ:**

1. ਤੁਸ਼ਟੀ ਤਸੱਲੀ, ਇਤਮੀਨਾਨ, ਤਸਕੀਨ, ਸੰਤੁਸ਼ਟੀ
2. ਧੀਰਜ, ਦਿਲਾਸਾ, ਦਿਲਜੋਈ
3. ਸ਼ਾਂਤੀ, ਸੰਤੋਖ, ਰੱਜ

—ਤ੍ਰਿਪਤ ਵਿ.

ਸੰਤੁਸ਼ਟ, ਪਰਿਤੁਸ਼ਟ, ਪ੍ਰਸੰਨ, ਰਜਿਆ, ਆਸੂਦਾ, ਸ਼ਾਂਤ

ਵਿਪਰਿਆਇ : ਵੇਖੋ ਤ੍ਰਿਖਾ

ਤੁੱਛ **ਵਿ.**

1. ਹੇਚ, ਨਾਚੀਜ਼, ਅਦਨਾ, ਹਲਕਾ, ਥੋਥਾ, ਸਖਣਾ, ਹੌਲਾ
2. ਅਧਮ, ਨੀਚ, ਕਮੀਨਾ, ਸਿਫ਼ਲਾ, ਰਜ਼ੀਲ, ਖਬੀਸ, ਜ਼ਲੀਲ
3. ਮਾਮੂਲੀ, ਸਾਧਾਰਣ, ਸਾਦਾ, ਗੈਰਜ਼ਰੂਰੀ
4. ਵਿਅਰਥ, ਨਿਰਾਰਥਕ, ਲਗ਼ਵ, ਮੁਹਮਲ, ਫ਼ਜ਼ੂਲ, ਵਾਹਯਾਤ, ਬੇਮਹਨੀ, ਸਾਰਹੀਨ, ਨਿਰਸ, ਪਸਤ, ਭੈੜਾ, ਬੁਰਾ, ਮੰਦ, ਬਦ, ਨਿਕ੍ਰਿਸ਼ਟ

ਵਿਪਰਿਆਇ : ਵੇਖੋ ਮਹਾਨ

ਥਿੰਦਾ **ਵਿ.**

ਚਿਕਨਾ, ਚੁਪੜਾ ਸਨਿਗਧ, ਘਿਆਲੀ

ਵਿਪਰਿਆਇ : ਵੇਖੋ **ਰੁਖਾ**

ਥੋੜ੍ਹਾ **ਵਿ.**

1. ਘਟ, ਨਾਕਾਫ਼ੀ, ਕੱਸਾ, ਕਮ, ਅਲਪ, ਊਣਾ
2. ਸੰਖਿਪਤ, ਮੁਖ਼ਤਸਰ
3. ਭੋਰਾ (ਕੁ), ਬਿੰਦ (ਕੁ), ਰਤਾ (ਕੁ), ਮਾੜਾ (ਜੇਹਾ), ਜ਼ਰਾ (ਜਿਨਾ), ਕੁਝ (ਕੁ)

—ਥੁੜ ਇ.

1. ਥੋੜ, ਕਮੀ, ਘਾਟ, ਤੋਟ, ਟੋਟ
2. ਊਣਤਾਈ, ਊਣ, ਤ੍ਰੁਟੀ
3. ਮੁਥਾਜੀ, ਗਰਜ਼, ਹਾਜਤਮੰਦੀ

ਵਿਪਰਿਆਇ : ਵੇਖੋ **ਬਹੁਤਾ**

ਦਯਾ ਇ.

1. ਕ੍ਰਿਪਾ, ਮੇਹਰ, ਬਖਸ਼ਿਸ਼, ਮੇਹਰਬਾਨੀ, ਅਨੁਕੰਪਾ, ਅਨੁਗ੍ਰਹ
2. ਰਹਮ, ਤਰਸ, ਮਰਹਮਤ
3. ਸ਼ਫ਼ਕਤ, ਨਵਾਜ਼ਿਸ਼, ਕਰੁਣਾ, ਇਨਾਇਤ

— ਦਯਾਲੂ
— ਦਯਾਵਾਨ } ਵਿ.

1. ਕ੍ਰਿਪਾਲੂ, ਮਿਹਰਬਾਨ, ਕ੍ਰਿਪਾਲ, ਰਹਮਦਿਲ, ਰਹੀਮ, ਦਯਾਲ, ਕਰੀਮ, ਰਹਮਾਨ, ਦਯਾਸ਼ੀਲ
2. ਸ਼ਫ਼ੀਕ, ਅਨੁਗ੍ਰਹੀ, ਕਰੁਣਾਨਿਧਾਨ, ਕ੍ਰਿਪਾ-ਨਿਧ

ਵਿਪਰਿਆਇ : ਵੇਖੋ ਕਪ

ਦਾਨਵ ਪੁ.

1. ਰਾਖਸ਼, ਅਸੁਰ, ਅਫ਼ਰੀਤ, ਮਲੇਛ, ਦੇਉ, ਦੈਤ, ਸ਼ੈਤਾਨ
2. ਜ਼ਾਲਿਮ, ਵਹਸ਼ੀ, ਕਠੋਰ, ਨਿਰਦਈ, ਨਿਸ਼ਠੁਰ, ਨਿਸ਼ਕਰੁਣ
3. ਪਾਪੀ, ਕੁਕਰਮੀ, ਅਧਰਮੀ, ਬਦਕਾਰ, ਗੁਨਾਹਗਾਰ

ਵਿਪਰਿਆਇ : ਵੇਖੋ ਦੇਵ

ਦਾਤਾ ਵਿ.

1. ਦਾਨੀ, ਸਖੀ, ਕਰੀਮ, ਦੇਣਹਾਰ, ਦਾਤਾਰ, ਬਖ਼ਸ਼ਣਹਾਰ, ਬਖਸ਼ਿੰਦ, ਰਾਜ਼ਿਕ
2. ਉਦਾਰ, ਗ਼ਨੀ, ਖੁਲ੍ਹ-ਦਿਲਾ

ਵਿਪਰਿਆਇ : ਵੇਖੋ ਜਾਚਕ

ਦਾਨਾ ਵਿ.

1. ਗਿਆਤਾ, ਗਿਆਨਵਾਨ, ਜਾਨਣਹਾਰ, ਪ੍ਰਗਿਆਵਾਨ, ਗਿਆਨੀ, ਆਰਿਫ਼, ਆਲਿਮ

2. ਸਿਆਣਾ, ਸਮਝਦਾਰ, ਚਤੁਰ, ਸੂਝਵਾਨ, ਅਕਲਮੰਦ, ਆਕਿਲ, ਬੁੱਧੀਵਾਨ, ਦਾਨਿਸ਼ਵਰ
3. ਬਜ਼ੁਰਗ, ਵਡੇਰਾ, ਬਾਲਿਗ, ਪ੍ਰੌਢ, ਪੁਖ਼ਤਾ-ਉਮਰ, ਪਕੇਰਾ

—ਦਾਨਾਈ ਇ.

ਸਮਝ, ਇਲਮ, ਗਿਆਨ, ਅਕਲ, ਬੁਧੀ, ਅਕਲਮੰਦੀ, ਫ਼ਹਮ, ਵਿਚਖਣਤਾ, ਸਿਆਣਪ, ਚਤੁਰਤਾ, ਸੁਜਾਨਤਾ, ਸੂਝ, ਦਾਨਿਸ਼, ਚਤੁਰਾਈ, ਸ਼ਊਰ

—ਦਾਨਿਸ਼ ਇ. ਦਾਨਾਈ

ਵਿਪਰਿਆਇ : ਵੇਖੋ ਨਾਦਾਨ

ਦੀਵਾਨਾ ਵਿ.

1. ਪਾਗਲ, ਸ਼ੁਦਾਈ, ਜਨੂਨੀ, ਉਨਮਾਦੀ, ਮਜਨੂੰ, ਝੱਲਾ
2. ਮੂੜ੍ਹ, ਮੁਗਧ, ਮੂਰਖ ਬੇਸਮਝ, ਕਮਅਕਲ
3. ਮਸਤ, ਮਲੰਗ, ਅਲਗਰਜ਼, ਬੇਪਰਵਾਹ
4. ਸਿਰੜੀ, ਸਿਦਕੀ, ਸਾਧਕ

—ਦੀਵਾਨਗੀ ਇ.
—ਦੀਵਾਨਾਪਨ ਪੁ.

1. ਉਨਮਾਦ, ਪਾਗਲਪਣ, ਜਨੂਨ, ਝੱਲ
2. ਸਿਰੜ, ਸਿਦਕ

ਵਿਪਰਿਆਇ : ਵੇਖੋ ਫ਼ਰਜ਼ਾਨਾ

ਦੁਸ਼ਮਨ ਪੁ.

1. ਵੈਰੀ, ਸ਼ਤ੍ਰੂ, ਵਿਰੋਧੀ, ਅਰਿ
2. ਮੁਖ਼ਾਲਿਫ਼, ਪ੍ਰਤਿਦ੍ਵੰਦੀ ਪ੍ਰਤਿਪਖੀ, ਵਿਪਖੀ

—ਦੁਸ਼ਮਨੀ ਵੈਰ, ਵਿਰੋਧ, ਅਦਾਵਤ, ਸ਼ਤ੍ਰੁਤਾ, ਵਿਪਖ

ਵਿਪਰਿਆਇ : ਵੇਖੋ ਦੋਸਤ

ਦੁਸ਼ਵਾਰ ਵਿ.

1. ਕਠਿਨ, ਮੁਸ਼ਕਿਲ, ਔਖਾ, ਦੁਰਗਮ, ਬਿਖਮ, ਦੁਹੇਲਾ, ਬਿਖੜਾ, ਦੱਭਰ, ਭਾਰੂ, ਅਸਾਧ

—ਦੁਸ਼ਵਾਰੀ ਇ. ਔਖ, ਕਠਿਨਤਾ, ਬਿਖਮਤਾ

ਵਿਪਰਿਆਇ : ਵੇਖੋ ਸਹਲ

ਦੁੱਖ ਪੁ.

1. ਪੀੜ, ਦਰਦ, ਤਕਲੀਫ਼, ਵੇਦਨਾ, ਵਿਥਿਆ
2. ਬਿਪਤਾ, ਮੁਸੀਬਤ, ਆਫ਼ਤ, ਆਪਤ, ਗ਼ਮ
3. ਔਖ, ਰੋਗ, ਸ਼ੋਕ, ਸੋਗ, ਬੀਮਾਰੀ, ਮਰਜ਼

—ਦੁਖਦਾਇਕ
—ਦੁਖਦਾਈ } ਵਿ.

ਤਕਲੀਫਦਿਹ, ਦਰਦਨਾਕ, ਪੁਰਦਰਦ, ਔਖਾ, ਬਿਖਮ

—ਦੁਖਿਆਰ
—ਦੁੱਖੀ
—ਦੁਖੀਆ } ਵਿ.

ਦਰਦਮੰਦ, ਪੀੜਤ, ਵਿਅਥਿਤ, ਰੰਜੀਦਾ, ਗ਼ਮਜ਼ਦਾ, ਗ਼ਮਗੀਨ

ਵਿਪਰਿਆਇ : ਵੇਖੋ ਸੁਖ

ਦੁਬਲਾ ਵਿ.

1. ਲਿੱਸਾ, ਕਮਜ਼ੋਰ, ਮਾੜਾ, ਦੁਰਬਲ, ਪਤਲਾ, ਨਹੀਫ਼, ਨਜ਼ਾਰ, ਨਿਤਾਣਾ
2. ਕੋਮਲ, ਦ੍ਰਿਸ਼, ਨਾਤਵਾਂ, ਦੁਰਬਲ

ਵਿਪਰਿਆਇ : ਵੇਖੋ ਮਟਾ

ਦੁਰਭਾਗ ਪੁ.

1. ਬਦਨਸੀਬੀ, ਬਦਕਿਸਮਤੀ, ਮੰਦਭਾਗ

—ਦੁਰਭਾਗਾ ਵਿ.

ਬਦਕਿਸਮਤ, ਅਭਾਗਾ, ਮੰਦਭਾਗੀ

ਵਿਪਰਿਆਇ : ਵੇਖੋ ਸੁਭਾਗ

ਦੁਰਾਸੀਸ ਇ.

1. ਦੁਰਅਸੀਸ, ਬਦਅਸੀਸ, ਬਦਦੁਆ, ਸਰਾਪ
2. ਲਾਅਨਤ, ਮਲਾਮਤ, ਕਥੋਲ, ਕੁਬਚਨ, ਕੁਵਾਕ, ਕੁਵਾਉ, ਅਪਵਾਦ, ਅਪਵਚਨ, ਦੁਰਵਾਕ
3. ਨਿੰਦਾ, ਨਿਖੇਧ, ਖੰਡਨ, ਮੁਜ਼ੱਮਤ, ਬੁਰਿਆਈ, ਬਦਗੋਈ

ਵਿਪਰਿਆਇ : ਵੇਖੋ ਅਸੀਸ

ਦੁਰਾਚਾਰ ਪੁ.

1. ਕੁਕਰਮ, ਕੁਚਾਲ, ਵੈਲ, ਬਦਚਲਣੀ, ਬਦਖ਼ੁਲਕੀ, ਮੰਦ ਵਿਹਾਰ,

ਭ੍ਰਿਸ਼ਟਾਚਾਰ, ਬਦਕਾਰੀ, ਬਦਅਖ਼ਲਾਕੀ, ਬਦਖ਼ਸਲਤੀ, ਬਦ ਕ੍ਰਿਦਾਰੀ, ਬਦਮਾਸ਼ੀ

2. ਭੈੜ, ਮੰਦਪੁਣਾ, ਮੰਦ, ਬਦੀ, ਕਮੀਨਗੀ, ਨੀਚਤਾ, ਰਜ਼ਾਲਤ, ਖ਼ਬਾਸਤ

3. ਪਤਨ, ਗਿਰਾਵਟ, ਅਧਮਤਾ

—ਦੁਰਾਚਾਰੀ ਵਿ. 1. ਕੁਕਰਮੀ, ਕੁਚਾਲ, ਬਦਚਲਣ, ਬਦਅਖ਼ਲਾਕ, ਮੰਦ-ਵਿਹਾਰੀ, ਭ੍ਰਿਸ਼ਟਾਚਾਰੀ, ਭ੍ਰਿਸ਼ਟ, ਬਦਕਾਰ, ਬਦਮਾਸ਼

2. ਭੈੜਾ, ਮੰਦਾ, ਅਧਮ, ਬਦ, ਨੀਚ, ਕਮੀਨਾ, ਖ਼ਬੀਸ਼, ਰਜ਼ੀਲ, ਸਿਫ਼ਲਾ, ਸ਼ਰੀਰ

3. ਪਤਿਤ, ਭ੍ਰਿਸ਼ਟ, ਕੁਰਾਹੀਆ, ਕੁਮਾਰਗੀ, ਵੈਲੀ, ਅਧਮ

ਵਿਪਰਿਆਇ: ਵੇਖੋ **ਸਦਾਚਾਰ**

ਦੁਰੁਪਯੋਗ **ਪੁ.**

ਕੁਵਰਤੋਂ, ਦੁਸਕਰਮ, ਕੁਕਰਮ, ਕੁਚਾਲ

ਵਿਪਰਿਆਇ : ਵਖੋ **ਉਪਯੋਗ**

ਦੁਰੇਡਾ **ਵਿ.**

1. ਦੂਰਵਰਤੀ, ਦੂਰਸਥਿਤ
2. ਪਰਲਾ, ਪਾਰਲਾ, ਪਰਵਰਤੀ
3. ਗ਼ੈਰ, ਅਜਨਬੀ, ਅਣਜਾਣ, ਬੇਪਛਾਣ, ਅਪਰਿਚਤ
4. ਪ੍ਰੋਖ, ਅਪ੍ਰਤੱਖ, ਪਰੇਡਾ, ਗ਼ੈਰ ਹਾਜ਼ਰ, ਅਪ੍ਰਸਤਤ
5. ਅਸੰਬੰਧਤ, ਅਪਰਾਸੰਗਿਤ, ਮਹਾਲ, ਗ਼ੈਰ ਮੁਮਕਿਨ, ਅਸੰਭਵ, ਕਠਿਨ, ਔਖਾ, ਅਸਾਧ, ਅਲਭ, ਅਪ੍ਰਾਪਤ

ਵਿਪਰਿਆਇ ; ਵੇਖੋ **ਨਜ਼ਦੀਕ**

ਦੂਸ਼ਣ **ਪੁ.**

1. ਦੋਸ, ਐਬ, ਅਵਗੁਣ, ਆਰੋਪ, ਇਲਜ਼ਾਮ, ਤੁਹਮਤ, ਨੁਕਸ, ਕਮੀ, ਤ੍ਰੁਟੀ, ਉਕਾਈ, ਊਣ, ਊਣਤਾਈ,
2. ਕਲੰਕ, ਊਜ, ਦਾਗ਼, ਲਾਛਨ, ਕਾਲਖ, ਕਾਲਿਮਾ, ਬਦਨਾਮੀ

—ਦੂਸ਼ਿਤ **ਵਿ.**

1. ਦੋਸ਼ੀ, ਐਬਦਾਰ, ਸਦੋਸ਼, ਨੁਕਸਦਾਰ
2. ਕਲੰਕਿਤ, ਦਾਗ਼ੀ, ਦਾਗ਼ਦਾਰ, ਬਦਨਾਮ, ਰੁਸਵਾ, ਕੁਖਿਆਤ,

ਨਸ਼ਰ

3. ਭੈੜਾ, ਮੰਦਾ, ਬਦ, ਹੀਨ, ਤੁਛ, ਕਮੀਨਾ

ਵਿਪਰਿਆਇ : ਵੇਖੋ ਭੂਸ਼ਣ

ਦੇਹਾਤੀ **ਵਿ.**

1. ਗ੍ਰਾਮੀਣ, ਪੇਂਡੂ
2. ਗ੍ਰਾਮਵਾਸੀ, ਗਾਮ ਨਿਵਾਸੀ

ਵਿਪਰਿਆਇ : ਵੇਖੋ ਸ਼ਹਰੀ

ਦੇਵ **ਪੁ.** ਦੇਵਤਾ, ਫ਼ਰਿਸ਼ਤਾ, ਸੁਰ,

—ਦੇਵਤਾ ਵਿ. ਸ਼ਰੀਫ਼, ਉੱਚਾ, ਭਲਾ, ਅਸੀਲ, ਨੇਕ, ਸਾਊ ਸਦਾਚਾਰੀ, ਸ਼ਿਸ਼ਟ, ਸੁਭਦ੍ਰ, ਸੁਧਰਮੀ, ਦਾਤਾ, ਸਖੀ, ਕਰੀਮ, ਦਾਨੀ, ਸਾਧੂ, ਭਲਮਾਨਸ, ਕੁਲੀਨ, ਪਵਿਤ੍ਰ,ਪੁਨੀਤ, ਪਾਕ, ਪਰਹੇਜ਼ਗਾਰ

ਵਿਪਰਿਆਇ : ਵੇਖੋ ਦਾਨਵ

ਦੋਸਤੀ **ਇ.**

1. ਦੋਸਤਦਾਰੀ, ਯਾਰੀ, ਮੁਹੱਬਤ, ਮਿਤਰਤਾ, ਮੈਤ੍ਰੀ, ਯਰਾਨਾ, ਰਫ਼ਾਕਤ, ਹਮਦਿਲੀ, ਸੰਗ ਸਾਥ, ਹੁੱਬ, ਸਜਣਤਾ, ਪ੍ਰੇਮ, ਪਿਆਰ, ਬੰਧੁਤਾ, ਭਾਤ੍ਰੀਭਾਵ
2. ਸੁਹਿਰਦਤਾ, ਖ਼ਲੂਸ, ਸਫ਼ਾਦਿਲੀ, ਸਿਦਕ ਦਿਲੀ, ਸਿਦਕ
3. ਇਕਸੁਰਤਾ, ਯਗਾਨਗਤ, ਸਮੰਜਸਤਾ, ਮੇਲ, ਸੰਬੰਧ, ਰਬਤ, ਸੰਜੋਗ ਮੇਲ ਜੋਲ, ਸਹਚਾਰ

—ਦੋਸਤ ਵਿ. ਮਿਤ੍ਰ, ਯਾਰ, ਬੇਲੀ, ਸਾਥੀ, ਸੰਗੀ, ਸਜਣ, ਪ੍ਰੇਮੀ, ਪਿਆਰਾ, ਹਬੀਬ ਰਫ਼ੀਕ, ਹਮਨਫ਼ਸ, ਦੋਸਤਦਾਰ, ਹਮਦਮ

ਵਿਪਰਿਆਇ : ਵੇਖੋ ਦੁਸ਼ਮਨੀ

ਧਨਵਾਨ ਵਿ.

1. ਧਨੀ, ਧਨਾਢ, ਅਮੀਰ, ਧਨਵੰਤ, ਮਾਲਦਾਰ, ਗ਼ਨੀ, ਸਮ੍ਰਿਧ
2. ਖ਼ੁਸ਼ਹਾਲ, ਫ਼ਾਰਗ਼ੁਲਬਾਲ, ਰਜਿਆ ਪੁਜਿਆ, ਸਪੰਨ

ਵਿਪਰਿਆਇ : ਵੇਖੋ **ਨਿਰਧਨ**

ਧਰਤ/ਧਰਤੀ ਇ.

ਧਰਾ, ਜ਼ਮੀਨ, ਭੋਂਇ, ਭੂਮੀ, ਪ੍ਰਿਥਵੀ, ਮੇਦਨੀ, ਧਰ

ਵਿਪਰਿਆਇ : ਵੇਖੋ **ਆਕਾਸ਼**

ਧਿਆਨ ਪੁ.

1. ਧੁਨ, ਖ਼ਿਆਲ, ਵਿਚਾਰ, ਤਵੱਜੁਹ, ਅਨੁਰਾਗ, ਅਨੁਰਕਤੀ
2. ਸਿਮਰਣ, ਚਿੰਤਨ, ਲਿਵ, ਇਸਤਗ਼ਰਾਕ, ਮਨਨ, ਲਟਕ, ਸ਼ੌਕ, ਲਗਨ
3. ਯਾਦ, ਚੇਤਾ, ਸਿਮ੍ਰਿਤੀ

ਵਿਪਰਿਆਇ : ਵੇਖੋ **ਭਟਕਣ**

ਨਸਰ **ਇ.**

1. ਵਾਰਤਕ, ਗੱਦ
2. ਖਿਲਾਰ

ਵਿਪਰਿਆਇ : ਵੇਖੋ ਨਜ਼ਮ

ਨਕਦ **ਪੁ.**

1. ਰੋਕੜ, ਰਕਮ, ਨਕਦੀ
2. ਪਰਖ, ਆਲੋਚਨਾ, ਅਨੁਸ਼ੀਲਣ, ਜਾਚ, ਪੜਤਾਲ, ਤੋਲ, ਮੁਲਾਂਕਣ, ਜਾਇਜ਼ਾ, ਅਧਿਐਨ, ਤਬਸਰਾ, ਸਮੀਖਿਆ

—ਨਕਦੋ ਨਕਦੀ ਕ੍ਰਿ. ਵਿ. ਹੱਥੋ ਹੱਥੀ

ਵਿਪਰਿਆਇ : ਵੇਖੋ ਉਧਾਰ

ਨਕਲ **ਇ.**

1. ਉਤਾਰਾ, ਪ੍ਰਤਿ, ਪ੍ਰਤਿਲਿਪੀ, ਪ੍ਰਤਿਕ੍ਰਿਤੀ
2. ਸਾਂਗ, ਰੀਸ, ਅਨੁਕਰਣ, ਅਨੁਕ੍ਰਿਤੀ
3. ਪੈਰਵੀ, ਤਕਲੀਦ, ਅਨੁਗਮਣ, ਅਨੁਸਰਣ

—ਨਕਲੀ ਵਿ. ਝੂਠਾ, ਮਸਨੂਈ, ਜਾਅਲੀ, ਕ੍ਰਿਤ੍ਰਿਮ, ਅਵਾਸਤਵਿਕ, ਕੂੜਾ, ਅਸਤ, ਗ਼ੈਰ-ਹਕੀਕੀ, ਗ਼ੈਰ ਅਸਲੀ, ਅਸ਼ੁੱਧ, ਖੋਟਾ, ਮਿਲਾਵਟੀ, ਬਣਾਵਟੀ, ਮਿਸਰਤ

—ਨਕਲੀਆ ਵਿ.

1. ਸ੍ਵਾਂਗੀ, ਸਾਂਗਧਾਰੀ, ਅਨੁਕਰਤਾ
2. ਨਕਾਲ

ਵਿਪਰਿਆਇ : ਵੇਖੋ ਅਸਲ

ਨਜ਼ਦੀਕੀ ਵਿ. ਨਿਕਟਵਰਤੀ, ਕਰੀਬੀ, ਸਮੀਪਵਰਤੀ, ਰਿਸ਼ਤੇਦਾਰ, ਸਬੰਧੀ, ਸਾਕ, ਬੰਧੂ, ਭਾਈਬੰਦ

—ਨਜ਼ਦੀਕ ਕ੍ਰਿ. ਵਿ. ਨਿਕਟ, ਸਮੀਪ, ਕਰੀਬ, ਨੇੜੇ, ਲਾਗੇ, ਕੋਲ, ਪਾਸ, ਨਾਲ, ਸੰਗ, ਸਾਥ

ਵਿਪਰਿਆਇ : ਵੇਖੋ ਦੁਰੇਡਾ

ਨਜ਼ਮ ਇ.

1. ਕਾਵਿ, ਕਵਿਤਾ, ਸ਼ਾਇਰੀ, ਕਵੀਸ਼ਰੀ, ਛੰਦਾ ਬੰਦੀ
2. ਪ੍ਰਬੰਧ, ਸੰਗਠਣ, ਵਿਧਾਨ, ਬੰਦੋਬਸਤ, ਵਿਵਸਥਾ, ਤਰਤੀਬ, ਸੰਗੁਫਨ

ਵਿਪਰਿਆਇ : ਵੇਖੋ ਨਸਰ

ਨਜ਼ਾਕਤ ਇ.

1. ਕੋਮਲਤਾ, ਕੂਲਾਪਣ, ਮ੍ਰਿਦੁਲਤਾ, ਮੰਜੁਲਤਾ, ਸੁਕੁਮਾਰਤਾ, ਲਾਲਿਤ, ਮੁਲਾਇਮਤ
2. ਨਖਰਾ, ਨਾਜ਼, ਕਲੋਲ
3. ਆਨ, ਗ਼ਮਜ਼ਾ, ਇਸ਼ਵਾ, ਕਟਾਖ, ਭੰਗਿਮਾ

—ਨਾਜ਼ਕ ਵਿ.

1. ਕੋਮਲ, ਕੂਲਾ, ਨਰਮ, ਲਵਾ, ਮ੍ਰਿਦੁਲ, ਮੰਜੁਲ, ਮੁਲਾਇਮ, ਮਧੁਰ, ਮਲੂਕ
2. ਸੰਕਟਮਈ, ਲਿਖਮ, ਪੇਚੀਦਾ, ਜਟਿਲ, ਗੁੰਝਲਦਾਰ, ਪੇਚਦਾਰ, ਦੁਤਰ, ਔਖਾ, ਮੁਸ਼ਕਿਲ, ਦੁਰਗਮ, ਦੁਸ਼ਵਾਰ, ਕਠਿਨ, ਦੁਰਲੰਘ,

ਵਿਪਰਿਆਇ : ਵੇਖੋ ਤਾਕਤ

ਨਫ਼ਰਤ ਇ.

1. ਘ੍ਰਿਣਾ, ਗਿਲਾਨੀ
2. ਅਰੁੱਚੀ, ਗ਼ੈਰ ਦਿਲਚਸਪੀ

ਵਿਪਰਿਆਇ : ਵੇਖੋ ਮੁਹੱਬਤ

ਨਫ਼ਾ ਪੁ.

1. ਲਾਭ, ਫ਼ਾਇਦਾ, ਮੁਨਾਫ਼ਾ, ਖਟੀ, ਲਾਹਾ
2. ਪਰਾਪਤੀ, ਉਪਲਬਧੀ

ਵਿਪਰਿਆਇ : ਵੇਖੋ ਨੁਕਸਾਨ

ਨਮ੍ਰਤਾ ਇ. ਆਜਜ਼ੀ, ਹਲੀਮੀ, ਨਿਰਮਾਨਤਾ, ਅਧੀਨਗੀ, ਦੀਨਤਾ, ਮਸਕੀਨੀ

ਵਿਪਰਿਆਇ : ਵੇਖੋ ਅਹੰਕਾਰ

ਨਰਮ ਵਿ.

1. ਮੁਲਾਇਮ, ਕੂਲਾ, ਨਾਜ਼ੁਕ, ਕੋਮਲ, ਮ੍ਰਿਦੁਲ, ਮਲੂਕ
2. ਮਧੱਮ, ਖੀਣ, ਮੰਦ
3. ਘਟੀਆ, ਹੌਲਾ, ਨਿਰਸ, ਤੁਛ
4. ਨਾਕਿਸ, ਐਬਦਾਰ, ਦੂਸ਼ਿਤ, ਸਦੋਸ਼, ਊਣਾ, ਤ੍ਰੁਟੀਪੂਰਣ
5. ਦਯਾਵਾਨ, ਕਰੁਣਾਸ਼ੀਲ, ਹਲੀਮ
6. ਸ਼ਿਥਲ, ਢਿੱਲਾ, ਲੱਚਦਾਰ, ਲਚਕੀਲਾ

—ਨਰਮੀ ਇ

1. ਕੋਮਲਤਾ, ਕੂਲਾਪਣ, ਮ੍ਰਿਦੁਲਤਾ
2. ਰਿਆਇਤ, ਲਿਹਾਜ਼
3. ਢਿੱਲਾਪਣ, ਲਚਕ, ਲੋਚ
4. ਹਿਲਮ, ਆਜਜ਼ੀ, ਹਲੀਮੀ, ਨਮ੍ਰਤਾ
5. ਜ਼ੁਅਫ਼, ਕਮਜ਼ੋਰੀ, ਨਿਰਬਲਤਾ

ਵਿਪਰਿਆਇ : ਵੇਖੋ ਸਖ਼ਤ

ਨਵਾਂ ਵਿ.

1. ਨਵੀਨ, ਨੂਤਨ, ਨੱਵੱਲ, ਨਦੀਦ
2. ਤਾਜ਼ਾ, ਸਜਰਾ
3. ਅਜੀਬ, ਨਿਰਾਲਾ, ਅਲੋਖਾ, ਚਮਤਕਾਰੀ
4. ਨਵਾਕਿਫ਼, ਅਨਜਾਣ, ਓਪਰਾ, ਅਗਿਆਤ, ਅਪਰਿਚਿਤ, ਨਾਮਰਹਮ, ਪਰਾਇਆ, ਗ਼ੈਰ

—ਨਵੀਨ ਵਿ. ਨਵਾਂ

ਵਿਪਰਿਆਇ : ਵੇਖੋ ਪੁਰਾਣਾ

ਨਾਉਮੀਦੀ ਇ.

1. ਨਿਰਾਸ਼ਾ, ਨਿਰਾਸਤਾ, ਬੇਉਮੀਦੀ, ਮਾਯੂਸੀ, ਹਸਰਤ
2. ਉਦਾਸੀ, ਉਦਾਸੀਨਤਾ, ਉਪਰਾਮਤਾ, ਵਿਰਾਗ, ਵਿਰਕਤੀ

ਵਿਪਰਿਆਇ : ਵੇਖੋ ਉਮੀਦ

ਨਾਸ ਵਿ.

1. ਨਾਸ਼ਵਾਨ, ਨਾਸਮਾਨ, ਚਲਣਹਾਰ, ਵਿਨਾਸ਼ੀ, ਅਸਾਰ, ਫ਼ਾਨੀ, ਨਸ਼ਵਰ, ਨਾਪਾਇਦਾਰ, ਅਸਥਾਈ, ਅਸਿਥਰ, ਮਰਨਯੋਗ, ਮਰਨਸ਼ੀਲ
2. ਆਰਜ਼ੀ, ਗ਼ੈਰਮੁਸਤਕਿਲ ਹੰਗਾਮੀ, ਪਰਿਵਰਤਨਸ਼ੀਲ, ਚਲਾਇਮਾਨ, ਖਿਨਭੰਗਰ, ਥੁੜ-ਜੀਵੀ

ਵਿਪਰਿਆਇ : ਵੇਖੋ ਅਬਿਨਾਸ

ਨਾਸਤਿਕ ਵਿ. ਇਨਕਾਰੀ, ਮੁਨਕਿਰ, ਕਾਫ਼ਿਰ, ਮੁਲਹਿਦ, ਨਿਸ਼ਠਾਹੀਣ, ਆਸਥਾਹੀਨ, ਵਿਸ਼ਵਾਸ਼ ਰਹਤ, ਅਸ਼ਰਧਾਲੂ

ਵਿਪਰਿਆਇ : ਵੇਖੋ ਆਸਤਿਕ

ਨਾਕਾਫ਼ੀ ਵਿ. ਘੱਟ, ਥੋੜਾ, ਤ੍ਰੁਛ, ਮਾਮੂਲੀ, ਕਮ, ਅਪ੍ਰਯਾਪਤ

ਵਿਪਰਿਆਇ : ਵੇਖੋ ਕਾਫ਼ੀ

ਨਾਕਾਬਿਲ ਵਿ. ਅਯੋਗ, ਨਾਅਹਲ, ਨਾਲਾਇਕ, ਅਨੁਚਿਤ, ਨਾਮੁਨਾਸਿਬ, ਨਾਮੁਆਫ਼ਕ, ਗੈਰ ਮੌਜੂੰ, ਅਸਮੀਚੀਨ, ਅਸੰਗਤ

ਵਿਪਰਿਆਇ : ਵੇਖੋ ਕਾਬਿਲ

ਨਾਦਾਨ ਵਿ.

1. ਅਣਜਾਣ, ਅਗਿਆਨੀ, ਬੇਇਲਮ, ਉੰਮੀ, ਬੇਖ਼ਬਰ
2. ਬੇਸਮਝ, ਬੇਅਕਲ, ਬੁਧੀਹੀਣ
3. ਬੁੱਧੂ, ਮੂਰਖ, ਬੇਵਕੂਫ਼, ਅਹਮਕ, ਜਾਹਿਲ, ਮੁਗਧ, ਖਲ
4. ਅਨਾੜੀ, ਅਲ੍ਹੜ, ਉਜੱਡ, ਕੁਢੱਰ, ਕੁਚੱਜਾ
5. ਮਾਸੂਮ, ਅੰਞਾਣਾ, ਨਿਆਣਾ, ਜਵਾਕ, ਜਾਤਕ, ਬਾਲ, ਬੱਚਾ, ਭੋਲਾਭਾਲਾ

—ਨਾਦਾਨੀ ਇ.

1. ਬੇਸਮਝੀ, ਬੇਅਕਲੀ, ਬੇਖ਼ਬਰੀ, ਬੇਇਲਮੀ, ਬੇਸ਼ਊਰੀ
2. ਅਗਿਆਨ, ਜਹਾਲਤ, ਹਮਾਕਤ, ਬੇਵਕੂਫ਼ੀ, ਮੂਰਖਤਾ, ਮੂੜ੍ਹਤਾ, ਜੜ੍ਹਤਾ, ਉਜੱਡਪੁਣਾ
3. ਕੁਚੱਜ, ਅਲੜ੍ਹਪਨ, ਬੇਜੁਗਤੀ

4. ਮਾਸੂਮੀ, ਭੋਲਾਪਨ, ਬਚਪੁਣਾ, ਅੰਞਾਣਪੁਣਾ

ਵਿਪਰਿਆਇ: ਵੇਖੋ ਦਾਨਾ

ਨਾਦਾਰ ਵਿ.

1. ਗ਼ਰੀਬ, ਕੰਗਾਲ, ਨਿਰਧਨ, ਫ਼ਕੀਰ, ਮੁਫ਼ਲਿਸ
2. ਵਾਂਝਾ, ਵੰਚਿਤ, ਮਹਰੂਮ
3. ਸਖਣਾ, ਰਿਕਤ, ਖਾਲੀ, ਦਲਿਦ੍ਰੀ
4. ਸਾਧਨਹੀਣ, ਅਕਿੰਚਨ, ਦੀਨ, ਹੀਨ, ਹੀਣ

—ਨਾਦਾਰੀ ਇ.

1. ਗ਼ਰੀਬੀ, ਕੰਗਾਲੀ, ਮੁਫ਼ਲਿਸੀ, ਫ਼ਕਰ, ਨਿਰਧਨਤਾ
2. ਦੀਨਤਾ, ਹੀਣਤਾ, ਮਹਰੂਮੀ, ਵਾਂਝਾਪਨ, ਦਲਿਦ੍ਰ

ਵਿਪਰਿਆਇ : ਵੇਖੋ ਮਾਲਦਾਰ

ਨਾਪਸੰਦ ਵਿ.

1. ਅਪਰਵਾਨ, ਰੱਦ, ਨਾਕਬੂਲ, ਅਪ੍ਰੀਯ, ਨਾਮਨਜ਼ੂਰ, ਮਰਦੂਦ
2. ਅਵਾਂਛਿਤ, ਪ੍ਰਤਿਕੂਲ, ਨਾਮੁਆਫ਼ਿਕ, ਨਾਮੌਜ਼ੂੰ, ਅਯੋਗ

ਵਿਪਰਿਆਇ : ਵੇਖੋ ਪਸੰਦ

ਨਾਬਾਲਿਗ਼ ਵਿ.

1. ਅੰਞਾਣਾ, ਨਿਆਣਾ, ਬਾਲ, ਕਮਉਮਰ, ਬੱਚਾ, ਬਾਲਕ
2. ਕਿਸ਼ੋਰ, ਅਪ੍ਰੌਢ, ਨਾਪੁਖ਼ਤਾ

ਵਿਪਰਿਆਇ : ਵੇਖੋ ਬਾਲਿਗ਼

ਨਾਮਿਲਵਰਤਨ ਪੁ.

ਅਜੋੜ, ਅਸਹਿਯੋਗ, ਅਦਮਤਆਵੁਨ

ਵਿਪਰਿਆਇ : ਵੇਖੋ ਮਿਲਵਰਤਣ

ਨਾਰਾਜ਼ ਵਿ.

1. ਗੁੱਸੇ, ਖਫ਼ਾ, ਰਿੰਜ, ਰੁਸਿਆ, ਰੁਠਾ
2. ਕੁਪਿਤ, ਕ੍ਰੋਧਵਾਨ, ਕੋਪਵਾਨ, ਨਾਖ਼ੁਸ਼, ਅਪ੍ਰਸੰਨ, ਅਸੰਤੁਸ਼ਟ

—ਨਾਰਾਜ਼ਗੀ ਇ.

ਨਾਰਾਜ਼ੀ, ਗੁੱਸਾ, ਰੋਸ, ਖ਼ਫ਼ਗੀ, ਕ੍ਰੋਧ, ਕੋਪ, ਨਾਖ਼ੁਸ਼ੀ, ਅਪ੍ਰਸੰਨਤਾ,

ਅਸੰਤੋਸ

ਵਿਪਰਿਆਇ : ਵੇਖੋ ਰਾਜ਼ੀ

ਨਾਲਾਇਕ ਵਿ.

1. ਅਯੋਗ, ਨਾਅਹਲ, ਅਸਮਰਥ, ਅਸ਼ਕਤ
2. ਮੂਰਖ, ਬੇਵਕੂਫ਼, ਬੇਅਕਲ, ਬੇਸਮਝ
3. ਅਨਾੜੀ, ਕੁਚੱਜਾ, ਉਜੱਡ, ਨਿਕੰਮਾ, ਨਿਖਿਧ, ਵਿਹਲਾ, ਵਿਹਲੜ, ਨਾਕਾਰਾ, ਬੇਕਾਰ
4. ਭੈੜਾ, ਘਟੀਆ, ਪਸਤ, ਤੁਛ, ਹੋਚ, ਥੋਥਾ, ਹਲਕਾ, ਹੌਲਾ

ਵਿਪਰਿਆਇ : ਵੇਖੋ ਲਾਇਕ

ਨਿਆਇ ਪੁ. ਨਿਆਂ, ਇਨਸਾਫ਼, ਅਦਲ, ਦਾਦ

ਵਿਪਰਿਆਇ : ਵੇਖੋ ਅਨਿਆਇ

ਨਿਸਚਾ ਪੁ.

1. ਵਿਸ਼ਵਾਸ, ਯਕੀਨ, ਵਿਸਾਹ, ਭਰੋਸਾ, ਨਿਸ਼ਠਾ, ਨਿਹਚਾ
3. ਤਸੱਲੀ, ਇਤਮੀਨਾਨ, ਨਿਸ਼ਾ
3. ਮਤ, ਸਿਧਾਂਤ, ਵਾਦ, ਅਕੀਦਾ

—ਨਿਸਚਿਤ ਵਿ.

1. ਯਕੀਨੀ, ਪੱਕਾ
2. ਖ਼ਾਸ, ਨਿਯਤ, ਮੁਕੱਰਰ
3. ਮਿਥੀ, ਗਿਣੀਮਿਥੀ, ਨਿਰਨੀਤ

ਵਿਪਰਿਆਇ : ਵੇਖੋ ਸੰਦੇਹ

ਨਿਸ਼ੇਧ ਪੁ.

1. ਨਿਖੇਧ, ਵਿਰੋਧ, ਖੰਡਨ, ਤਰਦੀਦ, ਮੁਖ਼ਾਲਫ਼ਤ, ਨਿਰਾਕਰਣ, ਨਫ਼ੀ
2. ਮਨਾਹੀ, ਰੋਕ, ਬੰਦਿਸ਼, ਮਮਾਨਿਅਤ

ਵਿਪਰਿਆਇ : ਵੇਖੋ ਸਮਰਥਨ

ਨਿਚੱਲਾ ਵਿ.

ਨਿਹਚਲ, ਨਿਸਚਲ, ਸਥਿਰ, ਅਚਲ, ਸ਼ਾਂਤ

ਵਿਪਰਿਆਇ : ਵੇਖੋ ਚੰਚਲ

ਨਿਖੱਟੂ ਵਿ.

1. ਮਖੱਟੂ, ਨਾਕਾਰਾ, ਨਿਕੰਮਾ, ਵਿਹਲੜ, ਬੇਕਾਰ
2. ਆਵਾਰਾ, ਗ਼ੈਰਜ਼ਿੰਮੇਦਾਰ

ਵਿਪਰਿਆਇ : ਵੇਖੋ ਕਮਾਊ

ਨਿਖਿੱਧ ਵਿ.

1. ਫ਼ਜ਼ੂਲ, ਭੈੜਾ, ਵਾਹਯਾਤ, ਪਸਤ, ਨਾਚੀਜ਼, ਹੇਚ, ਤੁਛ
2. ਲਗਵ, ਨਿੰਦਨੀ
3. ਦੂਸ਼ਿਤ, ਨਾਕਿਸ, ਐਬਦਾਰ, ਦਾਗੀ, ਊਣਾ, ਕਸਰਦਾਰ

—ਨਿਖੇਧੀ ਇ. ਨਿੰਦਾ, ਬਦਨਾਮੀ, ਰੁਸਵਾਈ, ਭੰਡ, ਖੰਡਨ, ਅਪਜਸ, ਮੁਜ਼ੰਮਤ, ਬੁਰਿਆਈ, ਚੁਗ਼ਲੀ, ਮਨਾਹੀ, ਤਰਦੀਦ

ਵਿਪਰਿਆਇ : ਵੇਖੋ ਉਤਮ

ਨਿਖੇੜ ਪੁ.

1. ਵਿਤਕਰਾ, ਵਖਰਾਪਣ, ਵਖਰੇਵਾਂ, ਫ਼ਰਕ, ਨਿਆਰਾਪਣ
2. ਵਿਸ਼ਲੇਸ਼ਣ, ਵੰਡ, ਤਕਸੀਮ, ਤਫ਼ਰੀਕ

ਵਿਪਰਿਆਇ : ਵੇਖੋ ਮੇਲ

ਨਿੱਘਾ ਵਿ.

1. ਮਿਲਾਪੜਾ, ਮਿਲਣਸਾਰ, ਸਨੇਹੀ
2. ਗਰਮ, ਕੋਸਾ, ਤੱਤਾ

ਵਿਪਰਿਆਇ : ਵੇਖੋ ਕੋਰਾ

ਨਿੰਦਾ ਇ.

1. ਬੁਰਿਆਈ, ਚੁਗਲੀ, ਨਿਖੇਧੀ, ਮੁਜ਼ੱਮਤ
2. ਤੁਹਮਤ, ਕਲੰਕ
3. ਬਦਨਾਮੀ, ਅਪਜਸ, ਬਦਗੋਈ, ਹਜਵ, ਅਪਕੀਰਤੀ, ਅਪਵਾਦ

—ਨਿੰਦਾ ਚੁਗਲੀ ਇ. ਨਿੰਦਾ, ਅਪਕੀਰਤੀ, ਅਪਜਸ, ਬਦਖੋਈ

—ਨਿੰਦਕ ਵਿ. ਕਬੋਲਾ, ਚੁਗਲਖੋਰ, ਚੁਗਲ, ਬਦਕਲਾਮ, ਬਦਗੋ, ਅਪਵਾਦੀ, ਭੈੜਾ, ਬੁਰਾ, ਮੰਦਾ, ਅਧਮ, ਨੀਚ, ਸਿਫ਼ਲਾ

ਵਿਪਰਿਆਇ : ਵੇਖੋ ਉਸਤਤਿ

ਨਿਫ਼ਾਕ ਪੁ.

1. ਦੁਫੇੜ, ਅਜੋੜ, ਪਾੜ, ਵਿਤਕਰਾ, ਪਾਟਕ, ਪਾੜਾ, ਫਰਕ, ਬੇਇਤਫ਼ਾਕੀ, ਫੁੱਟ, ਵਿਥ, ਵਿਰਲ, ਤ੍ਰੇੜ, ਛਿਦ੍ਰ
2. ਵੈਰ, ਵਿਰੋਧ, ਮੁਖਾਲਫ਼ਤ, ਦੁਸ਼ਮਨੀ, ਸ਼ਤ੍ਰੁਤਾ

ਵਿਪਰਿਆਇ : ਵੇਖੋ ਇਤਫ਼ਾਕ

ਨਿੰਮਾ ਵਿ.

1. ਮੱਧਮ, ਧੀਮਾ, ਮੱਠਾ, ਫਿੱਕਾ
2. ਢਿੱਲਾ, ਸੁਸਤ, ਹਲਕਾ, ਹੌਲਾ

ਵਿਪਰਿਆਇ : ਵੇਖੋ ਗੂੜ੍ਹਾ

ਨਿਰਸ ਵਿ.

1. ਨੀਰਸ, ਰਸਹੀਣ, ਖੁਸ਼ਕ, ਫਿਕਾ
2. ਹੌਲਾ, ਘਟੀਆ, ਸਸਤਾ
3. ਥੋੜਾ, ਮਾਮੂਲੀ

ਵਿਪਰਿਆਇ : ਵੇਖੋ ਸਰਸ

ਨਿਰਧਨ ਵਿ.

1. ਨਾਦਾਰ, ਗਰੀਬ, ਕੰਗਾਲ, ਭੁਖਾ ਨੰਗਾ, ਮੁਫਲਿਸ, ਕੱਲਾਸ਼
2. ਦਲਿਦਰੀ, ਨੰਗ
3. ਵੰਚਿਤ, ਵਾਂਝਾ, ਮਹਰੂਮ, ਖੁਙਿਆ, ਮੁਹਤਾਜ

ਵਿਪਰਿਆਇ : ਵੇਖੋ ਧਨਵਾਨ

ਨਿਰਮਲ ਵਿ.

1. ਸਾਫ਼, ਸੁਥਰਾ, ਸ੍ਵਛ, ਸ਼ੁੱਧ, ਪਾਕ, ਪਾਕੀਜ਼ਾ, ਪਵਿਤ੍ਰ, ਪਾਵਨ, ਸ਼ਫ਼ਾਫ਼, ਮੈਲ-ਰਹਿਤ, ਵਿਮਲ, ਨਿੰਬਲ
2. ਨਿਸ਼ਕਪਟ, ਨਿਰਛਲ, ਸੁਹਿਰਦ, ਸਾਫ਼-ਦਿਲ, ਈਮਾਨਦਾਰ, ਬੇਕੀਨਾ
3. ਸਾਦਾ, ਸਿੱਧਾ, ਭੋਲਾ, ਸਪੱਸ਼ਟ, ਸੱਚਾ, ਸਾਦਿਕ, ਸਰਲ, ਸਾਧਾਰਣ
4. ਚਿਟਾ, ਧਵਲ, ਸ੍ਵੇਤ, ਸਫੇਦ

—ਨਿਰਮਲਤਾ ਇ.

1. ਸੁਧਤਾ, ਸਫ਼ਾਈ, ਸ਼ੁਧੀ, ਪਾਕੀਜ਼ਗੀ, ਪਵਿਤ੍ਰਤਾ
2. ਸਚਾਈ, ਸਿਦਕ, ਭੋਲਾਪਣ, ਸਪਸ਼ਟਤਾ, ਸਰਲਤਾ, ਸਾਦਗੀ
3. ਨਿਸ਼ਕਪਟਤਾ, ਸਾਫ਼-ਦਿਲੀ, ਈਮਾਨਦਾਰੀ, ਸੁਹਿਰਦਤਾ
4. ਸਫ਼ੇਦੀ, ਚਿਟਿਆਈ, ਧਵਲਤਾ, ਬੱਗਾਪਣ

ਵਿਪਰਿਆਇ : ਵੇਖੋ ਮਲੀਨ

ਨਿਰਯਾਤ ਪੁ. ਬਰਾਮਦ, ਦਿਸਾਵਰ

ਵਿਪਰਿਆਇ : ਵੇਖੋ ਆਯਾਤ

ਨਿਰਾਸ ਵਿ.

1. ਨਾਉਮੀਦ, ਬੇਉਮੀਦ, ਮਾਯੂਸ, ਬੇਆਸ, ਬੇਮੁਰਾਦ, ਨਾਮੁਰਾਦ, ਨਾਕਾਮ
2. ਅਸਫਲ, ਨਿਹਫਲ, ਨਿਸਫਲ
3. ਉਦਾਸ, ਉਪਰਾਮ, ਉਦਾਸੀਨ, ਵਿਰਕਤ, ਉਚਾਟ
4. ਅਸੰਤੁਸ਼ਟ, ਅਤ੍ਰਿਪਤ, ਅਪ੍ਰਸੰਨ, ਗ਼ੈਰਮੁਤਮਿਅਨ

—ਨਿਰਾਸ਼ਾ ਇ.

1. ਨਾਉਮੀਦੀ, ਬੇਉਮੀਦੀ, ਯਾਸ
2. ਅਸਫਲਤਾ, ਨਾਕਾਮੀ, ਨਾਮੁਰਾਦੀ
3. ਉਦਾਸੀ, ਉਦਾਸੀਨਤਾ, ਉਪਰਾਮਤਾ, ਉਚਾਹਟ, ਵੈਰਾਗ
4. ਅਤ੍ਰਿਪਤੀ, ਬੇਇਤਮੀਨਾਨੀ, ਅਸੰਤੋਖ

ਵਿਪਰਿਆਇ : ਵੇਖੋ ਆਸ

ਨਿਰਾਕਾਰ ਵਿ.

1. ਅਰੂਪ, ਆਕਾਰ-ਰਹਤ, ਅਮੂਰਤ
2. ਅਪ੍ਰਤੱਖ, ਪ੍ਰੋਖ, ਅਵਿਅਕਤ, ਅਦ੍ਰਿਸ਼ਟ, ਅਦਿਖ
3. ਨਿਰਗੁਣ, ਨਿਰਪੇਖ, ਪਰਮ, ਪਰਾਤਪਰ, ਮੁਤਲਕ

ਵਿਪਰਿਆਇ : ਵੇਖੋ ਸਾਕਾਰ

ਨਿਰਾਰਥਕ ਵਿ.

1. ਸਾਰ ਹੀਣ, ਲਗਵ, ਮੁਹਮਲ, ਬੇਹੂਦਾ, ਵਾਹਯਾਤ, ਭਾਵਹੀਣ, ਅਰਥ-ਹੀਣ, ਬੇਮਾਅਨੀ, ਬੇਮਤਲਬ, ਬੇਮਕਸਦ, ਭਾਵ-ਰਹਤ

2. ਨਿਰਮੂਲ, ਬੇਫ਼ਾਇਦਾ, ਫ਼ਜ਼ੂਲ, ਬੇਕਾਰ, ਵਿਅਰਥ, ਬਿਰਥਾ, ਅੰਵਾਈ
3. ਗ਼ੈਰ ਮਾਕੂਲ, ਅਨੁਚਿਤ, ਅਯੋਗ, ਨਾਮੁਨਾਸਬ, ਗ਼ੈਰ ਮੌਜ਼ੂੰ

ਵਿਪਰਿਆਇ : ਵੇਖੋ ਸਾਰਥਕ

ਨਿਰਾਲਾ **ਵਿ.**

1. ਨਿਆਰਾ, ਵਖਰਾ, ਨਿਖੜਵਾਂ, ਅਲਗ, ਅਡਰਾ, ਜੁਦਾ, ਭਿੰਨ, ਬਾਹਰਾ
2. ਅਜੀਬ, ਅਨੋਖਾ, ਨਾਦਿਰ, ਵਿਚਿਤ੍ਰ, ਵਿਲੱਖਣ, ਵਿਸ਼ਿਸ਼ਟ, ਅਦਭੁਤ, ਅਲੌਕਿਕ, ਅਸਾਧਾਰਣ, ਅਲੋਕਾਰ, ਨਾਯਾਬ, ਦੁਰਲਭ
3. ਸ਼ੁੱਧ, ਖਾਲਿਸ, ਅਮਿਸ਼੍ਰਿਤ, ਸਾਫ਼
4. ਨਿਰੋਲ, ਕੇਵਲ, ਸਿਰਫ਼, ਮਹਜ਼
5. ਇਕੱਲਾ, ਨਿਵੇਕਲਾ, ਮੁਮਤਾਜ਼, ਵਿਸ਼ੇਸ਼, ਮਖ਼ਸੂਸ, ਖਾਸ, ਮੁਨਫ਼ਰਦ, ਸਿਰਕੱਢ, ਸਰਕਰਦਾ, ਚੀਦਾ

ਵਿਪਰਿਆਇ : ਵੇਖੋ ਸਾਧਾਰਣ

ਨਿਵਾਣ **ਇ.** ਢਲਵਾਣ, ਹਿਠਾੜ, ਪਜਤੀ, ਨਸ਼ੇਬ, ਰੋੜ੍ਹ

—ਨੀਵਾਂ ਵਿ.

1. ਹੇਠਲਾ, ਹਿਠਾੜਾ, ਪਸਤ
2. ਡੂੰਘਾ, ਗਹਰਾ, ਹਮੀਕ
3. ਹੌਲਾ, ਨੀਚ, ਥੋਥਾ, ਹਲਕਾ, ਤੁੱਛ, ਹਕੀਰ, ਅਦਨਾ, ਹੇਚ, ਸਿਫਲਾ, ਕਮੀਨਾ, ਖਬੀਸ, ਘਟੀਆ, ਕਮੀਨ
4. ਫ਼ਜ਼ੂਲ, ਵਾਹਯਾਤ, ਬੇਹੂਦਾ, ਲਗਵ

ਵਿਪਰਿਆਇ : ਵੇਖੋ ਉਚਾਣ

ਨਿਵ੍ਰਿਤੀ **ਇ.**

1. ਛੁਟਕਾਰਾ, ਮੁਕਤੀ, ਫ਼ਰਾਗ਼ਤ, ਨਿਵਾਰਣ, ਨਿਰਾਕਰਣ, ਸਮਾਧਾਨ, ਇਜ਼ਾਲਾ, ਨਜਾਤ, ਨਿੰਸਤਾਰਾ, ਖਲਾਸੀ
2. ਤਿਆਗ, ਵਿਰੱਕਤੀ, ਉਪਰਾਮਤਾ; ਅਨਾਸਕਤੀ, ਉਦਾਸੀ, ਉਚਾਟ, ਉਦਾਸੀਨਤਾ, ਵੈਰਾਗ

ਵਿਪਰਿਆਇ : ਵੇਖੋ ਪ੍ਰਵ੍ਰਿਤੀ

ਨੀਚਤਾ ਇ.

1. ਨੀਵਾਂਪਣ, ਹੀਣਤਾ, ਤੁਛਤਾ
2. ਭੈੜ, ਮੰਦ, ਅਧਮਤਾ, ਬਦੀ, ਬੁਰਿਆਈ, ਬਦਕਾਰੀ, ਦੁਰਾਚਾਰ, ਬਦਜ਼ਾਤੀ, ਕਮੀਨਗੀ, ਖ਼ਬਾਸਤ, ਰਜ਼ਾਲਤ, ਸਿਫ਼ਲਗੀ, ਜ਼ਲਾਲਤ, ਸਿਫ਼ਲਾਪਣ, ਦੁਸ਼ਟਤਾ
3. ਪਸਤੀ, ਗਿਰਾਵਟ, ਪਤਨ

—ਨੀਚ ਵਿ.

1. ਨੀਵਾਂ, ਕਮੀਨਾ, ਭੈੜਾ, ਬਦ, ਹੋਛਾ, ਬਦਕਾਰ, ਅਧਮ, ਮੰਦਾ, ਬੁਰਾ, ਬਦਜ਼ਾਤ, ਖ਼ਬੀਸ, ਰਜ਼ੀਲ, ਸਿਫ਼ਲਾ, ਅਦਨਾ, ਤੁਛ, ਹੇਚ, ਕਮੀਣ
2. ਪਤਿਤ, ਕੁਕਰਮੀ, ਦੁਰਾਚਾਰੀ, ਕੁਰਾਹੀਆ, ਕੁਮਾਰਗੀ, ਬਦਚਲਣ, ਬਦਅਖ਼ਲਾਕ, ਬਦਸੀਰਤ
3. ਕਪਟੀ, ਕਾਮੀ, ਫ਼ਰੇਬੀ, ਛਲੀਆ, ਕੁਟਿਲ, ਰਯਾਕਾਰ, ਵਿੰਗਾ, ਕੁਢੰਗੀ, ਕੱਬਾ, ਅਵੈੜਾ, ਅਵੱਤਾ, ਕੁਪੱਤਾ, ਦੁਸ਼ਟ, ਭ੍ਰਸ਼ਟ

ਵਿਪਰਿਆਇ : ਵੇਖੋ ਉੱਚਤਾ

ਨੀਤ ਇ.

1. ਨੀਅਤ, ਇਰਾਦਾ, ਮਨਸ਼ਾ, ਇੱਛਾ, ਮਰਜ਼ੀ, ਕਾਮਨਾ, ਖ਼ਾਹਿਸ਼, ਚਾਹ
2. ਖ਼ਿਆਲ, ਸੰਕਲਪ, ਅੰਦੇਸ਼ਾ
3. ਗ਼ਰਜ਼, ਮਕਸਦ, ਮੁਰਾਦ, ਮਨੋਰਥ, ਮੰਤਵ, ਮਤਲਬ, ਸਲਾਹ

ਵਿਪਰਿਆਇ : ਵੇਖੋ ਬਦਨੀਤੀ

ਨੀਂਦਰ ਇ.

1. ਨੀਂਦ, ਨਿਦ੍ਰਾ, ਖ਼੍ਵਾਬ, ਸੁਪਨ, ਊਂਘ, ਗ਼ਨੂਦਗੀ, ਅਧੱਮੀਚੀ, ਜਾਗੋਮੀਟੀ
2. ਗ਼ਫ਼ਲਤ, ਅਣਗਹਿਲੀ, ਬੇਖ਼ਬਰਵਾਹੀ, ਬੇਧਿਆਨੀ, ਆਲਸ, ਕਾਹਿਲੀ, ਸੁਸਤੀ, ਪ੍ਰਮਾਦ

—ਨਿੰਦਰਾਲਾ }
—ਨਿੰਦਰਾਵਲਾ } ਵਿ. ਨੀਂਦਰ ਭਰਿਆ, ਮਸਤ, ਮਦਹੋਸ਼, ਅਧੱਮੀਟਾ

ਵਿਪਰਿਆਇ : ਵੇਖੋ ਜਾਗ

ਨੁਕਸ **ਪੁ.**

1. ਖਰਾਬੀ, ਐਬ, ਦੋਸ਼, ਕਸੂਰ, ਖ਼ਾਮੀ, ਔਗੁਣ, ਦਾਗ਼, ਛਿਦ੍ਰ
2. ਥੁੜ, ਘਾਟ, ਕਮੀ, ਤ੍ਰੁਟੀ, ਕਸਰ

—ਨਾਕਿਸ
—ਨੁਕਸਦਾਰ } **ਵਿ.** ਐਬਦਾਰ, ਦਾਗਦਾਰ, ਖ਼ਰਾਬ, ਭੈੜਾ, ਮੰਦਾ, ਅਪੂਰਣ, ਗ਼ੈਰਮੁਕੰਮਲ, ਖ਼ਾਮ, ਦਾਗੀ, ਛਿਦ੍ਰਭਰਪੂਰ

ਵਿਪਰਿਆਇ : ਵੇਖੋ **ਵਸਫ਼**

ਨੁਕਸਾਨ **ਪੁ.**

1. ਘਾਟਾ, ਟੋਟਾ, ਹਰਜਾ, ਖਸਾਰਾ, ਖਸਾਹਤ
2. ਹਾਨੀ, ਕਸਰ

ਵਿਪਰਿਆਇ : ਵੇਖੋ **ਫ਼ਾਇਦਾ**

ਨੇਕੀ **ਇ.**

1. ਭਲਾਈ, ਸ਼ਰਾਫ਼ਤ, ਭਲਮਾਣਸੀ, ਉਪਕਾਰ, ਨੇਕੋਈ, ਸਚਿਆਰਤਾ, ਖ਼ੈਰ
2. ਖ਼ੂਬੀ, ਵਸਫ਼, ਗੁਣ, ਚੰਗਿਆਈ

—ਨੇਕੀ ਬਦੀ ਇ. ਚੰਗਿਆਈ, ਬੁਰਿਆਈ, ਪਾਪ ਪੁੰਨ, ਨੇਕੋ ਬਦ, ਸੁਖ ਦੁਖ, ਔਖ ਸੌਖ

—ਨੇਕ ਵਿ. ਭਲਾ, ਸਾਊ, ਸ਼ਰੀਫ਼, ਅਸੀਲ, ਚੰਗਾ, ਸਚਿਆਰ, ਗੁਣਮਾਨ, ਗੁਣੀ, ਗੁਣਵੰਤ, ਭਲਾਮਾਣਸ, ਨੇਕੋਕਾਰ

2. ਐਬਰਹਤ, ਦੋਸ਼ਰਹਤ, ਬੇਦਾਗ਼, ਬੇਕਸੂਰ
3. ਸ਼ੁਭ, ਸੁਲਖਣਾ, ਸੁਭਾਗਾ

—ਨੇਕੋ ਬਦ ਪੁ. ਨੇਕੀ ਬਦੀ

ਵਿਪਰਿਆਇ : ਵੇਖੋ **ਬਦੀ**

ਨੇਮ **ਪੁ.**

1. ਨਿਯਮ, ਮੀਤ, ਦਸਤੂਰ, ਮਾਮੂਲ, ਜ਼ਾਬਤ, ਕਾਇਦਾ, ਕਾਨੂੰਨ, ਪ੍ਰਬੰਧ, ਵਿਵਸਥਾ
2. ਬੰਧੇਜ, ਬਾਂਧ, ਪਾਬੰਦੀ, ਬਾਕਾਇਦਗੀ
3. ਬਚਨ, ਪ੍ਰਣ, ਪ੍ਰਤਿਗਿਆ, ਵਾਇਦਾ, ਅਹਦ, ਪੈਮਾਨ, ਕੌਲਕਰਾਰ

4. ਵ੍ਰਤ, ਸੰਜਮ, ਸਾਧਨਾ, ਅਭਿਆਸ, ਚਰਯਾ, ਅਨੁਸ਼ਾਸਨ, ਜ਼ਬਤ, ਨਿਯੰਤ੍ਰਣ, ਅੰਕੁਸ਼

ਵਿਪਰਿਆਇ : ਵੇਖੋ ਬੇਨੇਮੀ

ਨੌਕਰ **ਵਿ.**

1. ਨਫਰ, ਚਾਕਰ, ਦਾਸ, ਸੇਵਕ, ਖਿਦਮਤਗਾਰ, ਟਹਲੂਆ, ਟਹਲੀਆ, ਗੋਲਾ, ਬਰਦਾ, ਗ਼ੁਲਾਮ, ਖਿਦਮਤਗੁਜ਼ਾਰ, ਸੇਵਾਦਾਰ, ਕਿੰਕਰ
2. ਮੁਲਾਜ਼ਮ, ਕਰਮਚਾਰੀ

—ਨੌਕਰ ਚਾਕਰ ਵਿ. ਨੌਕਰ

—ਨੌਕਰੀ ਇ. ਮੁਲਾਜ਼ਮਤ, ਚਾਕਰੀ, ਸੇਵਾ, ਖਿਦਮਤ, ਬੰਦਗੀ, ਟਹਲ

1. ਆਸਾਮੀ, ਰਿਕਤੀ

ਵਿਪਰਿਆਇ : ਵੇਖੋ ਮਾਲਕ

ਪਸੰਦ ਵਿ.

1. ਮਨਜ਼ੂਰ, ਪਰਵਾਨ, ਕਬੂਲ
2. ਚੰਗਾ, ਪ੍ਰਿਯ, ਰੋਚਕ, ਆਕਰਸ਼ਕ, ਮਨੋਹਰ, ਮਨੋਰਮ, ਪ੍ਰਸ਼ੰਸਨੀ, ਸਰਾਹਨੀਯ, ਸ਼ਲਾਘਾਯੋਗ, ਗ੍ਰਹਣਯੋਗ

—ਪਸੰਦ ਇ.

1. ਚੋਣ, ਇਨਤਖ਼ਾਬ
2. ਨਜ਼ਰੀਆ, ਮਤ, ਦ੍ਰਿਸ਼ਟੀਕੋਣ
3. ਰਾਏ, ਸੰਮਤੀ
4. ਰੁਚੀ, ਰੁਜਹਾਨ, ਪ੍ਰਵ੍ਰਿਤੀ, ਮੈਲਾਨ, ਝੁਕਾਉ

—ਮਨਪਸੰਦ
—ਦਿਲਪਸੰਦ } ਵਿ.

ਮਨੋਰੰਜਕ, ਪਸੰਦ, ਮਨਭਾਉਂਦਾ, ਮਨਬਾਂਛਤ, ਦਿਲਚਸਪ, ਦਿਲਕਸ਼, ਦਿਲਪਜ਼ੀਰ

ਵਿਪਰਿਆਰਥ : ਵੇਖੋ ਨਾਪਸੰਦ

ਪਸ਼ੇਮਾਨ ਵਿ.

1. ਨਾਦਮ, ਸ਼ਰਮਿੰਦਾ, ਲਜਿੱਤ, ਤਾਇਬ, ਸ਼ਰਮਸਾਰ, ਪਸ਼ਚਾਤਾਪੀ, ਪਛਤਾਵਾਪੂਰਤ
2. ਬੇਚੈਨ, ਪਰੇਸ਼ਾਨ, ਬੇਕਰਾਰ, ਬੇਆਰਾਮ, ਚਿੰਤਾਤੁਰ, ਆਤੁਰ, ਸ਼ੋਕਾਤੁਰ, ਫ਼ਿਕਰਮੰਦ, ਚਿੰਤਾਵਾਨ
3. ਨਿਰਾਸ਼, ਮਾਯੂਸ, ਹਤਾਸ਼, ਬੇਉਮੀਦ, ਨਿਰਾਸਾ, ਮਹਰੂਮ, ਵੰਚਿਤ, ਵਾਂਝਾ

—ਪਸ਼ੇਮਾਨੀ ਇ.

1. ਪਛਤਾਵਾ, ਪਸ਼ਚਾਤਾਪ, ਸ਼ਰਮਸਾਰੀ, ਨਦਾਮਤ, ਖਜ਼ਾਲਤ, ਲਜਾ, ਅਫ਼ਸੋਸ
2. ਸ਼ੋਕ, ਚਿੰਤਾ, ਫ਼ਿਕਰ, ਗ਼ਮ

3. ਨਿਰਾਸਤਾ, ਮਾਯੂਸੀ, ਯਾਸ, ਨਾਉਮੀਦੀ
3. ਮਹਰੂਮੀ, ਵਾਂਝਾਪਣ

ਵਿਪਰਿਆਇ : ਵੇਖੋ ਮਸਰੂਰ

ਪੱਕਾ **ਵਿ.**
1. ਪੁਖ਼ਤਾ, ਮਜ਼ਬੂਤ, ਪੀਡਾ, ਦ੍ਰਿੜ੍ਹ, ਪਰਪੱਕ
2. ਅਹਿੱਲ, ਅਡੋਲ, ਸਥਿਰ
3. ਬਾਲਗ਼, ਪੂਰਾ, ਪ੍ਰੌਢ, ਕਾਮਿਲ, ਸੱਚਾ, ਪੂਰਣ
3. ਮੁਸਤਕਿਲ, ਸਥਾਈ, ਸਦੀਵੀ

—ਪੱਕ **ਪੁ.**
1. ਪ੍ਰਪੱਕਤਾ, ਪੁਖ਼ਤਗੀ, ਪਕਿਆਈ, ਦ੍ਰਿੜ੍ਹਤਾ
2. ਪ੍ਰੌਢਤਾ, ਪੂਰਨਤਾ, ਬਲੂਗ਼
3. ਸੱਚ, ਸਚਿਆਈ, ਸਦਾਕਤ

—ਪੱਕੀ **ਇ.** ਤਾਕੀਦ, ਪਕਿਆਈ

ਵਿਪਰਿਆਇ : ਵੇਖੋ ਕੱਚਾ

ਪਛੱਮ **ਪੁ.**
ਲਹਿੰਦਾ, ਮਗ਼ਰਬ, ਪਸ਼ਚਮ, ਪਛੋਂ, ਹਿਠਾੜ

—ਪਛਮੀ **ਵਿ.** ਲਹਿੰਦੇ ਦਾ, ਮਗ਼ਰਬੀ, ਯੂਰਪੀ, ਪਸ਼ਚਮੀ

ਵਿਪਰਿਆਇ : ਵੇਖੋ ਪੂਰਬ

ਪਤਹੀਨ **ਵਿ.**
1. ਬੇਪੱਤਾ, ਬੇਇਜ਼ੱਤ, ਬੇਆਬਰੂ, ਮਾਨਹੀਨ
2. ਬਦਨਾਮ, ਖਜਲ, ਖ਼੍ਵਾਰ, ਰੁਸਵਾ, ਜ਼ਲੀਲ, ਨਿਰਲਜ, ਬੇਹਯਾ, ਬੇਸ਼ਰਮ, ਬੇਅਸਰ ਬੇਰਸੂਖ, ਪ੍ਰਤਿਸ਼ਠਾਹੀਨ,
3. ਕੁਲਹਣਾ, ਕਲਮੂੰਹਾਂ, ਭੈੜਾ, ਮੰਦਾ, ਬੁਰਾ
4. ਨੀਚ, ਤੁਛ, ਹੇਚ, ਨਾਚੀਜ਼, ਪਤਿਤ, ਕਮੀਨਾ, ਸਿਫਲਾ, ਰਜ਼ੀਲ

ਵਿਪਰਿਆਇ : ਵੇਖੋ ਪਤਵੰਤ

ਪਤਨ **ਪੁ.**
1. ਜ਼ਵਾਲ, ਗਿਲਾਨੀ, ਗਿਰਾਵਟ, ਪਾਪ, ਅਧੋਗਤੀ, ਅਧੋਗਮਨ, ਤਨੱਜ਼ਲ, ਅਵਨਤੀ, ਅਪਕਰਸ਼, ਹ੍ਰਾਸ
2. ਕਮੀਨਾਪਣ, ਨੀਚਤਾ, ਅਧਮਤਾ, ਨੀਵਾਂਪਣ, ਦੁਸ਼ਟਤਾ, ਦੁਰਾਚਾਰ

ਬਦਕਾਰੀ, ਬਦਅਖ਼ਲਾਕੀ, ਕੁਕਰਮ, ਭੈੜ, ਕੁਚਾਲ ਮੰਦ, ਬਦੀ, ਬੁਰਾਈ, ਸ਼ਰਾਰਤ

—ਪਤਿਤ ਵਿ.

1. ਗਿਰਿਆ, ਢੱਠਾ, ਡਿੱਗਾ, ਅਧਰਮੀ, ਪਾਪੀ
2. ਦੁਸ਼ਟ, ਭ੍ਰਸ਼ਟ, ਦੁਰਾਚਾਰੀ, ਕੁਕਰਮੀ, ਕੁਮਾਰਗੀ, ਕੁਪੰਥੀ, ਕੁਰਾਹੀਆ
3. ਨੀਵਾਂ, ਨੀਚ, ਕਮੀਨਾ, ਸਿਫ਼ਲਾ, ਖ਼ਬੀਸ਼, ਅਦਨਾ, ਅਧਮ, ਹਕੀਰ, ਪਸਤ, ਰਜ਼ੀਲ, ਤੁਛ, ਨਾਚੀਜ਼

ਵਿਪਰਿਆਇ : ਵੇਖੋ ਉੱਥਾਨ

ਪਤਲਾ ਵਿ.

1. ਤਰਲ, ਬਾਰੀਕ, ਮਹੀਨ
2. ਕ੍ਰਿਸ਼, ਸੂਖਮ
3. ਮਾੜਾ, ਲਾਗ਼ਰ, ਕਮਜ਼ੋਰ, ਦੁਰਬਲ, ਨਾਜ਼ਕ ਕੋਮਲ
4. ਨਾਦਰ, ਦੁਰਲੱਭ, ਅਲੱਭ
5. ਮੰਦਾ, ਹੌਲਾ, ਕਮਰਵੰਦਾ, ਘਾਟੇਵੰਦਾ

ਵਿਪਰਿਆਇ : ਵੇਖੋ ਗਾੜ੍ਹਾ

ਪਤਵੰਤ ਵਿ.

ਪਤਵੰਤਾ, ਮੰਨਿਆ, ਪ੍ਰਮੰਨਿਆ, ਪ੍ਰਸਿਧ, ਪ੍ਰਤਿਸ਼ਠਿਤ, ਚੌਧਰੀ ਸਭਯ, ਆਦਰਣੀਯ, ਮਾਨਨੀਯ, ਸ੍ਰੇਸ਼ਟ, ਸਤਿਕਾਰਯੋਗ, ਸ਼ਰੀਫ਼, ਮੁਅਜ਼ਿਜ਼, ਸ਼ਿਰੋਮਣੀ, ਇਜ਼ੱਤਦਾਰ, ਉੱਤਮ, ਸਰਕਰਦਾ, ਸਿਰਕੱਢ

ਵਿਪਰਿਆਇ : ਵੇਖੋ ਪਤਹੀਨ

ਪ੍ਰਸ਼ਨ ਪੁ.

1. ਸਵਾਲ, ਪੁਛ, ਤਲਬ, ਇਸਤਫਸਾਰ
2. ਸੰਦੇਹ, ਸ਼ੰਕਾ, ਭ੍ਰਮ, ਕਿੰਤੂ, ਇਤਰਾਜ਼, ਆਪਤੀ, ਜਿਰ੍ਹਾ
3. ਚਨੌਤੀ, ਵੰਗਾਰ, ਮੰਗ
4. ਯਾਚਨਾ, ਅਰਜ਼, ਦਰਖ਼ਾਸਤ, ਬੇਨਤੀ, ਬਿਨੈ, ਲੋੜ, ਗ਼ਰਜ਼, ਮੁਥਾਜੀ, ਹਾਜਤ, ਹਾਜਤਮੰਦੀ, ਅਰਜ਼ਦਾਸ਼ਤ
5. ਕੁਵਾਦ, ਕੁਚਰਚਾ, ਬਹਿਸਬਾਜ਼ੀ, ਗਲਾਦੜਪੁਣਾ, ਗਲੋਂਖੜਪਣਾ

ਵਿਪਰਿਆਇ : ਵੇਖੋ ਉਤਰ

ਪ੍ਰਸੰਨਤਾ ਇ.

ਖ਼ੁਸ਼ੀ, ਆਨੰਦ, ਹਰਸ਼, ਅਹਲਾਦ, ਸ਼ਾਂਤੀ, ਆਮੋਦ, ਪ੍ਰਮੋਦ, ਸਰੂਰ, ਰਸ, ਵਜਦ, ਮਸਤੀ, ਖੇੜਾ, ਚਾਉ, ਉਨਮੀਲਨ, ਹੁਲਾਰਾ, ਉਲਾਸ, ਅਨੁਰਾਗ, ਪ੍ਰਸਾਦਿ

ਵਿਪਰਿਆਇ : ਵੇਖੋ ਉਦਾਸੀ

ਪ੍ਰਸਾਰ ਪੁ.

1. ਪਸਾਰ, ਵਿਸਤਾਰ, ਪਸਾਰਾ
2. ਵਿਆਪਤੀ, ਵਿਆਪਕਤਾ, ਵਿਸ਼ਾਲਤਾ, ਫੈਲਾਉ
3. ਇਸ਼ਾਇਤ, ਪ੍ਰਸਾਰਣ, ਪਰਚਾਰ, ਤਬਲੀਗ

ਵਿਪਰਿਆਇ : ਵੇਖੋ ਸੰਕੋਚ

ਪ੍ਰਗਟ ਵਿ.

ਪ੍ਰਤੱਖ, ਅਪਰੋਖ਼, ਜ਼ਾਹਰ, ਸਨਮੁਖ, ਸਾਖਿਆਤ, ਵਿਅਕਤ, ਮੂਰਤੀਮਾਨ, ਸਾਕਾਰ, ਦਿਸਦਾ, ਗੋਚਰ, ਦਿਸੰਦਾ, ਦ੍ਰਿਸ਼ਟਮਾਨ, ਰੂਪਮਾਨ, ਸਪਸ਼ੱਟ, ਸਰੂਪ, ਸਮੂਰਤ

ਵਿਪਰਿਆਇ : ਵੇਖੋ ਗੁਪਤ

ਪ੍ਰਗਤੀ ਇ.

ਉਨਤੀ, ਤਰੱਕੀ, ਉੱਥਾਨ, ਵਿਕਾਸ, ਵਾਧਾ, ਵ੍ਰਿਧੀ

ਵਿਪਰਿਆਇ : ਵੇਖੋ ਅਧੋਗਤੀ

ਪ੍ਰਤੱਖ ਵਿ.

ਸਨਮੁਖ, ਜ਼ਾਹਰ, ਸਾਖਿਆਤ, ਅਪਰੋਖ, ਸਪੱਸ਼ਟ, ਪ੍ਰਗਟ, ਸਾਫ਼, ਮੌਜੂਦ, ਹਾਜ਼ਰ, ਵਰਤਮਾਨ, ਉਪਸਥਿਤ, ਗੋਚਰ, ਦ੍ਰਿਸ਼ਟਮਾਨ, ਵਿਅਕਤ

ਵਿਪਰਿਆਇ : ਵੇਖੋ ਗੁੱਝਾ

ਪ੍ਰਤਿਕੂਲ ਵਿ.

1. ਉਲਟ, ਵਿਰੁਧ, ਮੁਖ਼ਾਲਿਫ਼, ਵਿਪਖੀ
2. ਅਨੁਚਿਤ, ਨਾਮੁਆਫ਼ਿਕ, ਨਾਮੁਨਾਸਿਬ, ਨਾਵਾਜਬ, ਨਾਮੌਜ਼ੂੰ, ਵਿਪਰੀਤ

ਵਿਪਰਿਆਇ : ਵੇਖੋ ਅਨੁਕੂਲ

ਪਰਤੀਤ ਇ.

1. ਵਿਸ਼ਵਾਸ਼, ਭਰੋਸਾ, ਯਕੀਨ

2. ਧਰਮ, ਈਮਾਨ, ਅਕੀਦਾ, ਨਿਸ਼ਚਾ, ਨਿਹਚਾ
3. ਇਤਬਾਰ, ਸਰਧਾ, ਅਕੀਦਤ, ਨਿਸ਼ਠਾ

ਵਿਪਰਿਆਇ : ਵੇਖੋ **ਬੇਪਰਤੀਤੀ**

ਪਰਮਾਰਥ ਪੁ.
1. ਪਰਉਪਕਾਰ, ਪਰਸੁਾਰਥ, ਉਪਕਾਰ, ਪਰਾਰਥ
2. ਨੇਕੀ, ਚੰਗਿਆਈ, ਭਲਿਆਈ, ਭਲਾ
3. ਭਜਨ, ਬੰਦਗੀ, ਤਪੱਸਿਆ, ਜ਼ੁਹਦ, ਇਬਾਦਤ, ਅਭਿਆਸ, ਸਾਧਨਾ, ਤੱਪ, ਜੋਗ, ਅਧਿਆਤਮ

—**ਪਰਮਾਰਥੀ** ਵਿ.
1. ਪਰਉਪਕਾਰੀ, ਪਰਸੁਾਰਥੀ, ਪਰਸੇਵਕ, ਉਦਾਰ, ਸਖੀ, ਦਾਨੀ, ਦਾਤਾਰ, ਬਖਸ਼ਿੰਦ, ਦਾਤਾ, ਕਰੀਮ
2. ਨੇਕ, ਭਲਾ, ਚੰਗਾ, ਭਜਨੀਕ, ਪਰਹੇਜ਼ਗਾਰ, ਤਪੀ, ਤਪੱਸਵੀ, ਜ਼ਾਹਦ

ਵਿਪਰਿਆਇ : ਵੇਖੋ **ਸੁਾਰਥ**

ਪਰਲੋਕ ਪੁ.
ਪਲਤ, ਪਰਤ੍ਰ, ਉਕਬਾ, ਆਕਬਤ, ਆਖ਼ਰਤ, ਅਗਲਾ ਜਹਾਨ, ਦੂਜੀ ਦੁਨੀਆਂ, ਅਗਾ, ਬ੍ਰਹਮਪੁਰੀ, ਗੁਰਪੁਰੀ, ਸਵਰਗ, ਵੈਕੁੰਠ, ਬੈਕੁੰਠ, ਬਹਿਸ਼ਤ, ਜਨੱਤ, ਅਦਨ, ਇਰਮ, ਖ਼ੁਲਦ

ਵਿਪਰਿਆਇ : ਵੇਖੋ **ਲੋਕ**

ਪਰਵਾਨਗੀ ਇ. ਮਨਜ਼ੂਰੀ, ਸੀ੍ਕ੍ਰਿਤੀ, ਇਜਾਜ਼ਤ, ਆਗਿਆ, ਕਬੂਲੀਅਤ

ਵਿਪਰਿਆਇ : ਵੇਖੋ **ਉਲੰਘਣ**

ਪਰਾਇਆ ਵਿ.
1. ਓਪਰਾ, ਗ਼ੈਰ, ਬੇਗਾਨਾ ਅਜਨਬੀ, ਦੂਜਾ, ਹੋਰ, ਪਰ
2 ਅਣਜਾਣੂੰ, ਅਗਿਆਤ, ਅਵਿਦਿਤ, ਅਪਰਿਚਿਤ, ਨਾਵਾਕਿਫ਼

ਵਿਪਰਿਆਇ : ਵੇਖੋ **ਆਪਣਾ**

ਪ੍ਰਾਚੀਨ ਵਿ.
ਪੁਰਾਣਾ, ਕਦੀਮ, ਕਦੀਮੀ, ਪੁਰਾਤਨ, ਅਤੀਤਕਾਲੀਨ, ਪੂਰਵਕਾਲੀਨ, ਸਨਾਤਨ, ਚਿਰਕਾਲੀਨ, ਦੇਰੀਨਾ

ਵਿਪਰਿਆਇ : ਵੇਖੋ **ਆਧੁਨਿਕ**

ਪ੍ਰੀਤ ਇ.
ਪ੍ਰੀਤੀ, ਪਿਆਰ, ਪ੍ਰੇਮ, ਸਨੇਹ, ਨੇਹੁ, ਲਗਣ, ਲਗਾਉ, ਉਲਫ਼ਤ,

ਉਨਸ, ਇਸ਼ਕ, ਅਨੁਰਾਗ, ਚਾਉ, ਦੋਸਤੀ, ਮਿਤ੍ਰਤਾ, ਮੈਤ੍ਰੀ, ਰਫ਼ਾਕਤ, ਹਮਦਮੀ

—ਪ੍ਰੀਤਮ ਵਿ. ਪਿਆਰਾ, ਮਿਤ੍ਰ, ਦੋਸਤ, ਸਨੇਹੀ, ਪ੍ਰੇਮੀ, ਅਜ਼ੀਜ਼, ਪ੍ਰੀਯ, ਮਹਬੂਬ, ਮਾਸ਼ੂਕ, ਇਸ਼ਟ, ਰਫੀਕ, ਪਿਰ

ਵਿਪਰਿਆਇ : ਵੇਖੋ **ਘ੍ਰਿਣਾ**

ਪਲੀਤ ਵਿ. ਮਲੀਨ, ਮੈਲਾ, ਗੰਦਾ ਗਲੀਜ਼, ਅਪਵਿਤ੍ਰ, ਨਾਪਾਕ, ਭਿੱਟੜ, ਲਿਬੜਿਆ, ਆਲੂਦਾ, ਭਿਟਿਆ, ਜੂਠਾ

—ਪਲੀਤੀ ਇ. ਮੈਲ, ਗੰਦਗੀ, ਗੰਦ, ਗਲਾਜ਼ਤ, ਨਾਪਾਕੀ, ਭਿੱਟ, ਜੂਠ, ਆਲੂਦਗੀ, ਲਬੇੜ, ਲਾਗ

ਵਿਪਰਿਆਇ : ਵੇਖੋ **ਪਵਿਤ੍ਰ**

ਪਵਿਤ੍ਰ ਵਿ. ਪੁਨੀਤ, ਪਾਵਨ, ਪਾਕ, ਸੂਛ, ਸੁੱਚਾ, ਪਾਕੀਜ਼ਾ, ਨਿਰਮਲ, ਖਾਲਿਸ, ਸ਼ੁਧ, ਸਾਫ਼, ਅਲਿਪਤ, ਨਿਰਲੇਪ, ਅਲੇਪ

—ਪਵਿਤ੍ਰਤਾ ਇ. ਪਾਕੀਜ਼ਗੀ, ਸ਼ੁੱਧਤਾ, ਤਹਾਰਤ, ਨਿਰਮਲਤਾ, ਸਫ਼ਾਈ, ਪਾਵਨਤਾ

ਵਿਪਰਿਆਇ : ਵੇਖੋ **ਪਲੀਤ**

ਪਾਲਣ ਪੁ.

ਪਰਵਾਨਗੀ, ਵਰਤੋਂ, ਵਰਤਾਰਾ, ਤਾਮੀਲ, ਮਨੌਤ, ਮਨਜ਼ੂਰੀ, ਸ੍ਵੀਕ੍ਰਿਤੀ

ਵਿਪਰਿਆਇ : ਵੇਖੋ **ਅਵੱਗਿਆ**

ਪਿੱਛਾ ਪੁ.

1. ਪਿੱਠ, ਪੁਸ਼ਤ, ਅਕਬ
2. ਪੈਰਵੀ, ਤਕਲੀਦ, ਅਨੁਕਰਣ, ਅਨੁਸਰਨ, ਤਆਕਬ
3. ਅਤੀਤ, ਭੂਤ, ਮਾਜ਼ੀ, ਵਿਗਤ ਕਾਲ, ਬਤੀਤ
4. ਚੰਦਾਵਲ

ਵਿਪਰਿਆਇ : ਵੇਖੋ **ਅੱਗਾ**

ਪੁੱਠਾ ਵਿ.

1. ਉਲਟਾ, ਉਂਧਾ, ਮੂਧਾ
2. ਕਜ, ਟੇਢਾ, ਵਿੰਗਾ

3. ਉਲਟ, ਖ਼ਿਲਾਫ਼, ਵਿਪ੍ਰੀਤ
4. ਕੱਬਾ, ਅਵੈੜਾ, ਉਜੱਡ, ਅਨਾੜੀ, ਅੱਖੜ, ਕੁਚੱਜਾ, ਕੁਪੱਤਾ, ਅੜਬ
5. ਕਪਟੀ, ਕੁਟਿਲ

ਵਿਪਰਿਆਇ : ਵੇਖੋ ਸਿੱਧਾ

ਪੁਰਸ਼ ਪੁ.
1. ਮਰਦ, ਆਦਮੀ, ਮਨੁਖ, ਮਾਨਵ, ਮਨੁਜ, ਬੰਦਾ, ਸ਼ਖ਼ਸ, ਨਰ
2. ਕਰਤਾ, ਫ਼ਾਇਲ, ਪੁਰਖ

ਵਿਪਰਿਆਇ : ਵੇਖੋ ਇਸਤ੍ਰੀ

ਪੁਰਾਣਾ ਵਿ.
1. ਪੁਰਾਤਨ, ਦੇਰ ਦਾ, ਕਦੀਮੀ, ਚਿਰੋਕਾ
2. ਹੰਢਿਆ, ਖ਼ਰਾਬ
3. ਮੁਢਲਾ, ਆਰੰਭਕ,

ਵਿਪਰਿਆਇ : ਵੇਖੋ ਨਵਾਂ

ਪੂਰਬ ਪੁ.
ਚੜ੍ਹਦਾ, ਪ੍ਰਾਚੀ, ਮਸ਼ਰਿਕ

ਵਿਪਰਿਆਇ : ਵੇਖੋ ਪੱਛਮ

ਪੂਰਾ ਵਿ.
1. ਪੂਰਨ, ਸੰਪੂਰਨ, ਕਾਮਿਲ, ਮੁਕੰਮਲ, ਸਾਲਿਮ, ਸਾਬਿਤ, ਭਰਿਆ, ਭਰਪੂਰ, ਲਬਰੇਜ਼, ਲਬਾਲਬ
2. ਵੱਡਾ, ਮਹਾਨ, ਮਾਹਰ, ਸ਼੍ਰੋਮਣੀ, ਸਿਰਮੌਰ, ਪ੍ਰਮੁਖ, ਸਿੱਧ, ਸੰਪੰਨ
3. ਸਮਾਪਤ, ਖ਼ਤਮ, ਤਮ

ਵਿਪਰਿਆਇ : ਵੇਖੋ ਊਣਾ

ਫ਼ਰਜ਼ਾਨਾ ਵਿ.

1. ਦਾਨਾ, ਸਿਆਣਾ, ਸਮਝਦਾਰ, ਸੂਝਵਾਨ
2. ਹੁਸ਼ਿਆਰ, ਚੌਕਸ, ਚੌਕੰਨਾ, ਜਾਗਰੂਕ, ਸਜਗ, ਬੇਦਾਰ, ਮਰਮੱਗ, ਵਿਵਹਾਰਗ, ਵਿਸ਼ਾਰਦ, ਦੂਸ਼ਲ, ਤਾਕ

ਵਿਪਰਿਆਇ : ਵੇਖੋ ਦੀਵਾਨਾ

ਫ਼ਾਇਦਾ ਪੁ.

1. ਨਫ਼ਾ, ਲਾਭ, ਸੂਦ, ਲਾਹਾ, ਖੱਟੀ, ਮੁਨਾਫ਼ਾ
2. ਪ੍ਰਭਾਵ, ਅਸਰ, ਕਾਟ, ਤਾਸੀਰ

ਵਿਪਰਿਆਇ: ਵੇਖੋ ਨੁਕਸਾਨ

ਫਿਕਾ ਵਿ.

1. ਨੀਰਸ, ਬੇਰਸਾ, ਬੇਮਜ਼ਾ, ਬੇਸੁਆਦਾ, ਬਕਬਕਾ, ਬਦਜ਼ਾਇਕਾ
2. ਬੇਰੰਗ, ਹਲਕਾ, ਫੋਕਾ, ਕੋਰਾ
3. ਮੰਦਾ, ਫੋਕਟ, ਫਜ਼ੂਲ, ਵਿਅਰਥ, ਬੇਹੂਦਾ, ਮੁਹਮਲ, ਬੇਮਤਲਬ

— ਫਕ ਇ.

ਬੇਰਸੀ, ਤਲਖੀ, ਪਾੜ, ਵਿਥ, ਵਿਤਕਰਾ, ਫਰਕ, ਦੁਫੇੜ

ਵਿਪਰਿਆਇ : ਵੇਖੋ ਸੁਆਦਲਾ

ਬਹਾਦਰ ਵਿ.

1. ਵੀਰ, ਯੋਧਾ, ਸੂਰਮਾ, ਰਣਧੀਰ, ਰਣਬੀਰ, ਸੂਰਬੀਰ, ਹਿੰਮਤੀ, ਸਾਹਸੀ, ਦਲੇਰ, ਰਣਜੋਧ, ਸ਼ਕਤੀਸ਼ਾਲੀ, ਬਲਵਾਨ, ਬਲਵੰਤ, ਵਰਿਆਮ, ਤਾਕਤਵਰ, ਜ਼ੋਰਾਵਰ, ਜ਼ੋਰਮੰਦ, ਦਿਲਾਵਰ

—ਬਹਾਦਰੀ ਇ. ਵੀਰਤਾ, ਸੂਰਮਗਤੀ, ਹਿੰਮਤ, ਸਾਹਸ, ਸ਼ਕਤੀ, ਦਿਲਾਵਰੀ, ਸੂਰਬੀਰਤਾ, ਮਰਦਾਨਗੀ, ਵਰਿਆਮਤਾ, ਤਾਕਤਵਰੀ

ਵਿਪਰਿਆਇ : ਵੇਖੋ **ਬੁਜ਼ਦਿਲ**

ਬਹੁਤਾ ਵਿ.

ਜ਼ਿਆਦਾ, ਅਧਿਕ, ਵਧੀਕ, ਬੇਸ਼, ਬਾਹਲਾ, ਵਾਫਰ, ਘਣਾ, ਕਾਫ਼ੀ, ਚੋਖਾ, ਚੰਗਾ ਚੋਖਾ, ਖ਼ਾਸਾ, ਵਧੇਰਾ, ਬਹੁਲਾ, ਬਹੁ, ਵੱਧ

ਵਿਪਰਿਆਇ : ਵੇਖੋ **ਥੋੜਾ**

ਬਦਬੂ ਇ.

1. ਦੁਰਗੰਧ, ਦੁਰਵਾਸ਼ਨਾ, ਮੰਦਵਾਸ਼ਨਾ, ਬੋ
2. ਗੰਦ, ਗਿਲਾਜ਼ਤ, ਪਲੀਤੀ, ਗੰਦਗੀ, ਕਸਾਫਤ, ਪਲੀਦੀ, ਮਲੀਨਤਾ, ਮਲਿਨਤਾ, ਅਫ਼ੂਨਤ

ਵਿਪਰਿਆਇ : ਵੇਖੋ **ਖੁਸ਼ਬੂ**

ਬਦੀ ਇ.

1. ਬੁਰਿਆਈ, ਪਾਪ, ਭੈੜ, ਮੰਦ, ਸ਼ੱਰ, ਕੁਕਰਮ, ਦੁਰਾਚਾਰ, ਬਦਕਾਰੀ, ਭ੍ਰਸ਼ਟਾਚਾਰ
2. ਨੁਕਸਾਨ, ਦੋਸ਼, ਐਬ, ਘਾਟ, ਕਸਰ, ਕਮੀ, ਤ੍ਰੁਟੀ, ਛਿਦ੍ਰ, ਪੋਲ
3. ਮੰਦ ਭਾਵਨਾ, ਬਦਨੀਤੀ, ਸ਼ਰਾਰਤ, ਇਲੱਤ, ਖੋਟ, ਖਰਾਬੀ

ਵਿਪਰਿਆਇ : ਵੇਖੋ **ਨੇਕੀ**

ਬੰਧੇਜ ਪੁ.

ਕਾਨੂੰਨ, ਬੰਧਨ, ਬਾੱਧ, ਬਾਨ੍ਹ, ਨੇਮ, ਜ਼ਬਤ, ਸੰਜਮ, ਨਿਯੰਤ੍ਰਣ, ਨਿਯਮ, ਅਨੁਸ਼ਾਸਨ, ਪ੍ਰਬੰਧ, ਵਿਵਸਥਾ, ਬਾਕਾਇਦਗੀ

ਵਿਪਰਿਆਇ : ਵੇਖੋ ਖੁਲ੍ਹ

ਬਰਬਾਦੀ ਇ.

ਤਬਾਹੀ, ਨਾਸ, ਵਿਨਾਸ਼, ਉਜਾੜਾ, ਖਰਾਬੀ, ਢਾਹ

ਵਿਪਰਿਆਇ : ਵੇਖੋ ਆਬਾਦੀ

ਬੁਜ਼ਦਿਲ ਵਿ.

ਕਾਇਰ, ਡਰਪੋਕ, ਡਰਾਕਲ, ਡਰੂ, ਭੀਰੂ

ਵਿਪਰਿਆਇ : ਵੇਖੋ ਬਹਾਦਰ

ਬੁਰਾ ਵਿ.

ਬਦ, ਭੈੜਾ, ਅਸ਼ੁਭ, ਮੰਦਾ, ਕਮੀਨਾ, ਘਟੀਆ, ਰਜ਼ੀਲ, ਖਬੀਸ, ਅਭਾਗਾ, ਕੁਸ਼ਗਨਾ, ਅਦਲਾ, ਸਿਫਲਾ, ਨਾਚੀਜ਼, ਹੇਚ, ਤੁਛ, ਨੀਚ, ਅਧਮ, ਕਮਜ਼ਾਤ

—ਬੁਰਿਆਈ ਇ. ਬਦੀ, ਭੈੜ, ਮੰਦ, ਕਮੀਨਗੀ, ਖਬਾਸਤ, ਕੁਸਗਨ, ਨਹੂਸਤ, ਨੀਚਤਾ, ਖੋਟ, ਕੁਕਰਮ, ਬਦਕਾਰੀ, ਬਦਚਲਣੀ

ਵਿਪਰਿਆਇ : ਵੇਖੋ ਭਲਾ

ਬੇਅਕਲੀ ਇ.

ਬੇਸਮਝੀ, ਬੇਵਕੂਫ਼ੀ, ਮੂਰਖਤਾ, ਹਮਾਕਤ, ਮੁਘਧਤਾ, ਖਲਤਾ, ਅਗਿਆਨ, ਬੇਇਲਮੀ, ਬੇਸ਼ਊਰੀ, ਬੇਖਬਰੀ, ਨਾਵਾਕਫ਼ੀ, ਅਣਜਾਣਪੁਣਾ, ਅਗਿਅਤਾ, ਨਾਦਾਨੀ, ਅਵਿੱਦਿਆ

ਵਿਪਰਿਆਇ : ਵੇਖੋ ਅਕਲ

ਬੇਅਦਬੀ ਇ.

1. ਅਪਮਾਨ, ਨਿਰਾਦਰੀ, ਬਦਤਹਜ਼ੀਬੀ, ਬਦਤਮੀਜ਼ੀ, ਤ੍ਰਿਸਕਾਰ, ਬੇਇਜ਼ਤੀ, ਨਿਰਾਦਰੀ, ਤੌਹੀਨ, ਹੱਤਕ, ਬੇਹੁਰਮਤੀ
2. ਸ਼ੋਖੀ, ਚੰਚਲਤਾ, ਚਪਲਤਾ, ਗੁਸਤਾਖੀ, ਕਠੋਰਤਾ, ਬਦਸਲੂਕੀ, ਕੁਚੱਜਤਾ, ਕੁੱਢਰਤਾ, ਕੁਵਰਤੋਂ, ਉਜੱਡਪੁਣਾ, ਮੰਦ-ਵਿਹਾਰ, ਦੁਰ-ਵਿਵਹਾਰ, ਬਦ-ਕਲਾਮੀ, ਕੁਬੋਲ, ਕੁਵਚਨ

ਵਿਪਰਿਆਇ : ਵੇਖੋ ਅਦਬ

ਬੇਇਜ਼ੱਤੀ ਵਿ.

ਅਪਮਾਨ, ਨਿਰਾਦਰ, ਅਨਾਦਰ, ਤਿਰਸਕਾਰ, ਤੌਹੀਨ, ਹਤਕ, ਬੇਹੁਰਮਤੀ, ਬਦਸਲੂਕੀ, ਗੁਸਤਾਖੀ

ਵਿਪਰਿਆਇ : ਵੇਖੋ ਇੱਜ਼ਤ

ਬੇਇਤਬਾਰੀ ਵਿ.

1. ਬੇਪਰਤੀਤੀ, ਅਵਿਸ਼ਵਾਸ, ਬੇਯਕੀਨੀ, ਬੇਇਤਮਾਦੀ
2. ਸ਼ਕ, ਸੰਦੇਹ, ਸ਼ੰਕਾ, ਸੁਬ੍ਹਾ

ਵਿਪਰਿਆਇ : ਵੇਖੋ ਇਤਬਾਰ

ਬੇਇਲਮੀ ਵਿ.

1. ਅਗਿਆਨ, ਅਵਿਦਿਆ, ਜਹਾਲਤ, ਹਮਾਕਤ, ਮੂੜ੍ਹਤਾ, ਬੇਵਕੂਫ਼ੀ ਮੂਰਖਤਾ
2. ਬੇਖਬਰੀ, ਬੇਧਿਆਨੀ, ਅਗਿਆਤਾ, ਅਣਜਾਣਪੁਣਾ, ਨਾਦਾਨੀ

ਵਿਪਰਿਆਇ : ਵੇਖੋ ਇਲਮ

ਬੇਹਾ ਵਿ.

1. ਬਾਸੀ, ਬੋਸੀਦਾ, ਜੀਰਣ, ਜਰਜਰਾ
2. ਪੁਰਾਣਾ, ਕਲੰਕਾ
3. ਕੁਮਲਾਇਆ, ਮੁਰਝਾਇਆ, ਪਜ਼ਮੁਰਦਾ, ਅਫ਼ਸੁਰਦਾ

ਵਿਪਰਿਆਇ : ਵੇਖੋ ਸਜਰਾ

ਬੇਪਰਤੀਤੀ ਵਿ.

1. ਅਵਿਸ਼ਵਾਸ, ਅਨਾਸਥਾ, ਬੇਵਿਸ਼ਵਾਸ਼ੀ, ਅਨਿਸ਼ਠਾ, ਬੇਇਤਬਾਰੀ, ਬੇਇਤਮਾਦੀ
2. ਵਿਰੋਧ, ਅਸਹਯੋਗ, ਨਾਮਿਲਵਰਤਣ, ਮੁਖਾਲਫ਼ਤ

ਵਿਪਰਿਆਇ ਵੇਖੋ ਪਰਤੀਤ

ਬੇਨੇਮੀ ਵਿ.

ਬੇਜ਼ਾਬਤਗੀ, ਬੇਕਾਇਦਗੀ, ਆਵਾਰਾਪਣ, ਖੁਲ੍ਹ

ਵਿਪਰਿਆਇ : ਵੇਖੋ ਨੇਮ

ਭੱਛਕ ਵਿ.

ਵਿਨਾਸ਼ਕ, ਮਾਰੂ, ਸੰਘਾਰਕ, ਢਾਹੂ, ਵਿਨਾਸ਼ਕਾਰੀ, ਭੰਜਕ, ਭੰਜਣਹਾਰ, ਖੰਡਣਹਾਰ, ਤੋੜਨਹਾਰ

ਵਿਪਰਿਆਇ : ਵੇਖੋ **ਰਖਿਅਕ**

ਭਟਕਣ ਇ.

1. ਉਚਾਟ, ਖਿੰਡਾਰ, ਇਨਤਸ਼ਾਰ
2. ਅਸ਼ਾਂਤੀ, ਭੁਟਕ, ਬੇਚੈਨੀ, ਬੇਕਰਾਰੀ, ਬੇਤਾਬੀ, ਅਧੀਰਤਾ, ਆਤੁਰਤਾ, ਵਿਆਕੁਲਤਾ
3. ਆਵਾਰਗੀ, ਭ੍ਰਮਣ, ਰਟਣ, ਦੇਸ਼ਾਟਣ, ਗਰਦਿਸ਼, ਗਤੀ

ਵਿਪਰਿਆਇ : ਵੇਖੋ **ਧਿਆਨ**

ਭਰਪੂਰ ਵਿ.

1. ਭਰਿਆ, ਪੂਰਣ, ਪਰਿਪੂਰਣ, ਲਬਾਲਬ, ਲਬਰੇਜ
2. ਸਖ਼ਤ, ਕਾਰੀ, ਮੁਹਲਕ, ਪ੍ਰਚੰਡ, ਅਮੋਘ, ਅਚੁੱਕ
3. ਸਰਬੰਗੀ, ਵਿਸਤ੍ਰਿਤ, ਵਿਸ਼ਾਲ, ਵਿਸਤਾਰਪੂਰਣ, ਸਵਿਸਤਾਰ, ਬਹੁ-ਪਖੀ, ਸਾਰਪੂਰਣ, ਸਾਰਯੁਕਤ, ਠੋਸ, ਸਾਰਥਕ, ਮਹਤ੍ਵਪੂਰਣ

ਵਿਪਰਿਆਇ: ਵੇਖੋ **ਊਣਾ**

ਭਰਿਆ ਵਿ.

1. ਭਰਪੂਰ, ਪੂਰਨ, ਪੂਰਿਆ, ਪੂਰਾ, ਲਬਰੇਜ਼, ਲਬਾਲਬ
2. ਗੰਭੀਰ, ਸੰਜੀਦਾ, ਮੁਕੰਮਲ, ਕਾਮਿਲ, ਸੰਪੂਰਨ, ਸੰਪੰਨ, ਸਮ੍ਰਿਧ

ਵਿਪਰਿਆਇ : ਵੇਖੋ **ਸਖਣਾ**

ਭਲਾ ਵਿ.

1. ਚੰਗਾ, ਨੇਕ, ਸਾਊ, ਸਰਿਆਰ, ਸੱਚਾ, ਅਸੀਲ, ਸ਼ਰੀਫ, ਨਜੀਬ, ਭਲਾਮਾਣਸ, ਕੁਲੀਨ, ਕੁਲਵੰਤ

2. ਉਤਮ, ਸ੍ਰੇਸ਼ਟ, ਵਿਸ਼ਸਟ, ਸੁਭਦ੍ਰ
3. ਉਪਕਾਰੀ, ਲਾਭਦਾਇਕ, ਉਪਯੋਗੀ, ਲਾਹੇਵੰਦ, ਫ਼ਾਇਦੇਮੰਦ, ਮੁਫ਼ੀਦ, ਲਾਭਕਾਰੀ
4. ਵਲ, ਤੰਦਰੁਸਤ, ਅਰੋਗ, ਸੁਸੱਥ, ਸਿਹਤਮੰਦ
5. ਪ੍ਰਸਿੱਧ, ਮਸ਼ਹੂਰ, ਨਾਮੀ, ਮੰਨਿਆ ਪ੍ਰਮੰਨਿਆ

—ਭਲਾ ਚੰਗਾ ਵਿ. ਵਲ, ਅਰੋਗ, ਤੰਦਰੁਸਤ

—ਭਲਿਆਈ ਇ.

1. ਚੰਗਿਆਈ, ਨੇਕੀ, ਉਪਕਾਰ, ਖ਼ੂਬੀ, ਵਸਫ਼, ਇਹਸਾਨ,
2. ਗੁਣ, ਭਲਮਾਣਸੀ, ਸਾਊਪੁਣਾ, ਸ਼ਰਾਫ਼ਤ

ਵਿਪਰਿਆਇ : ਵੇਖੋ **ਪ੍ਰਗਟ**

ਭਾਰਾ **ਵਿ.**

1. ਬੋਝਲ, ਵਜ਼ਨੀ, ਵਜ਼ਨਦਾਰ, ਵੱਡਾ, ਮਹਾਨ, ਠੋਸ, ਗੰਭੀਰ, ਗਹਰਾ
2. ਔਖਾ, ਮੁਸ਼ਕਲ, ਕਠਿਨ, ਦੁਸ਼ਵਾਰ, ਦੁਰਗਮ, ਅਸਾਧ
3. ਮਗਰੂਰ, ਨਖ਼ਰੇਬਾਜ਼

ਵਿਪਰਿਆਇ : ਵੇਖੋ **ਹੋਲਾ**

ਭੀੜ **ਇ.**

1. ਇਕੱਠ, ਮੇਲਾ, ਹਜੂਮ, ਮਜਮਾ,
2. ਇਕਤ੍ਰਤਾ, ਸਮਾਗਮ
3. ਲੋਕਾਈ, ਜਨਸਮੂਹ, ਖ਼ਲਕਤ
4. ਬਿਪਤਾ, ਭੀੜ, ਤੰਗੀ, ਮੁਸੀਬਤ, ਦੁਸ਼ਵਾਰੀ, ਆਫ਼ਤ, ਉਲਝਣ, ਸਮੱਸਿਆ, ਆਫ਼ਤ, ਸੰਕਟ, ਔਖ, ਦਿਕੱਤ, ਬਿਖਮਤਾ, ਦਲਿਦ੍ਰ ਤੰਗੀ, ਤੁਰਸ਼ੀ, ਗਰੀਬੀ, ਇਫ਼ਲਾਸ, ਨਾਦਾਰੀ, ਫ਼ਕਰ, ਥੁੜ, ਤੋਟ

ਵਿਪਰਿਆਇ : ਵੇਖੋ **ਛੀੜ**

ਭੀੜਾ **ਵਿ.**

1. ਤੰਗ, ਸੌੜਾ
2. ਨਿਕਾ, ਨੀਵਾਂ
3. ਮੁਸ਼ਕਿਲ, ਕਠਿਨ, ਦੁਸ਼ਵਾਰ, ਔਖਾ, ਦੁਰਗਮ, ਦੁਰਲੰਘ

4. ਸੁੰਗੜਵਾ, ਸੰਕੁਚਿਤ, ਸੰਕੀਰਣ

ਵਿਪਰਿਆਇ : ਵੇਖੋ ਮੋਕਲਾ

ਭੁੱਖ **ਵਿ.**

1. ਖੁਧਿਆ, ਹਾਬੜਾ ਇਸ਼ਤਹਾ, ਭੋਖਾ, ਭੋਖੜਾ
2. ਤ੍ਰਿਸ਼ਨਾ, ਤਲਬ, ਲੋੜ, ਹਾਜਤ, ਮੰਗ, ਚਾਹਣਾ, ਤ੍ਰੇਹ
3. ਲਾਲਸਾ, ਕਾਮਨਾ, ਹਿਰਸ, ਇੱਛਾ, ਵਾਸ਼ਨਾ
4. ਫ਼ਾਕਾ, ਵ੍ਰਤ, ਰੋਜ਼ਾ, ਅਨਸ਼ਨ
5. ਕਾਲ, ਭੁਖ-ਮਰੀ, ਕਹਤ, ਗਰੀਬੀ

—ਭੁਖਾ **ਵਿ.**

1. ਭੁਖੱੜ, ਹਾਬੜਿਆ, ਭੁਖ-ਮਰਿਆ, ਕੁਖਣਭਾਣਾ
2. ਭੁਖੈਲ, ਲਾਲਸੀ, ਕਾਮੀ, ਹਿਰਸੀ, ਤਲਬਗਾਰ, ਹਾਜਤਮੰਦ, ਕਾਂਖੀ
3. ਨਿਰਾਹਾਰ, ਵ੍ਰਤੀ, ਰੋਜ਼ਾਦਾਰ, ਫ਼ਾਕਾਕਸ਼

ਵਿਪਰਿਆਇ : ਵੇਖੋ ਰਜ

ਭੁਲ **ਇ.**

1. ਬਿਸਰਾਈ, ਵਿਸਾਰਨ, ਫ਼ਰਾਮੋਸ਼ੀ
2. ਚੁਕ, ਉਕਾਈ, ਊਣਤਾਈ, ਕੋਤਾਹੀ, ਗਲਤੀ, ਬੇਧਿਆਨੀ ਬੇਖਬਰੀ
3. ਭੁਲਣਹਾਰ, ਭੁਲਿਆ, ਬੇਖਬਰ, ਕੁਰਾਹੀਆ, ਕੁਮਾਰਗੀ, ਕੁਪੰਥੀ, ਪਤਿਤ, ਭ੍ਰਸ਼ਟ

—ਭੁਲ ਭੁਲੇਖੇ ਕਿ. ਵਿ. ਗਲਤੀ ਨਾਲ, ਬੇਖਬਰੀ ਵਿਚ, ਬੇਧਿਆਨੇ

ਵਿਪਰਿਆਇ : ਵੇਖੋ ਯਾਦ

ਭੂਸ਼ਣ **ਪੁ.**

1. ਸਿਫ਼ਤ, ਖੂਬੀ, ਉਪਮਾ, ਉਸਤਤਿ, ਵਿਸ਼ੇਸ਼ਤਾ, ਵਿਸ਼ਿਸ਼ਟਤਾ, ਇਮਤਿਆਜ਼, ਵਸਫ਼, ਗੁਣ, ਪ੍ਰਸੰਸਾ, ਚੰਗਿਆਈ
2. ਗਹਣਾ, ਸਜਾਵਟ, ਜ਼ੇਵਰ, ਅਲੰਕਾਰ, ਸ਼ਿੰਗਾਰ, ਜ਼ੇਬਾਇਸ਼, ਜ਼ੇਬ, ਜ਼ੀਨਤ

ਵਿਪਰਿਆਇ : ਵੇਖੋ ਦੂਸ਼ਣ

ਭੋਗ **ਪੁ.**

1. ਪ੍ਰਵ੍ਰਿਤੀ, ਵਿਲਾਸ, ਰਸਭੋਗ, ਉਪਭੋਗ
2. ਸਹਣ, ਭਗਤੀ, ਭੁਗਤ, ਬਰਦਾਸ਼ਤ

3. ਭੇਟ, ਨਜ਼ਰ, ਨਿਆਜ਼, ਸਦਕਾ, ਪ੍ਰਸਾਦ, ਨਜ਼ਰਾਨਾ, ਪੇਸ਼ਕਸ਼, ਭੇਟਾ, ਅਰਪਣ, ਚੜ੍ਹਾਵਾ
4. ਸੁਆਦ, ਮਜ਼ਾ, ਲਜ਼ੱਤ, ਰਸ
5. ਸੰਕੇਤ, ਜ਼ਿਕਰ, ਇਸ਼ਾਰਾ
6. ਖ਼ਾਤਮਾ, ਸਮਾਪਤੀ, ਖ਼ਤਮ

ਵਿਪਰਿਆਇ : ਵੇਖੋ ਯੋਗ

ਮਸਤੀ ਇ.

1. ਖੁਮਾਰੀ, ਮਦਹੋਸ਼ੀ, ਸਰੂਰ, ਕੈਫ਼, ਉਨਮਾਦ, ਸਰਸ਼ਾਰੀ
2. ਬੇਖ਼ਬਰੀ, ਅਚੇਤੰਨਤਾ, ਬੇਧਿਆਨੀ, ਬੇਪਰਵਾਹੀ, ਬੇਹੋਸ਼ੀ, ਅਣਗਹਲੀ
3. ਖਰਮਸਤੀ, ਬਦਮਸਤੀ, ਖਰੂਦ
4. ਗ਼ਰੂਰ, ਅਭਿਮਾਨ, ਅਹੰਕਾਰ, ਹਊਮੈ, ਹੰਗਤਾ, ਮਸਤੇਵਾ

—ਮਸਤ
—ਮਸਤਾਨਾ } ਵਿ.

1. ਮਦਹੋਸ਼, ਗੁੱਟ, ਮਖ਼ਮੂਰ, ਬੇਖ਼ਬਰ, ਸਰਸ਼ਾਰ, ਲੀਨ, ਮਗਨ, ਗ਼ਰਕ, ਡੁੱਬਾ
2. ਇਕਾਗਰ, ਰੁਝਿਆ, ਮਸਰੂਫ਼,
3. ਮਲੰਗ, ਅਲਗਰਜ਼, ਬੇਪਰਵਾਹ

ਵਿਪਰਿਆਇ : ਵੇਖੋ ਹੋਸ਼

ਮਸਰੂਰ ਵਿ. ਪ੍ਰਸੰਨ, ਖ਼ੁਸ਼, ਸ਼ਾਦ, ਮਖ਼ਮੂਰ, ਸਰਸ਼ਾਰ, ਸ਼ਾਦਮਾ, ਆਨੰਦ ਮਗਨ

ਵਿਪਰਿਆਇ : ਵੇਖੋ ਪਸ਼ੇਮਾਨ

ਮਸਾਂਤ ਇ. ਮਹੀਨੇ ਦਾ ਅਖੀਰ

ਵਿਪਰਿਆਇ : ਵੇਖੋ ਸੰਗ੍ਰਾਂਦ

ਮਹਿੰਗਾ ਵਿ.

1. ਬਹੁ-ਮੁਲਾ, ਕੀਮਤੀ, ਗਿਰਾਂ, ਵਡਮੁਲਾ, ਗਿਰਾਂਬਹਾ, ਬੇਸ਼ਕੀਮਤ
2. ਦੁਰਲਭ, ਨਾਯਾਬ, ਨਾਦਿਰ
3. ਪਿਆਰਾ, ਪ੍ਰਿਯ, ਅਜ਼ੀਜ਼

—ਮਹਿੰਗਾ ਪੁ. ਮਹਿੰਗਾਈ, ਗਿਰਾਨ, ਨਾਯਾਬੀ, ਕਾਲ, ਕਹਤ,, ਅਭਾਵ

ਵਿਪਰਿਆਇ : ਵੇਖੋ ਸਸਤਾ

ਮਹਾਨ **ਵਿ.**

1. ਵੱਡਾ, ਬਜ਼ੁਰਗ, ਉੱਚਾ, ਉਤਮ, ਸ੍ਰੇਸ਼ਟ, ਉੱਚ, ਬੁਲੰਦ, ਅਜ਼ੀਮ, ਆਲੀ
2. ਭਾਰੀ, ਗੰਭੀਰ
3. ਔਖਾ, ਬਿਖਮ, ਬਿਖੜਾ, ਮੁਸ਼ਕਿਲ, ਵਿਕਟ, ਦੁਸ਼ਵਾਰ, ਦੁਰਗਮ
4. ਸ਼ਾਨਦਾਰ, ਆਲੀਸ਼ਾਨ, ਗੌਰਵਮਈ, ਅਹਮ, ਮਹੱਤ੍ਵਪੂਰਣ
5. ਵਿਸ਼ਾਲ, ਖੁਲ੍ਹਾ, ਉਦਾਰ, ਵਿਸਤ੍ਰਿਤ

—ਮਹਾਨਤਾ ਇ. ਮਹੱਤਾ, ਬਜ਼ੁਰਗੀ, ਵਡਿਆਈ, ਵਡੱਪਣ, ਵਡਿੱਤਣ, ਗੌਰਵ, ਅਹਮੀਅਤ, ਮਹਮਾ, ਕਿਬਰਿਆਈ, ਉੱਚਤਾ, ਸ੍ਰੇਸ਼ਟਤਾ, ਵਿਸ਼ਿਸ਼ਟਤਾ

ਵਿਪਰਿਆਇ : ਵੇਖੋ **ਤੁਛ**

ਮੁਹਾਲ **ਵਿ.**

ਔਖਾ, ਦੁਸ਼ਵਾਰ, ਮੁਸ਼ਕਿਲ, ਅਸੰਭਵ, ਨਾਮੁਮਕਿਨ, ਅਸਾਧ, ਬਿਖਮ, ਬਿਖੜਾ, ਦੁਰਗਮ, ਕਠਿਨ, ਦੁਤਰ, ਦੂਭਰ

ਵਿਪਰਿਆਇ : ਵੇਖੋ **ਮੁਮਕਿਨ**

ਮੰਡਨ **ਪੁ.**

1. ਤਾਈਦ, ਸਮਰਥਨ, ਤਸਦੀਕ, ਪ੍ਰੋੜਤਾ, ਪੁਸ਼ਟੀ, ਪਕਿਆਈ, ਤਾਕੀਦ, ਤੌਸੀਕ
2. ਮਨੌਤ, ਪਰਵਾਨਗੀ, ਮਨਜ਼ੂਰੀ, ਸ੍ਵੀਕ੍ਰਿਤੀ, ਇਜਾਜ਼ਤ, ਅਨੁੱਗਿਆ

ਵਿਪਰਿਆਇ ; ਵੇਖੋ **ਖੰਡਨ**

ਮਦਦ **ਇ.**

1. ਸਹਾਇਤਾ, ਇਮਦਾਦ, ਪ੍ਰੋੜਤਾ, ਹਮਾਇਤ, ਪੁਸ਼ਟੀ, ਸਮਰਥਨ, ਤਾਈਦ, ਯਾਵਰੀ, ਬਹੁੜੀ
2. ਰਖਿਆ, ਹਿਫ਼ਾਜ਼ਤ, ਬਚਾਉ, ਪਰਿਤ੍ਰਾਣ, ਰਾਖੀ, ਪਨਾਹ, ਪੁਸ਼ਤਪਨਾਹੀ
3. ਸਾਥ, ਸੰਗ, ਦੋਸਤੀ, ਦੋਸਤਦਾਰੀ, ਮਿਤ੍ਰਤਾ
4. ਰਿਆਇਤ, ਕਦਰ, ਕਦਰਦਾਨੀ, ਮਿਹਰਬਾਨੀ, ਮੁਰੱਵਤ, ਸ਼ਫ਼ਕਤ, ਦਿਲਨਵਾਜ਼ੀ, ਨਿਵਾਜ਼ਿਸ਼
5. ਕੁਮਕ, ਰਸਦ

ਵਿਪਰਿਆਇ : ਵੇਖੋ **ਰੋਕ**

ਮੰਦਾ **ਵਿ.**

ਭੈੜਾ, ਬੁਰਾ, ਬਦ, ਅਸ਼ੁਭ, ਬਦਕਾਰ, ਬਦਮਾਸ਼, ਬਦਅਖ਼ਲਾਕ, ਦੁਰਾਚਾਰ, ਬਦਖੂ, ਦੁਸ਼ਟ, ਕਮੀਨਾ, ਨੀਚ, ਸਿਫ਼ਲਾ, ਅਧਮ, ਖ਼ਬੀਸ, ਰਜ਼ੀਲ, ਨਾਚੀਜ਼, ਤੁਛ, ਹੇਚ, ਬਿਰਥਾ, ਨਿਰਰਥਕ, ਸਸਤਾ, ਕਮਕੀਮਤ, ਅਲਪ, ਥੋੜਾ, ਘੱਟ ਕਮ

—ਮੰਦਾ **ਪੁ.**

ਭੈੜ, ਬੁਰਿਆਈ, ਬਦੀ, ਬਦਕਾਰੀ, ਕਮੀਨਗੀ, ਨੀਚਤਾ, ਪਤਣ, ਗਿਰਾਵਟ, ਮੰਦਵਾੜਾ, ਮੰਦੀ, ਮੰਦ

ਵਿਪਰਿਆਇ ; ਵੇਖੋ ਚੰਗਾ

ਮਨਜ਼ੂਰ **ਵਿ:**

1. ਪਰਵਾਨ, ਕਬੂਲ
2. ਮੰਨਿਆ, ਮਕਬੂਲ, ਸ੍ਵੀਕ੍ਰਿਤ, ਪ੍ਰਵਾਣਿਤ

—ਮਨਜ਼ੂਰੀ ਇ. ਆਗਿਆ, ਪਰਵਾਨਗੀ, ਇਜਾਜ਼ਤ, ਕਬੂਲੀਅਤ, ਸ੍ਵੀਕ੍ਰਿਤੀ

ਵਿਪਰਿਆਇ : ਵੇਖੋ ਮਰਦੂਦ

ਮਨਾਹੀ **ਇ.**

ਰੋਕ, ਨਿਸ਼ੇਧ

ਵਿਪਰਿਆਇ : ਵੇਖੋ ਇਜਾਜ਼ਤ

ਮਰਣ **ਪੁ.**

ਮ੍ਰਿਤੂ, ਮੌਤ, ਅੰਤ, ਅੰਤਕਾਲ, ਕੂਚ, ਰਿਹਲਤ, ਇਰਤਹਾਲ, ਚੜ੍ਹਾਈ, ਪਰਲੋਕ ਗਮਨ, ਅਵਸਾਨ, ਦੇਹਾਂਤ, ਫ਼ਨਾ, ਅਦਮ, ਨੇਸਤੀ

ਵਿਪਰਿਆਇ : ਵੇਖੋ ਜਨਮ

ਮਰਦੂਦ **ਵਿ.**

1. ਰਦਿਆ, ਰੱਦ, ਕਢਿਆ, ਛੇਕਿਆ, ਤਜਿਤ, ਵਿਵਰਜਤ
2. ਪਤਿਤ, ਪਲੀਤ, ਮਨਹੂਸ, ਭ੍ਰਸ਼ਟ, ਮਲਊਨ, ਸ਼ੈਤਾਨ
3. ਸਿਫ਼ਲਾ, ਕਮੀਨਾ, ਰਜ਼ੀਲ, ਖ਼ਬੀਸ, ਅਧਮ
4. ਨਾਚੀਜ਼, ਤੁਛ, ਹੋਛ, ਨਾਕਾਰਾ, ਨਿਕੰਮਾ, ਸਰਾਪਿਆ

ਵਿਪਰਿਆਇ : ਵੇਖੋ ਮਨਜ਼ੂਰ

ਮਲੀਨ **ਵਿ.**

1. ਮੈਲਾ, ਗੰਦਾ, ਗਲੀਜ਼, ਆਲੂਦਾ, ਲਿਪਤ, ਲਿਬੜਿਆ, ਪਲੀਤ,

ਪਲੀਦ, ਕਸੀਫ਼

2. ਭਿਟੱੜ, ਭ੍ਰਸ਼ਟ, ਪਤਿਤ, ਨੀਚ, ਪਾਪੀ, ਆਸੀ, ਗੁਨਾਹਗਾਰ

ਵਿਪਰਿਆਇ : ਵੇਖੋ **ਨਿਰਮਲ**

ਮਾਲਕ **ਪੁ.**

ਸੁਆਮੀ, ਆਕਾ, ਭਰਤਾ, ਪਤੀ, ਸਾਈਂ, ਨਾਥ, ਹਾਕਿਮ, ਵਾਲੀ, ਵਾਲੀ ਵਾਰਿਸ

ਵਿਪਰਿਆਇ : ਵੇਖੋ **ਨੌਕਰ**

ਮਾੜਾ **ਵਿ.**

1. ਕਮਜ਼ੋਰ, ਨਿਰਬਲ, ਦੁਰਬਲ, ਨਿਤਾਣਾ, ਹੀਣਾ
2. ਪਤਲਾ, ਲਾਗ਼ਿਰ, ਨਹੀਫ਼
3. ਬੇਬਸ, ਲਾਚਾਰ, ਮਜ਼ਬੂਰ, ਆਤੁਰ, ਆਜਿਜ਼, ਨਿਮਾਣਾ, ਗਰੀਬ
4. ਭੈੜਾ, ਮੰਦਾ, ਬਦ, ਬਦਕਾਰ, ਖੋਟਾ, ਕਪਟੀ, ਕੁਟਿਲ, ਦਗਾਕਾਰ, ਫਰੇਬੀ
5. ਨਾਚੀਜ਼, ਹੇਚ, ਨਿਕੰਮਾ, ਨਾਕਾਰਾ, ਫਜ਼ੂਲ, ਕਮਜ਼ੋਰ, ਤੁਛ
6. ਔਖਾ, ਦੁਸ਼ਵਾਰ, ਬਿਖਮ, ਬਿਖੜਾ, ਦੁਭਰ
7. ਮਾਮੂਲੀ, ਥੋੜਾ, ਭੋਰਾ, ਕਿਣਕ, ਮਾਸਾ, ਅਲਪ, ਮਧਮ, ਨਿਮ੍ਹਾ, ਮੱਠਾ

ਵਿਪਰਿਆਇ : ਵੇਖੋ **ਤਕੜਾ**

ਮਿਹਰ **ਇ.**

ਕ੍ਰਿਪਾ, ਦਯਾ, ਕਰੁਣਾ, ਅਨੁਗ੍ਰਹਿ, ਕ੍ਰਿਪਾਲਤਾ, ਦਯਾਲਤਾ, ਮਰਹਮਤ, ਕਰਮ, ਬਖਸ਼ਿਸ਼, ਪ੍ਰਸਾਦਿ, ਅਨੁਕੰਪਾ, ਮੇਹਰਬਾਨੀ, ਸ਼ਫ਼ਕਤ, ਨਵਾਜ਼ਿਸ਼, ਇਨਾਇਤ

ਵਿਪਰਿਆਇ : ਵੇਖੋ **ਕਹਰ**

ਮਿੱਠਾ **ਵਿ.**

1. ਮਧੁਰ, ਸ਼ੀਰੀਂ, ਮਿਸ਼ਟ, ਮਿਠੜਾ
2. ਰਸੀਲ, ਸੁਆਦਲਾ, ਸੁਆਦੀ, ਲਜ਼ੀਜ਼, ਲਜ਼ੱਤਦਾਰ, ਸਰਸ
3. ਮਨਪਸੰਦ, ਦਿਲਕਸ਼, ਮਨ ਭਾਉਂਦਾ, ਦਿਲ ਪਜ਼ੀਰ, ਚੰਗਾ, ਪ੍ਰਿਯ
4. ਨਿਮ੍ਹਾ, ਹਲਕਾ, ਹੋਲਾ, ਥੋੜਾ, ਅਲਪ

—ਮਿਠਾਸ ਇ. ਮਿਠਾਪਣ, ਮਧੁਰਤਾ, ਸ਼ੀਰੀਨੀ, ਰਸ, ਲਜ਼ਤਦਾਰੀ

ਵਿਪਰਿਆਇ : ਵੇਖੋ ਕੌੜਾ

ਮਿਤ ਵਿ.

ਬਝੱਵਾਂ, ਨਿਸਚਿਤ, ਨਿਰਧਾਰਿਤ, ਨਿਯੱਤ, ਸੀਮਿਤ, ਸਸੀਮ, ਮੁਕਰੱਰ, ਮਹਦੂਦ, ਸਥਾਪਿਤ, ਸਥਿਤ, ਮਿਣਵਾਂ, ਸੀਮਾਬੱਧ, ਨਿਯਮਿਤ, ਨੇਮਬੱਧ, ਗਿਣਵਾਮਿਣਵਾਂ, ਵਿਤਰਿਆ, ਮਿਆਦੀ

ਵਿਪਰਿਆਇ : ਵੇਖੋ ਅਮਿਤ

ਮੁਸ਼ਕਿਲ ਇ.

ਔਖ, ਕਠਨਾਈ, ਦੁਸ਼ਵਾਰੀ, ਬਿਖਮਤਾ, ਸੰਕਟ, ਆਫ਼ਤ, ਬਿਪਤਾ, ਭੀੜ, ਮੁਸੀਬਤ, ਦੁਖ, ਔਖੜ, ਅੜਚਣ, ਉਲਝਣ, ਸਮਸਿਆ, ਅੜਾਉਣੀ, ਪੇਚ

—ਮੁਸ਼ਕਿਲ ਵਿ. ਔਖਾ, ਕਠਿਨ, ਬਿਖੜਾ, ਦੁਸ਼ਵਾਰ, ਬਿਖਮ, ਦੁਭਰ, ਦੁਤਰ, ਅਸਾਧ, ਪੇਚੀਦਾ, ਅਸੰਭਵ, ਨਾਮੁਮਕਿਨ, ਮੁਹਾਲ

ਵਿਪਰਿਆਇ : ਵੇਖੋ ਆਸਾਨੀ

ਮੁਸਤਕਿਲ ਵਿ.

ਪੱਕਾ, ਮਜ਼ਬੂਤ, ਮੁਹਕਮ, ਪੁਖਤਾ, ਦ੍ਰਿੜ, ਪੁਸ਼ਟ, ਪਰਪੱਕ, ਸਥਾਈ, ਸਥਿਰ, ਕਾਇਮ, ਦਾਇਮ, ਮਦਾਮੀ, ਦਵਾਮੀ, ਸਦੀਵੀ, ਚਿਰਕਾਲੀਨ, ਅਭੰਗ

ਵਿਪਰਿਆਇ : ਵੇਖੋ ਆਰਜ਼ੀ

ਮੁਹੱਬਤ ਇ.

ਪਿਆਰ, ਪ੍ਰੀਤ, ਪ੍ਰੇਮ, ਸਨੇਹ, ਨਿਹੁੰ, ਉਲਫ਼ਤ, ਅਨੁਰਾਗ, ਹੁੱਬ, ਦੋਸਤੀ, ਮੈਤ੍ਰੀ ਇਸ਼ਕ, ਪ੍ਰਣਯ, ਰਾਗ

ਵਿਪਰਿਆਇ : ਵੇਖੋ ਨਫ਼ਰਤ

ਮੁੱਢ ਪੁ.

1. ਸ਼ੁਰੂ, ਆਦਿ, ਆਰੰਭ, ਪ੍ਰਾਰਭ, ਮੱਥ, ਇਬਤਦਾ, ਆਗਾਜ਼, ਸ੍ਰੋਤ, ਜ਼ੋਮਾਂ, ਮਸਦਰ, ਸਰਚਸ਼ਮਾ, ਮੰਬਾ, ਅਸਲ, ਮੂਲ, ਜੜ੍ਹ, ਬੁਨਿਆਦ
2. ਉਦਗਮ, ਉਦਭਵ, ਉਤਪਤੀ, ਨਿਕਾਸ

—ਮੁੱਢਲਾ ਵਿ'

1. ਪਹਲਾ, ਆਦਿਮ, ਪਲੇਠਾ, ਜੇਠਾ, ਪ੍ਰਾਰੰਭਕ, ਇਬਤਦਾਈ
2. ਆਧਾਰਕ, ਬੁਨਿਆਦੀ
3. ਪੁਰਾਣਾ, ਪ੍ਰਾਚੀਨ, ਪੁਰਾਤਨ, ਸਨਾਤਨ, ਕਦੀਮ, ਅਸਲੀ

ਵਿਪਰਿਆਇ : ਵੇਖੋ ਓੜਕ

ਮੁਮਕਿਨ ਵਿ. ਸੰਭਵ

ਵਿਪਰਿਆਇ : ਵੇਖੋ ਮਹਾਲ

ਮੇਲ ਪੁ.

1. ਸੰਜੋਗ, ਜੋੜ, ਇਤਫ਼ਾਕ, ਏਕਤਾ, ਇਤਸਾਲ, ਮਿਲਾਪ, ਸ਼ਲੇਸ਼
2. ਮਿਲਣੀ, ਭੇਟ, ਮੁਲਾਕਾਤ, ਸਾਖਿਆਤਕਾਰ, ਸਨਮੁਖਤਾ
3. ਇਕੱਠ, ਸਮੂਹ, ਹਜੂਮ, ਸਮੁਦਾਯ, ਭੀੜ, ਮੇਲਾ
4. ਤੁਲਨਾ, ਟਾਕਰਾ, ਸਮਾਨਤਾ, ਸਮਰੂਪਤਾ, ਸਦ੍ਰਿਸ਼ਤਾ, ਮਿਲਾਨ, ਮਮਾਸਲਤ, ਮੁਸਾਬਹਤ

ਵਿਪਰਿਆਇ : ਵੇਖੋ ਨਿਖੇੜ

ਮੈਲਾ ਵਿ.

1. ਮਲੀਨ, ਗੰਦਾ, ਗ਼ਲੀਜ਼, ਪਲੀਤ, ਨਾਪਾਕ, ਨਾਸਾਫ਼, ਗੰਧਲਾ, ਮਟਿਆਲਾ
2. ਖੋਟਾ, ਕਪਟੀ, ਕੁਟਿਲ, ਫ਼ਰੇਬੀ, ਬਦਨੀਤ, ਬਦਕਾਰ, ਬੁਰਾ, ਮੰਦਾ, ਮਾੜਾ, ਭੈੜਾ, ਕਮੀਨਾ, ਸਿਫਲਾ, ਖਬੀਸ, ਬੁਰਿਆਰ, ਰਜ਼ੀਲ, ਜ਼ਲੀਲ

—ਮੈਲ ਇ.

1. ਗੰਦਗੀ, ਗੰਦ, ਗਲਾਜ਼ਤ, ਪਲੀਤੀ, ਨਾਪਾਕੀ
2. ਬਦੀ, ਬੁਰਾਈ, ਬੁਰਿਆਈ, ਭੈੜ, ਮੰਦ

ਵਿਪਰਿਆਇ : ਵੇਖੋ ਉੱਜਲ

ਮੋਕਲਾ ਵਿ.

1. ਖੁਲ੍ਹਾ, ਵਿਸ਼ਾਲ, ਚੌੜਾ, ਕੁਸ਼ਾਦਾ
2. ਢਿੱਲਾ, ਬੇਮੇਚਾ, ਨਾਬਰਾਬਰ, ਨਾਮੁਸਾਵੀ
3. ਖੁਸ਼ਹਾਲ, ਸੌਖਾ, ਆਸੂਦਾ, ਸਮ੍ਰਿਧ

3. ਦੁਰੇਡਾ, ਦੂਰ, ਪਰੇ, ਪਰੇਰਾ, ਪਾਰਲਾ

ਵਿਪਰਿਆਇ : ਵੇਖੋ ਭੀੜਾ¹

ਮੋਟਾ¹ **ਵਿ.**

1. ਸਥੂਲ, ਫਰਬਾ, ਨਿਗਰ, ਠੋਸ
2. ਸੰਘਣਾ, ਗਾੜ੍ਹਾ
3. ਖਰ੍ਹਵਾ, ਰੁਖਾ
4. ਧਨਾਢ, ਅਮੀਰ, ਮਾਲਦਾਰ, ਧਨਵਾਨ, ਧਨੀ, ਧਨਵੰਤ

ਵਿਪਰਿਆਇ : ਵੇਖੋ ਪਤਲਾ¹

ਯਕੀਨ ਪੁ.
ਨਿਸ਼ਚਾ, ਨਿਹਚਾ, ਨਿਸ਼ਠਾ, ਈਮਾਨ, ਸਿਦਕ, ਧਰਮ, ਵਿਸ਼ਵਾਸ, ਅਕੀਦਾ, ਮਤ, ਦ੍ਰਿਸ਼ਟੀਕੋਣ, ਸਿਧਾਂਤ, ਸਥਾਪਨਾ, ਅਭਿਮਤ, ਧਾਰਨਾ, ਵਿਚਾਰਧਾਰਾ, ਨਜ਼ਰੀਆ

ਵਿਪਰਿਆਇ : ਵੇਖੋ **ਵਹਿਮ**

ਯਾਦ ਇ.
ਚੇਤਾ, ਸਮ੍ਰਿਤੀ, ਯਾਦਦਾਸ਼ਤ, ਹਾਫ਼ਿਜ਼ਾ, ਖਿਆਲ, ਧਿਆਨ

—ਯਾਦਗਾਰ ਇ. ਸਮਾਰਕ

ਵਿਪਰਿਆਇ : ਵੇਖੋ **ਭੁਲ**

ਯਾਰ ਵਿ.
1. ਦੋਸਤ, ਮਿਤ੍ਰ, ਸਾਥੀ, ਸੱਜਣ, ਸੰਗੀ, ਰਫ਼ੀਕ, ਸਹਾਇਕ, ਮਦਦਗਾਰ, ਹਿਤੂ, ਸ਼ੁਭਚਿੰਤਕ, ਹਿਤਕਾਰੀ
2. ਆਸ਼ਿਕ, ਪ੍ਰੇਮੀ, ਸਨੇਹੀ, ਚਾਹਵਾਨ, ਤਾਲਿਬ, ਤਲਬਗਾਰ, ਪ੍ਰੀਤਮ

—ਯਾਰੀ ਇ.
1. ਦੋਸਤੀ, ਮਿਤ੍ਰਤਾ, ਸਾਥ, ਸੰਗ, ਰਫ਼ਾਕਤ
2. ਇਸ਼ਕ, ਪ੍ਰੇਮ, ਸਨੇਹ, ਚਾਹ, ਤਲਬ, ਪਿਆਰ, ਪ੍ਰੀਤੀ, ਉਲਫ਼ਤ, ਮੁਹੱਬਤ

ਵਿਪਰਿਆਇ : ਵੇਖੋ **ਵੈਰੀ**

ਯੋਗ ਪੁ.
1. ਜੋਗ, ਸੰਜਮ, ਅਭਿਆਸ, ਸਾਧਨਾ, ਰਿਆਜ਼ਤ, ਕਸਬ, ਉਪਾਸਨਾ, ਸਮਾਧੀ, ਲੀਨਤਾ
2. ਜ਼ੁਹਦ, ਤਪੱਸਿਆ, ਤੱਪ, ਕਮਾਈ, ਪਰਿਸ਼੍ਰਮ, ਮਿਹਨਤ, ਘਾਲ, ਘਾਲਨਾ
3. ਸਮਭਾਵ, ਸਮਤਾ, ਸੰਤੁਲਨ, ਤਵਾਜ਼ਨ, ਕਰਮ ਪ੍ਰਵੀਣਤਾ

—ਯੋਗੀ ਵਿ. ਜੋਗੀ, ਸਾਧਕ, ਅਭਿਆਸੀ, ਤਪੀ, ਤਪਸੱਵੀ, ਸਾਧੂ, ਜ਼ਾਹਿਦ, ਆਬਿਦ, ਉਪਾਸਕ, ਸਿੱਧ

ਵਿਪਰਿਆਇ : ਵੇਖੋ **ਭੋਗ**

ਰਹਮ ਪੁ.

ਦਯਾ, ਕਰੁਣਾ, ਕ੍ਰਿਪਾ, ਬਖਸ਼ਿਸ਼, ਮਿਹਰ, ਮਿਹਰਬਾਨੀ, ਕ੍ਰਿਪਾਲਤਾ, ਤਰਸ, ਬਖਸ਼ੀਸ਼, ਮਰਹਮਤ, ਅਨੁਕੰਪਾ

ਵਿਪਰਿਆਇ : ਵੇਖੋ **ਜ਼ੁਲਮ**

ਰੰਕ ਵਿ.

ਕੰਗਾਲ, ਗਰੀਬ, ਨਾਦਾਰ, ਨਿਰਧਨ, ਕੰਗਲਾ, ਅਕਿੰਚਨ, ਫ਼ਕੀਰ, ਮੁਥਾਜ, ਹਾਜਤਮੰਦ, ਯਾਚਕ, ਨਫ਼ਰ, ਗੁਲਾਮ, ਸੇਵਕ, ਦਾਸ, ਬੰਦਾ, ਜਨ, ਆਜਿਜ਼, ਨਿਤਾਣਾ, ਵਿਚਾਰਾ, ਦਰਮਾਂਦ, ਬੇਬਸ, ਮਜਬੂਰ, ਮਸਕੀਨ, ਹੇਚ, ਨਾਚੀਜ਼, ਤੁਛ, ਹੀਨ, ਦੀਨ

ਵਿਪਰਿਆਇ : ਵੇਖੋ **ਰਾਜਾ**

ਰਖਿਅਕ ਵਿ.

1. ਰਾਖਾ, ਰਕਸ਼ਕ, ਪਾਲਕ, ਪਾਲਣਹਾਰ, ਉਬਾਰਨਹਾਰ, ਤ੍ਰਾਤਾ, ਰਖਣਹਾਰ
2. ਨਿਗਰਾਨ, ਨਿਗਹਬਾਨ, ਮੁਹਾਫ਼ਜ਼, ਪਹਰੂਆ, ਚੌਕੀਦਾਰ, ਪਹਰੇਦਾਰ

—ਰਖਿਆ ਇ. ਰੱਛਾ, ਸੁਰਖਿਆ, ਰਾਖੀ, ਨਿਗਰਾਨੀ, ਨਿਗਹਬਾਨੀ, ਚੌਕੀਦਾਰੀ, ਪਹਰੇਦਾਰੀ, ਹਿਫ਼ਾਜ਼ਤ, ਸਹਾਇਤਾ, ਮਦਦ, ਪਾਲਣਾ, ਦਸਤਗੀਰੀ, ਤ੍ਰਾਣ

—ਰਾਖੀ ਇ. ਰਖਿਆ, ਚੌਕਸੀ, ਸਾਵਧਾਨੀ, ਹੁਸ਼ਿਆਰੀ, ਸਜੱਗਤਾ, ਜਾਗ, ਜਾਗਾ, ਜਾਗਰੂਕਤਾ, ਹਿਫ਼ਾਜ਼ਤ

ਵਿਪਰਿਆਇ : ਵੇਖੋ **ਭੱਛਕ**

ਰੱਜ ਪੁ.

1. ਰਜੇਵਾਂ, ਤ੍ਰਿਪਤੀ, ਸੰਤੁਸ਼ਟੀ, ਲੋੜ, ਤਸਕੀਨ, ਇਤਮੀਨਾਨ, ਨਿਸ਼ਾ

ਵਿਪਰਿਆਇ : ਵੇਖੋ **ਭੁਖ**

ਰੰਡੇਪਾ **ਪੁ.**

ਰੰਡਾਪਾ, ਵਿਧਵਾਪਨ

—ਰੰਡੀ **ਵਿ.**

1. ਵਿਧਵਾ, ਪਤੀਹੀਨ
2. ਦੁਹਾਗਣ, ਵੇਸਿਆ, ਤਵਾਇਫ਼, ਕੰਠਾਨਸ਼ੀਨ, ਬਦਕਾਰ, ਬਦਚਲਣ

—ਰੰਡਾ **ਵਿ.** ਪਤਨੀਹੀਨ, ਰੰਡੂਆ

ਵਿਪਰਿਆਇ : ਵੇਖੋ **ਸੁਹਾਗ**

ਰੱਦ **ਵਿ.**

ਨਾਮਨਜ਼ੂਰ ਨਾਕਬੂਲ, ਅਸ੍ਵੀਕ੍ਰਿਤ, ਅਪਰਵਾਨ, ਖੰਡਿਤ

ਵਿਪਰਿਆਇ : ਵੇਖੋ **ਕਬੂਲ**

ਰਵਾਨਗੀ **ਇ.**

ਕੂਚ, ਵਿਦਾਇਗੀ, ਰੁਖ਼ਸਤ, ਪ੍ਰਸਥਾਨ, ਰਿਹਲਤ

ਵਿਪਰਿਆਇ : ਵੇਖੋ **ਆਮਦ**

ਰਾਸ **ਵਿ.**

1. ਸੂਤ, ਠੀਕ, ਸਹੀ, ਦਰੁਸਤ, ਰਾਸਤ, ਅਨੁਕੂਲ, ਸਾਜ਼ਗਾਰ, ਮੁਆਫ਼ਿਕ, ਸੁਧ, ਯੋਗ, ਉਚਿਤ
2. ਫ਼ਾਇਦਾਮੰਦ, ਮੁਫ਼ੀਦ, ਲਾਹੇਵੰਦ, ਲਾਭਕਾਰੀ, ਉਪਯੋਗੀ

ਵਿਪਰਿਆਇ : ਵੇਖੋ **ਖਰਾਬ**

ਰਾਹਤ **ਇ.**

ਆਰਾਮ, ਸੁਖ, ਚੈਨ, ਸ਼ਾਂਤੀ, ਸਕੂਨ, ਸੰਤੋਖ, ਤਸੱਲੀ, ਸੰਤੁਸ਼ਟਤਾ, ਤ੍ਰਿਪਤੀ, ਨਿਸ਼ਚਿੰਤਤਾ, ਠਰੰਮਾ, ਠਹਰਾਓ, ਟਿਕਾਉ, ਤਸਕੀਨ, ਕਰਾਰ

ਵਿਪਰਿਆਇ : ਵੇਖੋ **ਅਜ਼ਾਬ**

ਰਾਜਾ **ਵਿ.**

1. ਰਾਇ, ਰਾਉ, ਭੂਪ, ਭੂਪਾਲ, ਨ੍ਰਿਪ, ਨਰੇਸ਼, ਨਰਿੰਦ੍ਰ, ਮਹੀਪਾਲ, ਮਹਿੰਦ੍ਰ, ਅਵਨੀਸ਼, ਈਸ਼, ਅਧਿਪ ਨਾਥ, ਨਾਂਹ, ਸੁਆਮੀ, ਵਾਲੀ, ਮਾਲਕ, ਹੁਕਮਰਾਨ, ਬਾਦਸ਼ਾਹ, ਪਾਤਸ਼ਾਹ, ਸ਼ਾਹ, ਸੁਲਤਾਨ
2. ਸਰਵੋਤਮ, ਸ੍ਰੇਸ਼ਟ, ਸਿਰੋਮਣੀ, ਸਿਰਮੌਰ, ਸਿਰਕੱਢ, ਸਰਵੁਚ,

ਪ੍ਰਮੁਖ, ਸਿਰਤਾਜ, ਸਰਕਰਦਾ, ਬਰਗਜ਼ੀਦਾ
3. ਮਾਲਦਾਰ, ਅਮੀਰ, ਧਨਵਾਨ, ਧਨਾਢ, ਗ਼ਨੀ, ਧਨੀ

ਵਿਪਰਿਆਇ : ਵੇਖੋ ਰੰਕ

ਰਾਜ਼ੀ **ਵਿ.**
1. ਖ਼ੁਸ਼, ਪ੍ਰਸੰਨ, ਰਜ਼ਾਮੰਦ, ਸਹਮਤ,ਤਿਆਰ
2. ਅਰੋਗ, ਤੰਦਰੁਸਤ, ਸਿਹਤਮੰਦ, ਸੁਸਥ, ਨੀਰੋਗ, ਵਲ, ਤਕੜਾ, ਰਾਜ਼ੀਬਾਜ਼ੀ, ਸੁਖੀ, ਚੰਗਾ, ਭਲਾ

ਵਿਪਰਿਆਇ : ਵੇਖੋ ਨਾਰਾਜ਼

ਰੁੱਖਾ **ਵਿ.**
1. ਸੁੱਕਾ, ਖ਼ੁਸ਼ਕ, ਅਣਚੋਪੜਿਆ
2. ਨਿਰਸ, ਬੇਸੁਆਦ
3. ਕੌਰਾ, ਤਲਖ਼, ਕੌੜਾ, ਕੱਟੂ, ਕਠੋਰ, ਸਾਫ਼, ਬੇਲਿਹਾਜ, ਸਰਦਮਿਹਰ, ਨਿਰਮੋਹੀ

ਵਿਪਰਿਆਇ : ਵੇਖੋ ਥਿੰਦਾ

ਰੁੱਝਾ **ਵਿ.**
ਰੁੱਧਾ, ਰੁੰਨ੍ਹਿਆ, ਰੁੰਨ੍ਹਾ, ਗਲਤਾਨ, ਮਸਰੂਫ਼, ਮਸਗੂਲ, ਰੁੱਝਿਆ ਲੀਨ, ਮਹਵ, ਖਚਿਤ, ਗਰਕ, ਗੁੱਸਤ

ਵਿਪਰਿਆਇ : ਵੇਖੋ ਵਿਹਲਾ

ਰੋਕ **ਇ.**
1. ਰੁਕਾਵਟ, ਵਿਘਨ, ਔਕੜ, ਅੜਿੱਕਾ, ਅੜੰਗਾ, ਅੜਾਉਣੀ ਢੁੱਚਰ, ਰੁਕਾਉ, ਰੁਕਾਈ
2. ਦੱਖਲ, ਆਖੇਪ
3. ਬੰਧਨ, ਬੰਧੇਜ, ਬਨ੍ਹਣ, ਠਹਿਰਾਉ

ਵਿਪਰਿਆਇ : ਵੇਖੋ ਮਦਦ

ਲਘੁਤਾ ਇ.

1. ਅਲਪਤਾ, ਛੁਟਪਣ, ਛੁਟਿਆਈ, ਛੋਟਾਪਣ, ਬਾਓਣਾਪਣ
2. ਤੁਛਤਾ, ਪਸਤੀ, ਨੀਚਤਾ
5. ਹੋਲਾਪਣ, ਸਿਫ਼ਲਗੀ, ਕਮੀਨਗੀ, ਨਿਕ੍ਰਿਸ਼ਟਤਾ, ਅਧਮਤਾ, ਦੁਸ਼ਟਤਾ, ਕਮਜ਼ਰਫ਼ੀ, ਖ਼ੁੜ-ਵਿਤੀ

ਵਿਪਰਿਆਇ : ਵੇਖੋ **ਗੌਰਵ**

ਲਾਇਕ ਵਿ.

ਯੋਗ, ਕਾਬਿਲ, ਸਮਰਥ, ਸਜ਼ਾਵਾਰ, ਉਤਮ, ਸ੍ਰੇਸ਼ਟ, ਸਿਆਣਾ, ਸੂਝਵਾਨ, ਬੁੱਧੀਮਾਨ, ਆਲਿਮ, ਫ਼ਾਜ਼ਿਲ

ਵਿਪਰਿਆਇ : ਵੇਖੋ **ਨਾਲਾਇਕ**

ਲਾਭ ਪੁ.

ਫਾਇਦਾ, ਨਫ਼ਾ, ਮੁਨਾਫ਼ਾ, ਖੱਟੀ, ਪ੍ਰਾਪਤੀ, ਉਪਲਬਧੀ, ਯਾਫ਼ਤ, ਪ੍ਰਾਪਣ, ਹਾਸਿਲ, ਹਸੂਲ

ਵਿਪਰਿਆਇ : ਵੇਖੋ **ਹਾਨੀ**

ਲੁੱਚਾ ਵਿ.

ਬਦਮਾਸ਼, ਲਫੰਗਾ, ਬਦਕਾਰ, ਬਦਚਲਣ, ਆਸ਼ਿਸ਼ਟ, ਕੁਕਰਮੀ, ਪਾਪੀ, ਕੁਚਾਲਾ, ਕੁਲਛਣਾ, ਕੁਲਹਣਾ, ਸ਼ਰੀਰ, ਸ਼ਰਾਰਤੀ, ਇਲਤੀ, ਐਬੀ, ਵੈਲੀ, ਘਰਕੀ, ਭੈੜਾ, ਗੁੰਡਾ, ਮੰਦਾ, ਦੁਸ਼ਟ, ਬੇਸ਼ਰਮ, ਬੇਹਯਾ, ਨਿਰਲਜ

ਵਿਪਰਿਆਇ : ਵੇਖੋ **ਸਾਊ**

ਲੋਕ ਪੁ.

1. ਜਹਾਨ, ਦੁਨੀਆ, ਸੰਸਾਰ, ਜਗ, ਜਗਤ, ਭਵ, ਆਲਮ, ਆਫ਼ਾਕ ਕਾਇਨਾਤ, ਸ੍ਰਿਸ਼ਟੀ

2. ਲੋਕ, ਲੋਕਾਈ, ਮਖ਼ਲੂਕ ਖ਼ਲਕ, ਜਨਸਮੂਹ, ਜਨਸਮਾਜ, ਖ਼ਲਕਤ, ਜਨਤਾ, ਪ੍ਰਜਾ, ਅਵਾਮ
3. ਗ੍ਰੋਹ, ਹਜੂਮ, ਇਕੱਠ, ਸਮਾਜ, ਸ਼੍ਰੇਣੀ, ਤਬਕਾ, ਟੋਲਾ, ਜਥਾ, ਦਲ, ਢਾਣੀ, ਵਰਗ, ਵਰਣ
4. ਖੇਤਰ, ਪ੍ਰਦੇਸ਼, ਇਲਾਕਾ, ਕੁਰ੍ਹਾ, ਧਰਤ, ਧਰਤੀ, ਪ੍ਰਿਥਵੀ, ਦੀਪ, ਭੂਖੰਡ, ਖੰਡ, ਧਾਮ, ਪੁਰੀ, ਨਗਰੀ

ਵਿਪਰਿਆਇ : ਵੇਖੋ **ਪਰਲੋਕ**

ਲੋਭ **ਪੁ.**

1. ਲਾਲਚ, ਹਿਰਸ, ਲੋਬ, ਤਮ੍ਹਾ, ਲਾਲਸਾ
3. ਖਾਹਿਸ਼, ਕਾਮਨਾ, ਤਲਬ, ਇੱਛਾ, ਆਕਾਂਖਿਆ, ਵਾਂਛਾ
3. ਲਗਨ, ਠਰਕ, ਜ਼ੌਕ, ਸ਼ੌਕ, ਦਿਲਚਸਪੀ, ਖਿੱਚ, ਕਸ਼ਿਸ਼

ਵਿਪਰਿਆਇ : ਵੇਖੋ **ਸੰਤੋਖ**

ਲੌਕਿਕ **ਵਿ.**

1. ਦੁਨਿਆਵੀ, ਸੰਸਾਰਿਕ, ਭੌਤਿਕ, ਪਦਾਰਥਿਕ, ਜਾਗਤਿਕ, ਪਾਰਥਿਵ
2. ਸਥੂਲ, ਠੋਸ, ਮਾਦੀ, ਸਰੀਰਕ, ਦੈਹਿਕ, ਮਾਨਸਲ
3. ਸਾਧਾਰਣ, ਸਾਮਾਨਯ, ਮਾਮੂਲੀ, ਪ੍ਰਤੱਖ, ਵਿਅਕਤ, ਜ਼ਾਹਰ, ਪ੍ਰਗਟ, ਦ੍ਰਿਸ਼ਮਾਨ, ਪਰਿਚਿਤ
4. ਨਾਸ਼ਵਾਨ, ਖਿਨਭੰਗਰ, ਫ਼ਾਨੀ, ਨਸ਼ਵਰ, ਆਰਜ਼ੀ, ਹੰਗਾਮੀ

ਵਿਪਰਿਆਇ : ਵੇਖੋ **ਅਲੌਕਿਕ**

ਵਸਫ਼ ਪੁ.

ਗੁਣ, ਖੂਬੀ, ਵਿਸ਼ੇਸ਼ਤਾ, ਖਾਸੀਅਤ, ਖਾਸਾ ਤਬੀਅਤ, ਸੁਭਾਉ, ਮਿਜ਼ਾਜ, ਪ੍ਰਕ੍ਰਿਤੀ, ਕਿਰਦਾਰ, ਖਸੂਸੀਅਤ, ਲਖਣ, ਧਰਮ, ਸੇਵਾ, ਲਛਣ, ਆਚਾਰ, ਆਚਰਨ, ਵਰਤਾਰਾ, ਸਲੂਕ, ਰਵੱਈਆ, ਵ੍ਰਿਤੀ, ਬਿਰਤੀ, ਰੁਚੀ, ਰਵਿਸ਼

ਵਿਪਰਿਆਇ : ਵੇਖੋ ਨੁਕਸ

ਵਸਲ ਪੁ.

ਸੰਜੋਗ, ਮੇਲ, ,ਜੋੜ, ਮਿਲਾਪ, ਮਿਲਣ, ਸੰਮਿਲਣ, ਇਤਹਾਦ, ਇਤਸਾਲ, ਸੰਗਮ, ਸੰਭੋਗ, ਸੁਮੇਲ, ਸੰਸਰਗ, ਸੰਪਰਕ, ਅਭੇਦਤਾ, ਅਭਿੰਨਤਾ, ਤਦਰੂਪਤਾ, ਲੀਨਤਾ, ਮਹਵੀਅਤ

ਵਿਪਰਿਆਇ : ਵੇਖੋ ਵਿਛੋੜਾ

ਵਸੋਂ ਇ.

ਆਬਾਦੀ, ਵਸੇਵਾਂ, ਵਸੇਬਾ, ਵਾਸਾ, ਵਸਤੀ, ਬਸਤੀ, ਰਿਹਾਇਸ਼, ਨਿਵਾਸ, ਕਯਾਮ, ਡੇਰਾ

ਵਿਪਰਿਆਇ : ਵੇਖੋ ਉਜਾੜ

ਵਹਮ ਪੁ.

ਭੁਲੇਖਾ, ਟਪਲਾ, ਗ਼ਲਤ-ਫ਼ਹਮੀ, ਭਰਮ, ਖਾਮ-ਖਿਆਲੀ, ਭ੍ਰਾਂਤੀ, ਕਲਪਨਾ, ਖਿਆਲ, ਭਾਵ, ਮਤਲਬ, ਦੁਬਧਾ, ਅੰਦੇਸ਼ਾ, ਦੁਚਿਤੀ, ਦ੍ਵੰਦ, ਫ਼ਿਕਰ, ਚਿੰਤਾ, ਸੋਚ, ਆਭਾਸ

ਵਿਪਰਿਆਇ : ਵੇਖੋ ਯਕੀਨ

ਵੱਡਾ ਵਿ.

ਮਹਾਨ, ਬਜ਼ੁਰਗ, ਬ੍ਰਿਧ, ਅਜ਼ੀਮ, ਉੱਚਾ, ਗੁਰੂ, ਵਡੇਰਾ, ਕਬੀਰ

ਬ੍ਰਿਹਤ, ਜੇਠਾ, ਪਲੇਠਾ, ਬ੍ਰਿਹਦ, ਪ੍ਰਥਮ, ਮੁਖ, ਮੁਖੀ, ਮੁਖੀਆ, ਆਗੂ, ਨੇਤਾ, ਸਰਦਾਰ, ਪ੍ਰਮੁਖ, ਸ਼੍ਰੋਮਣੀ, ਸਿਰਕੱਢ, ਸਰਕਰਦਾ, ਬਰਗੁਜ਼ੀਦਾ, ਸਿਰਮੌਰ, ਨਾਇਕ, ਜ਼ਖੀਮ, ਜਸੀਮ, ਮੋਟਾ, ਭਾਰਾ, ਭੀਮ, ਵੱਡ-ਆਕਾਰਾ, ਮੋਕਲਾ, ਖੁਲ੍ਹਾ, ਵਿਸ਼ਾਲ, ਵਿਸਤ੍ਰਿਤ, ਉਦਾਰ, ਮੁਫ਼ਸਲ, ਅਸੀਮ, ਸਵਿਸਤਾਰ

ਵਿਪਰਿਆਇ : ਵੇਖੋ ਛੋਟਾ

ਵੱਧ ਵਿ.

ਵਧੀਕ, ਜ਼ਿਆਦਾ, ਬਹੁਤ, ਚੋਖਾ, ਘਣਾ, ਵਾਫ਼ਿਰ, ਅਧਿਕ, ਬਾਹਲਾ, ਬਹੁਤਾ, ਫ਼ਾਲਤੂ, ਵਾਧੂ

—ਵਾਧਾ ਪੁ.

ਇਜ਼ਾਫ਼ਾ, ਅਧਿਕਤਾ, ਬਹੁਲਤਾ, ਵੱਧਾ, ਵ੍ਰਿਧੀ, ਵਿਕਾਸ, ਉਨਤੀ, ਉਥਾਨ, ਉਦੈ, ਤ੍ਰੱਕੀ, ਵਿਸਤਾਰ, ਫੈਲਾਉ, ਖਿਲਾਰ, ਖਸੂਸੀਅਤ, ਵਿਸ਼ੇਸ਼ਤਾ, ਖਾਸਾ, ਵਿਸ਼ਿਸ਼ਟਤਾ, ਇਮਤਿਆਜ਼, ਅਡਰਾਪਣ, ਨਿਆਰਾਪਣ, ਵਿਲਖਣਤਾ, ਵਿਚਿਤ੍ਰਤਾ, ਚਮਤਕਾਰ, ਕ੍ਰਿਸ਼ਮਾ, ਚੋਜ, ਮੁਅਜਜ਼ਾ, ਤਰਜੀਹ, ਪ੍ਰਵਰਭਾਵ, ਸ੍ਰੇਸ਼ਟਤਾ, ਪ੍ਰਵਰਤਾ, ਉਤਮਤਾ, ਉੱਚਤਾ, ਸਰਵੋਤਮਤਾ

ਵਿਪਰਿਆਇ : ਵੇਖੋ ਘੱਟ

ਵੱਧੀਆ ਵਿ.

ਚੰਗਾ, ਉਤਮ, ਉੱਚਾ, ਚੰਗੇਰਾ, ਕੀਮਤੀ, ਉਮਦਾ, ਸ੍ਰੇਸ਼ਟ, ਆਹਲਾ, ਉਤਕ੍ਰਿਸ਼ਟ, ਸੋਹਣਾ, ਸੁੰਦਰ, ਅੱਛਾ, ਸ੍ਵੱਛ, ਪ੍ਰਸੰਸਕੀ, ਸੁਹਣੀ

ਵਿਪਰਿਆਇ : ਵੇਖੋ ਘੱਟੀਆ

ਵਫ਼ਾਦਾਰ ਵਿ.

ਇਤਬਾਰੀ, ਮੁਅਤਬਰ, ਵਿਸ਼ਵਾਸ਼ਯੋਗ, ਭਰੋਸੇਯੋਗ, ਮੁਅਤਮਦ, ਈਮਾਨਦਾਰ, ਸਿਦਕੀ, ਦ੍ਰਿੜ, ਅਡੋਲ,, ਮੁਹਕਮ, ਸਾਬਤ-ਕਦਮ, ਮੁਸਤਕਿਲ ਮਿਜ਼ਾਜ, ਪੱਕਾ, ਸਿਰੜੀ, ਨਿਸ਼ਠਾਵਾਨ

ਵਿਪਰਿਆਇ : ਵੇਖੋ ਗੱਦਾਰ

ਵਰਖਾ ਇ.

ਮੀਂਹ, ਬਾਰਿਸ਼, ਵਰਸ਼ਾ, ਬਰਖਾ, ਬਰਸਾਤ, ਵਿਸਟੀ, ਬਾਰਾਂ,

ਵਰ੍ਹਾਉ, ਝੜੀ

ਵਿਪਰਿਆਇ : ਵੇਖੋ ਔੜ

ਵਿਅਕਤੀ ਪੁ.

ਜਨ, ਜਨਾ, ਬੰਦਾ, ਹਸਤੀ, ਵਿਅਸਟੀ, ਫ਼ਰਦ, ਸਦੱਸ, ਸ਼ਖ਼ਸ, ਇਨਸਾਨ, ਪ੍ਰਾਣੀ, ਜੀਵ, ਜੀਅ

—**ਵਿਅਕਤਿਤ੍ਵ ਪੁ.** ਸਖ਼ਸੀਅਤ, ਜ਼ਾਤ, ਹਸਤੀ, ਅਸਤਿਤ੍ਵ, ਇਨਸਾਨੀਅਤ, ਚਰਿਤ੍ਰ, ਚਰਿਤ, ਹੋਂਦ, ਖ਼ੁਦੀ, ਹੈਸੀਅਤ, ਅਹੰਭਾਵ, ਅਹੰਗਤਾ, ਅਪਣਤ, ਨਿਜਤਾ, ਨਿਜਤ੍ਵ, ਆਤਮੀਅਤਾ, ਮਮਤਾ

ਵਿਪਰਿਆਇ : ਵੇਖੋ ਸਮੁਦਾਯ

ਵਿਸਤਾਰ ਪੁ.

ਫੈਲਾਓ, ਪ੍ਰਸਾਰ, ਪ੍ਰਸਾਰਣ, ਤਫ਼ਸੀਲ, ਵੁਸਅਤ, ਵਿਆਪਕਤਾ, ਵਿਆਪਣ, ਵਿਕਾਸ, ਉੱਨਤੀ, ਉਰੂਜ, ਪਰਚਾਰ, ਵਿਸਤ੍ਰਿਤੀ, ਇਸ਼ਾਇਤ, ਇਨਤਸ਼ਾਰ, ਪ੍ਰਗਾਸ, ਪ੍ਰਗਟਾਉ, ਪ੍ਰਕਾਸ਼, ਪ੍ਰਕਾਸ਼ਣ, ਖਿਲਾਰ, ਫੈਲਾਵਟ, ਪ੍ਰਫੁਲਣ, ਪਲਵਣ, ਪਲਰਣ

ਵਿਪਰਿਆਇ : ਵੇਖੋ ਸੰਖੇਪ

ਵਿਹਲਾ ਵਿ.

1. ਵਿਹਲੜ, ਆਵਾਰਾ, ਨਾਕਾਰਾ, ਨਿਕੰਮਾ
2. ਸਖਣਾ, ਖਾਲ਼ੀ, ਰਿਕਤ, ਰੀਤਾ
3. ਫ਼ਾਰਗ, ਵਿਵ੍ਰਿਤ, ਮੁਕਤ, ਵਿਮੁਕਤ

— **ਵਿਹਲ ਇ.** ਫ਼ੁਰਸਤ, ਅਵਕਾਸ਼, ਅਵਸਰ, ਆਰਾਮ

ਵਿਪਰਿਆਇ : ਵੇਖੋ ਰੁੱਝਾ

ਵਿਗਾੜ ਪੁ:

1. ਵਿਕਾਰ, ਖ਼ਰਾਬੀ, ਫ਼ਸਾਦ, ਵਿਕ੍ਰਿਤੀ
2. ਨੁਕਸਾਨ, ਹਾਨੀ, ਸੱਟ, ਕਸਰ, ਠੋਕਰ, ਜ਼ਰਬ, ਚੋਟ, ਜ਼ਖ਼ਮ, ਘਾਉ
3. ਵਿਘਨ, ਰੋਕ, ਰੁਕਾਵਟ
4. ਅਣਬਣ, ਨਾਚਾਕੀ, ਨਿਫ਼ਾਕ, ਗ਼ਲਤ ਫ਼ਹਮੀ, ਪਾੜ, ਵਿਰਲ,

ਵਿਥ, ਦੁਵੈਤ, ਫਰਕ, ਝਗੜਾ, ਕਲੇਸ਼, ਤਨਾਜ਼ਾ

ਵਿਪਰਿਆਇ : ਵੇਖੋ ਸੁਧਾਰ

ਵਿਛੋੜਾ ਪੁ:

ਵਿਜੋਗ, ਬ੍ਰਿਹਾ, ਬ੍ਰਿਹੋਂ, ਹਿਜਰ, ਫ਼ਿਰਾਕ, ਜੁਦਾਈ, ਫ਼ੁਰਕਤ, ਦੂਰੀ, ਫ਼ਸਲ, ਵਿਯੋਗ, ਵਿਛੇਦ, ਵਿਛੜਨ, ਵਿਗ੍ਰਹ, ਨਿਖੇੜ, ਅਲਹਦਗੀ, ਵਿਪ੍ਰਲੰਭ

ਵਿਪਰਿਆਇ : ਵੇਖੋ ਵਸਲ

ਵਿਜੋਗ ਪੁ. ਵੇਖੋ ਵਿਛੋੜਾ

ਵਿਪਰਿਆਇ : ਵੇਖੋ ਸੰਜੋਗ

ਵਿਰਕਤ ਵਿ.

ਤਿਆਗੀ, ਵੈਰਾਗੀ, ਸੰਨਿਆਸੀ, ਉਦਾਸ, ਉਦਾਸੀਨ, ਉਚਾਟ, ਉਪਰਾਮ, ਉਪਰਾਮ-ਚਿਤ, ਨਿਰਲੇਪ, ਨਿਰਲਿਪਤ, ਅਨਾਸਕਤ, ਅਟੰਕ, ਅਭਿਜ, ਅਛੋਹ, ਵੀਤਰਾਗ, ਅਤੀਤ, ਨਿਰਪੇਖ, ਬੇਨਿਆਜ਼, ਤਾਰਿਕ, ਫ਼ਕੀਰ, ਮੁਸਤਗਨੀ, ਤਪੀ, ਤਪੱਸਵੀ, ਸਾਧਕ, ਜ਼ਾਹਿਦ, ਕਿਨਾਰਾਕਸ਼

ਵਿਪਰਿਆਇ : ਵੇਖੋ ਖਚਿਤ

ਵਿਰਲ ਵਿ.

ਛਿਦ੍ਰਾ, ਟਾਂਵਾਂ, ਵਿਸ਼ਿਸ਼ਟ, ਏਕਾਕੀ, ਕੋਈ ਕੋਈ, ਨਾਦਿਰ, ਵਿਚਿਤ੍ਰ, ਵਿਲਖਣ, ਅਸਾਧਾਰਣ, ਗ਼ੈਰ-ਮਾਮੂਲੀ, ਖੁਲ੍ਹਾ, ਮੋਕਲਾ, ਖਿੰਡਵਾਂ, ਬਿਖਰਵਾਂ, ਵਿਸ਼ੇਸ਼, ਖ਼ਾਸ, ਕਮ-ਆਬਾਦ

ਵਿਪਰਿਆਇ : ਵੇਖੋ ਸੰਘਣਾ

ਵੀਰਤਾ ਇ:

ਬਹਾਦਰੀ, ਦਲੇਰੀ, ਦਿਲਾਵਰੀ, ਹਿੰਮਤ, ਸਾਹਸ, ਹੌਸਲਾ, ਜੁਰਅੱਤ, ਜਸਾਰਤ, ਬਲ, ਸ਼ਕਤੀ, ਜ਼ੋਰ, ਤਾਕਤ, ਤਹੱਵਰ, ਪਰਾਕ੍ਰਮ, ਸੂਰਮਗਤੀ, ਸੂਰਮਤਾਈ, ਜਵਾਂ ਮਰਦੀ, ਮਰਦਾਨਗੀ, ਨਿਰਭੈਤਾ, ਨਿਡਰਤਾ, ਬੇਬਾਕੀ, ਬੇਖ਼ੌਫ਼ੀ, ਨਿਰਭੀਕਤਾ

ਵਿਪਰਿਆਇ : ਵੇਖੋ ਕਾਇਰਤਾ

ਵੈਰੀ **ਵਿ.**
ਵਿਰੋਧੀ, ਦੁਸ਼ਮਨ, ਸ਼ਤ੍ਰੂ, ਰਕੀਬ, ਅਰਿ, ਰਿਪੂ, ਅਦੂ, ਵਿਪੱਖੀ ਦੋਖੀ

—ਵੈਰ **ਪੁ.** ਦੁਸ਼ਮਨੀ, ਵਿਰੋਧ, ਸ਼ਤ੍ਰੁਤਾ, ਅਦਾਵਤ, ਦੋਖ, ਅਣਬਣ, ਰਕਾਬਤ, ਈਰਖਾ, ਹਸਦ, ਸ਼ਰੀਕਾ, ਸਾੜਾ, ਸਾੜ, ਚਿੜ

ਵਿਪਰਿਆਇ : ਵੇਖੋ ਯਾਰ

ਵੈਲੀ **ਵਿ.**
ਅਮਲੀ, ਐਬੀ, ਵਿਕਾਰੀ, ਵੈਲਦਾਰ, ਵਿਲਾਸੀ, ਨਸ਼ੇਬਾਜ਼, ਘਰਕੀ, ਇਲਤੀ,ਅਵਾਰਾ, ਸ਼ਰਾਰਤੀ

ਵਿਪਰਿਆਇ : ਵੇਖੋ ਸੋਫ਼ੀ